38ਵਾਂ ਵਰ੍ਹਾ

ਗਿਆਨ-ਵਿਗਿਆਨ ਅਤੇ ਚਿੰਤਨ ਦੀ ਆਵਾਜ਼

# ਤਰਕਸ਼ੀਲ

# TARKSHEEL

ਨਵੰਬਰ-ਦਸੰਬਰ 2024




ਭਾਰਤੀ ਇਤਿਹਾਸ ਦਾ ਸੂਹਾ ਪੰਨਾ: ਗ਼ਦਰ ਲਹਿਰ

30/-

ਜਿਹੜੀ ਗੱਲ ਸਮਝ ਨਹੀਂ ਪੈਂਦੀ, ਉਸਦੀ ਪੂਜਾ ਕੀਤੀ ਜਾਂਦੀ ਹੈ ਜਾਂ ਉਸਤੋਂ ਡਰਿਆ ਜਾਂਦਾ ਹੈ। .. ਐਲਿਸ ਵਾਕਰ

## ਗ਼ਦਰ ਦਾ ਹੋਕਾ

ਸਾਨੂੰ ਲੋੜ ਨਾ ਪੰਡਤਾਂ, ਕਾਜ਼ੀਆਂ ਦੀ,
ਨਹੀਂ ਸ਼ੌਕ ਹੈ, ਬੇੜਾ ਡੁਬਾਵਣੇ ਦਾ।
ਮੰਦਰ, ਮਸਜਿਦਾਂ ਕਿਸੇ ਨਾ ਕੰਮ ਸਾਡੇ,
ਛੱਡੋ ਖਿਆਲ, ਗੁਰਦੁਆਰੇ ਬਣਾਵਣੇ ਦਾ।
ਕਿਸੇ ਕੰਮ ਨਾ ਪੋਥੀਆਂ, ਪਿਛਲੀਆਂ ਜੋ,
ਐਵੇਂ ਢੰਗ ਸੀ ਵਕਤ ਲੰਘਾਵਣੇ ਦਾ।
ਜਪ ਜਾਪ ਦਾ ਵਕਤ ਬਤੀਤ ਹੋਇਆ,
ਵੇਲਾ ਆ ਗਿਆ, ਤੇਗ਼ ਉਠਾਵਣੇ ਦਾ।
ਗੱਲਾਂ ਫੋਕੀਆਂ ਨਾਲ ਨਾ ਕੰਮ ਹੁੰਦੇ,
ਸਮਾਂ ਆ ਗਿਆ, ਯੁੱਧ ਮਚਾਵਣੇ ਦਾ।
ਨਾਮ ਉਹਨਾਂ ਦਾ ਵਿੱਚ ਜਹਾਨ ਰੌਸ਼ਨ,
ਜਿਨ੍ਹਾਂ ਸ਼ੌਕ ਸ਼ਹੀਦੀਆਂ ਪਾਵਣੇ ਦਾ।
ਪੜ੍ਹਕੇ ਗ਼ਦਰ ਅਖਬਾਰ ਨੂੰ ਖ਼ਬਰ ਮਿਲੀ,
ਵੇਲਾ ਆ ਗਿਆ, ਗ਼ਦਰ ਮਚਾਵਣੇ ਦਾ।

****

ਤੁਸੀਂ ਦੀਨ, ਈਮਾਨ ਦੇ ਪਏ ਪਿੱਛੇ,
ਫ਼ਿਕਰ ਤੁਸਾਂ ਨੂੰ ਗਿਆਨ, ਧਿਆਨ ਵਾਲੇ।
ਆਪਸ ਵਿੱਚ ਲੜਨਾ ਮੰਦਾ ਕੰਮ ਫੜ੍ਹਿਆ,
ਝਗੜੇ, ਝਗੜ ਹਿੰਦੂ ਮੁਸਲਮਾਨ ਵਾਲੇ।
ਹੀਰਾ ਹਿੰਦ ਹੀਰਾ ਖਾਕ ਰੋਲ ਦਿੱਤਾ,
ਰੌਲੇ ਘੱਤ ਕੇ ਵੇਦ, ਕੁਰਾਨ ਵਾਲੇ।
ਗਾਈਂ ਸੂਰ ਝਟਕਾ ਜੇਕਰ ਦੁੱਖ ਦਿੰਦਾ,
ਗੋਰੇ ਹੈਨ ਤਿੰਨੇ ਚੀਜ਼ਾਂ ਖਾਣ ਵਾਲੇ।

*****

"ਬਾਗ਼ ਹਿੰਦ ਦਾ ਟਹਿਕਦਾ ਲੱਗੇ ਸੋਹਣਾ
ਆਵੇ ਮਹਿਕ ਤੇ ਖਿੜੀ ਗੁਲਜ਼ਾਰ ਹੋਵੇ
ਫਿਰਨ ਮਾਣਦੇ ਬਾਗ਼ ਵਿੱਚ ਰੰਗ ਰਲ਼ੀਆਂ
ਸਿਰੋਂ ਲੱਥਾ ਗ਼ੁਲਾਮੀ ਦਾ ਭਾਰ ਹੋਵੇ
ਊਚ-ਨੀਚ ਦਾ ਸਵਾਲ ਨਾ ਛਿੜੇ ਕਿਧਰੇ
ਮਿਲਦਾ ਸਭ ਦੇ ਤਾਈਂ ਰੁਜ਼ਗਾਰ ਹੋਵੇ
ਹੱਕ ਹੋਵੇ ਇੱਕੋ ਜਿਹਾ ਸਾਰਿਆਂ ਦਾ
ਠਾਠਾਂ ਮਾਰਦਾ ਪ੍ਰੇਮ ਪਿਆਰ ਹੋਵੇ
ਸੁਤੰਤਰ ਲਾਜ਼ਮੀਂ ਵਿੱਦਿਆ ਹੋਵੇ ਸਾਰੇ
ਪੂਰਨ ਹੁਨਰ ਦੇ ਵਿੱਚ ਨਰ ਨਾਰ ਹੋਵੇ
ਬਾਹਰ ਨਿਕਲੇ ਨਾ ਪੈਸਾ ਹਿੰਦ ਵਿੱਚੋਂ
ਸਮਝੋ ਦੁੱਗਣੀ ਹੀ ਪੈਦਾਵਾਰ ਹੋਵੇ।"

– ਗ਼ਦਰ ਦੀ ਗ਼ੂੰਜ ਚੋਂ


**ਮੁੱਖ ਸੰਪਾਦਕ**
ਬਲਬੀਰ ਲੌਂਗੋਵਾਲ
98153 17028

**ਸੰਪਾਦਕੀ ਬੋਰਡ**
ਹੇਮ ਰਾਜ ਸਟੈਨੋ — ਪਾਲ ਬਾਗਪੁਰ
ਰਾਜਪਾਲ ਸਿੰਘ — ਜਸਵੰਤ ਮੋਹਾਲੀ
ਸੁਖਦੇਵ ਧੂਰੀ — ਭੁਪਿੰਦਰ ਫੌਜੀ
ਸੁਖਦੇਵ ਫਗਵਾੜਾ — ਵਿਸ਼ਵ ਕਾਂਤ
ਡਾ. ਅਵਤਾਰ ਦੀਪ
ਰਾਮ ਸਵਰਨ ਲੱਖੇਵਾਲੀ

**ਮੁੱਖ ਸੰਪਾਦਕ**
balbirlongowal1966@gmail.com

**ਮੁੱਖ ਪ੍ਰਬੰਧਕ**
ਰਾਜ ਪਾਲ ਸਿੰਘ

**ਵਿਦੇਸ਼ੀ ਪ੍ਰਤੀਨਿਧ**
ਅਵਤਾਰ ਬਾਈ ਕੈਨੇਡਾ
ਪ੍ਰਧਾਨ TRSC (+1-672-558-5757)
ਅੱਛਰ ਸਿੰਘ ਖਰਲਵੀਰ, ਕਵੈਂਟਰੀ (ਇੰਗਲੈਂਡ)
(+44-748-635-1185)
ਮਾ. ਭਜਨ ਸਿੰਘ ਕੈਨੇਡਾ, ਬਲਦੇਵ ਰਹਿਪਾ ਟਰਾਂਟੋ



**ਚੰਦੇ ਅਤੇ ਰਚਨਾਵਾਂ ਭੇਜਣ ਲਈ ਪਤਾ :**
ਮੁੱਖ ਦਫਤਰ,
ਤਰਕਸ਼ੀਲ ਭਵਨ, ਸੰਘੇੜਾ ਬਾਈਪਾਸ
ਤਰਕਸ਼ੀਲ ਚੌਕ, ਬਰਨਾਲਾ-148101 (ਪੰਜਾਬ)
ਮੋਬਾ. 98769 53561

ਚੰਦੇ ਤੇ ਸਹਾਇਤਾ ਦੇ ਚੈੱਕ/ਡਰਾਫਟ ਉੱਪਰ 'ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.)' ਲਿਖਿਆ ਜਾਵੇ। ਆਨ ਲਾਈਨ ਪੰਜਾਬ ਨੈਸ਼ਨਲ ਬੈਂਕ ਦਾ ਖਾਤਾ ਨੰ. 0044000100282234 IFSC : PUNB0004400

ਸਲਾਨਾ ਚੰਦਾ ਦੇਸ਼ : 150 ਰੁ.
ਜੀਵਨਭਰ ਮੈਂਬਰਸ਼ਿਪ : 1500 ਰੁ.
ਵਿਦੇਸ਼ ਸਲਾਨਾ : 40 ਯੂ.ਐਸ. ਡਾਲਰ
ਵਿਦੇਸ਼ ਜੀਵਨਭਰ ਮੈਂਬਰਸ਼ਿਪ: 20,000 ਰੁ.
ਰਸੀਦ ਵਾਊਚਰ ਅਤੇ ਪਤਾ ਹੇਠ ਲਿਖੇ ਨੰਬਰ 'ਤੇ ਭੇਜਿਆ ਜਾਵੇ
98156 70725

ਰਜਿੰਦਰ ਭਦੌੜ ਪ੍ਰਿੰਟਰ, ਪ੍ਰਕਾਸ਼ਕ ਅਤੇ ਮਾਲਕ ਤਰਫੋਂ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਨੇ ਅੱਪੂ ਆਰਟ ਪ੍ਰੈੱਸ ਸ਼ਾਹਕੋਟ (ਜਲੰਧਰ) ਤੋਂ ਛਪਵਾ ਕੇ ਮੁੱਖ ਦਫ਼ਤਰ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਬਰਨਾਲਾ ਪੰਜਾਬ ਤੋਂ ਜਾਰੀ ਕੀਤਾ।

## ਤਰਤੀਬ


1. ਸੰਪਾਦਕੀ 1
2. ਤਰਕਸ਼ੀਲਤਾ-ਇੱਕ ਜੀਵਨ ਜਾਚ 2
3. ਨੌਜਵਾਨਾਂ ਨਾਲ ਕੁੱਝ ਗੱਲਾਂ 4
4. ਪੱਕੀ ਥਾਂ (ਹੱਡ ਬੀਤੀ) 7
5. ਮਦਰਾਸ ਹਾਈ ਕੋਰਟ ਦਾ ਜੱਗੀ 'ਮਹਾਰਾਜ' ਦੀ ਫਾਊਂਡੇਸ਼ਨ ਬਾਰੇ ਫੈਸਲਾ 8
6. ਅਖੌਤੀ ਬਾਬਿਆਂ ਦੇ ਕਾਲੇ ਕਾਰਨਾਮੇ 9
7. ਕਹਾਣੀ ਪਹੀਏ ਦੀ 10
8. (ਗ਼ਦਰੀ ਬਾਬੇ ਕੌਣ ਸਨ) (ਪੜ੍ਹਨਯੋਗ ਪੁਸਤਕਾਂ) 11
9. ਬੱਚਿਆਂ ਦੇ ਮਾਨਸਿਕ ਵਿਕਾਸ ਨੂੰ ਖੋਰਾ ਲਾ ਰਹੇ ਹਨ-ਸਮਾਰਟ ਫ਼ੋਨ 13
10. ਦੂਜੀ ਜਮਾਤ ਦੇ ਮਾਸੂਮ ਵਿਦਿਆਰਥੀ ਦੀ ਬਲੀ 17
11. ਕੇਸ ਰਿਪੋਰਟ (ਔਤ ਨਾਲ ਆਢਾ) 21
12. ਗ਼ਦਰ ਪਾਰਟੀ ਦੇ ਅਣਗੌਲੇ ਨਾਇਕ 23
13. ਬੱਚਿਆਂ ਨੂੰ ਬਣਾਇਆ ਜਾ ਰਿਹਾ -ਹਿੰਦੂ, ਸਿੱਖ, ਮੁਸਲਿਮ, ਈਸਾਈ 26
14. ਪੈੜਾਂ 28
15. ਬਾਲ ਪੰਨਾ 30
16. ਦਿਨ....ਜੋ ਇਤਿਹਾਸ ਬਣੇ 33
17. ਸਲਮਾਨ ਰਸ਼ਦੀ ਦਾ ਹੌਸਲਾ 34
18. ਡਾਕਟਰ ਕਾਦੰਬਿਨੀ ਗਾਂਗੁਲੀ (ਬੁਲੰਦ ਇਰਾਦੇ ਵਾਲੀ ਔਰਤ) 35
19. ਅਰਸਤੂ ਅਤੇ ਤਰਕ 39
20. ਮਧੂ ਮੱਖੀਆਂ 41
21. ਦੇਸ਼ ਦਾ ਨਿੱਘਰ ਰਿਹਾ ਸਿਆਸੀ ਅਤੇ ਕਾਨੂੰਨੀ ਪ੍ਰਬੰਧ 44
22. ਸੋਂਧਾ ਲੂਣ ਜਾਂ ਚਿੱਟਾ ਲੂਣ ? (ਸਾਡਾ ਡਾਕਟਰ) 46
23. ਹਰਿਆਣਾ ਚੋਣਾਂ ਦੇ ਸਬਕ 48
24. ਬੋਲ ਸਦੀਵੀਂ 51
25. ਪੇਸ਼ ਕਦਮੀਆਂ 52
26. ਆਖਰੀ ਪੰਨਾ 56



ਇਹ ਮੈਗਜ਼ੀਨ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ ਦੇ ਹੁਕਮ ਨੰਬਰ 4-93 ਆਡੀਟਰ ਪੰਜਾਬ (ਚੰਡੀਗੜ੍ਹ) ਮਿਤੀ 17 ਜਨਵਰੀ 1994 ਅਧੀਨ ਰਾਜ ਦੀਆਂ ਸਾਰੀਆਂ ਵਿੱਦਿਅਕ ਸੰਸਥਾਵਾਂ ਲਈ ਪ੍ਰਵਾਨ ਹੈ।


## ਸੰਪਾਦਕੀ

'ਸੌਰੀ ਡੈਡੀ ਮੈਂ ਕਾਬਿਲ ਨਹੀਂ ਬਣ ਸਕਿਆਂ' ਇਹ ਸ਼ਬਦ ਮਾਛੀਵਾੜਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਨੌਕਰੀ ਕਰਦੇ ਰਾਣਵਾਂ ਵਾਸੀ 23 ਸਾਲਾਂ ਨੌਜਵਾਨ ਜਸਪ੍ਰੀਤ ਸਿੰਘ ਜਸ ਦੇ ਖ਼ੁਦਕੁਸ਼ੀ ਨੋਟ ਦੇ ਹਨ ਜਿਸ ਨੇ ਹਸਪਤਾਲ ਵਿੱਚ ਪੱਖੇ ਨਾਲ ਲਟਕ ਕੇ ਆਤਮ ਹੱਤਿਆ ਕਰ ਲਈ। ਇਹ ਮਨ-ਕੰਬਾਊ ਸ਼ਬਦ ਹਰ ਸੰਵੇਦਨਸ਼ੀਲ ਮਨੁੱਖ ਨੂੰ ਧੁਰ ਅੰਦਰ ਤੱਕ ਝੰਜੋੜਦੇ ਹਨ। ਅਠਾਰਾਂ ਸਾਲ ਦੀ ਇੱਕ ਲੜਕੀ ਵੱਲੋਂ ਆਪਣੇ ਖ਼ੁਦਕੁਸ਼ੀ ਨੋਟ 'ਚ ਲਿਖੇ ਇਹ ਸ਼ਬਦ ਕਿੰਨੇ ਖ਼ੌਫਨਾਕ ਹਨ: "ਮੰਮੀ, ਪਾਪਾ, ਮੈਂ ਜੇ.ਈ.ਈ. ਨਹੀਂ ਕਰ ਸਕਦੀ। ਇਸ ਲਈ ਮੈਂ ਖ਼ੁਦਕੁਸ਼ੀ ਕਰ ਲਈ, ਮੈਂ ਹਾਰ ਗਈ ਹਾਂ। ਮੈਂ ਬਹੁਤ ਮਾੜੀ ਧੀ ਹਾਂ। ਮੈਨੂੰ ਮੁਆਫ਼ ਕਰ ਦਿਓ, ਮੰਮੀ ਪਾਪਾ। ਮੇਰੇ ਕੋਲ ਇਹੀ ਆਖਰੀ ਰਾਹ ਬਚਿਆ ਹੈ।" ਨੰਗਲ ਨੇੜਲੇ ਪਿੰਡ ਸੰਗਤਪੁਰ ਦੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਹਰਨਮਨਪ੍ਰੀਤ ਸਿੰਘ ਨੇ ਸਲਾਨਾ ਪ੍ਰੀਖਿਆ ਵਿੱਚ ਆਸ ਤੋਂ ਘੱਟ ਨੰਬਰ ਆਉਣ 'ਤੇ ਦੁਖੀ ਹੋ ਕੇ ਆਪਣੇ ਹੀ ਘਰ ਦੇ ਬਾੜੇ ਵਿੱਚ ਫਾਹਾ ਲੈ ਕੇ ਜੀਵਨ ਖ਼ਤਮ ਕਰ ਲਿਆ। 15 ਸਤੰਬਰ ਨੂੰ 2017 ਦੇ NEET ਟਾਪਰ, ਮੌਲਾਨਾ ਆਜ਼ਾਦ ਮੈਡੀਕਲ ਕਾਲਜ, ਦਿੱਲੀ ਦੇ ਐਮ.ਡੀ. ਦੇ ਦੂਸਰੇ ਸਾਲ ਦੇ ਵਿਦਿਆਰਥੀ ਮੁਕਤਸਰ ਵਾਸੀ 25 ਸਾਲਾਂ ਅਤਿ-ਜਹੀਨ ਨੌਜਵਾਨ ਡਾ. ਨਵਦੀਪ ਸਿੰਘ ਨੇ ਖ਼ੁਦਕੁਸ਼ੀ ਕਰ ਲਈ। ਪਿੰਡ ਨੰਗਲੀ (ਫਤਿਹਗੜ੍ਹ ਚੂੜੀਆਂ ਰੋਡ) ਵਿਖੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀ ਅਮਰਬੀਰ ਸਿੰਘ ਦੇ ਪੇਪਰਾਂ ਵਿੱਚੋਂ ਘੱਟ ਨੰਬਰ ਆਉਣ 'ਤੇ ਪਿਉ-ਪੁੱਤ ਵਿੱਚ ਹੋਈ ਬਹਿਸ ਦੌਰਾਨ ਘਰ ਵਿੱਚ ਮੌਜੂਦ ਲਾਇਸੈਂਸੀ ਹਥਿਆਰ ਨਾਲ ਇੱਕ-ਦੂਜੇ 'ਤੇ ਗੋਲੀ ਚਲ ਗਈ ਜਿਸ ਵਿੱਚ ਪਿਤਾ ਦੀ ਮੌਕੇ 'ਤੇ ਹੀ ਮੌਤ ਹੋ ਗਈ ਅਤੇ ਪੁੱਤਰ ਜ਼ਖ਼ਮੀ ਹੋ ਗਿਆ। ਇਹ ਕੁੱਝ ਹਿਰਦੇ-ਵੇਧਕ ਚੋਣਵੀਆਂ ਘਟਨਾਵਾਂ ਉਸ ਸੰਕਟ ਵੱਲੋਂ ਸੰਕੇਤ ਕਰਦੀਆਂ ਹਨ ਜਿਧਰ ਨੂੰ ਸਾਡਾ ਨੌਜਵਾਨ/ਵਿਦਿਆਰਥੀ ਵਰਗ ਵਧ ਰਿਹਾ ਹੈ ਜਿਸ ਦਾ ਅੰਤ, ਸਭ ਤੋਂ ਭਿਆਨਕ ਸਿੱਟਾ ਖ਼ੁਦਕੁਸ਼ੀ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ। ਐੱਨ. ਸੀ. ਆਰ. ਬੀ. (ਕੌਮੀ ਅਪਰਾਧ ਰਿਕਾਰਡ ਬਿਊਰੋ) ਮੁਤਾਬਕ 2020 'ਚ ਭਾਰਤ 'ਚ ਹਰੇਕ 42 ਮਿੰਟਾਂ ਵਿੱਚ ਇੱਕ ਵਿਦਿਆਰਥੀ ਨੇ ਖ਼ੁਦਕੁਸ਼ੀ ਕੀਤੀ ਹੈ, ਅਤੇ ਲਗਾਤਾਰ ਹਰ ਵਰ੍ਹੇ ਇਸ ਦਰ ਵਿੱਚ ਇਜ਼ਾਫਾ ਹੋ ਰਿਹਾ ਹੈ। ਵਾਈ.ਐੱਮ.ਈ. ਆਰ. ਜਰਨਲ ਦਾ ਇੱਕ ਹੋਰ ਅਧਿਐਨ ਗੰਭੀਰ ਅਸਲੀਅਤ ਨੂੰ ਪ੍ਰਗਟਾਉਂਦਾ ਹੈ: 80 ਪ੍ਰਤੀਸ਼ਤ ਵਿਦਿਆਰਥੀ ਮਾਪਿਆਂ ਦੀਆਂ ਆਸਾਂ-ਉਮੀਦਾਂ ਉੱਤੇ ਖਰੇ ਨਾ ਉਤਰਨ ਦੇ ਦਬਾਅ ਕਾਰਨ ਤਣਾਅ ਮਹਿਸੂਸ ਕਰਦੇ ਹਨ ਜਦ ਕਿ 55 ਪ੍ਰਤੀਸ਼ਤ ਵਿਦਿਆਰਥੀ ਵਧੇਰੇ ਤਣਾਅ ਲਈ ਮਾਪਿਆਂ ਵੱਲੋਂ ਥੋਪੀ ਕਿਸੇ ਚੋਣ ਦਾ ਹਵਾਲਾ ਦਿੰਦੇ ਹਨ। ਇਹ ਵਰਤਾਰਾ ਗੰਭੀਰ ਚਿੰਤਨ ਦੀ ਮੰਗ ਕਰਦਾ ਹੈ। ਮੁਨਾਫ਼ੇ 'ਤੇ ਟਿਕਿਆ ਸਾਡਾ ਇਹ ਗੈਰ-ਮਨੁੱਖੀ ਲੁਟੇਰਾ ਪ੍ਰਬੰਧ ਜਨਤਕ ਖੇਤਰ ਨੂੰ ਖਤਮ ਕਰਕੇ ਕਾਰਪੋਰੇਟਾਂ/ਵੱਡੇ ਨਿੱਜੀ ਅਦਾਰਿਆਂ/ਬਹੁ ਕੌਮੀ ਕੰਪਨੀਆਂ ਦੀ ਮੁਨਾਫ਼ੇ ਦੀ ਹਵਸ਼ ਨੂੰ ਪੂਰਾ ਕਰਨ ਲਈ ਸਮਾਜ ਨੂੰ ਸਿੱਖਿਆ ਦੇ ਅਸਲੀ ਮੰਤਵਾਂ ਤੋਂ ਭਟਕਾ ਕੇ ਸਾਡੇ ਵਿਦਿਆਰਥੀ ਵਰਗ ਨੂੰ ਇੱਕ ਸੰਵੇਦਨਹੀਣ ਗਲਾ-ਕੱਟ ਮੁਕਾਬਲੇ ਦੀ ਹੋੜ ਵਿੱਚ ਪਾ ਕੇ ਕੁੱਝ ਕੁ ਚਨਿੰਦਾ ਵਿਦਿਆਰਥੀਆਂ ਨੂੰ ਸਫ਼ਲ ਗਰਦਾਨਦਾ ਹੈ, ਅਤੇ ਬਾਕੀ ਨੂੰ ਨਿਕੰਮੇ, ਡਫ਼ਰ, ਮੁਕਾਬਲਾ-ਪ੍ਰੀਖਿਆਵਾਂ ਨਾ ਪਾਸ ਕਰਨ ਦੇ ਯੋਗ ਅਸਫ਼ਲ ਨੌਜਵਾਨ ਐਲਾਨਣ 'ਤੇ ਲੱਗਿਆ ਹੋਇਆ ਹੈ। ਮਨੋਵਿਗਿਆਨਕਾਂ ਅਨੁਸਾਰ ਕੋਈ ਵੀ ਬੱਚਾ ਨਲਾਇਕ ਨਹੀਂ ਹੁੰਦਾ। ਉਸ ਅੰਦਰਲੀ ਪ੍ਰਤਿਭਾ ਨੂੰ ਪਛਾਨਣ ਦੀ ਲੋੜ ਹੁੰਦੀ ਹੈ। ਮਾਪਿਆਂ ਨੂੰ ਆਪਣੀ ਇੱਛਾਵਾਂ ਨੂੰ ਬੱਚਿਆਂ 'ਤੇ ਭਾਰੂ ਨਹੀਂ ਪੈਣ ਦੇਣਾ ਚਾਹੀਦਾ। ਬੱਚੇ ਅੰਦਰਲੀ ਪ੍ਰਤਿਭਾ ਅਨੁਸਾਰ ਹੀ ਉਸ ਨੂੰ ਅੱਗੇ ਵਧਣ ਦਾ ਮੌਕਾ ਦੇਣਾ ਚਾਹੀਦਾ। ਬੱਚੇ ਨੂੰ ਜੀਵਨ ਅਤੇ ਸਮਾਜ ਦੀਆਂ ਕਠੋਰ ਹਕੀਕਤਾਂ ਤੋਂ ਜਾਣੂੰ ਕਰਵਾਇਆ ਜਾਣਾ ਮਾਪਿਆਂ, ਅਧਿਆਪਕਾਂ ਅਤੇ ਸਮਾਜ ਦੀ ਜ਼ਿੰਮੇਵਾਰੀ ਹੈ। ਸਿੱਖਿਆ ਨੇ ਬੱਚੇ ਦਾ ਸਰਵਪੱਖੀ ਵਿਕਾਸ ਕਰਨ ਦੇ ਨਾਲ-ਨਾਲ ਸਮਾਜ 'ਚ ਵੱਖ-ਵੱਖ ਖੇਤਰਾਂ ਵਿੱਚ ਲੋਕ ਪੱਖੀ ਸੇਵਾਵਾਂ ਦੇਣ ਵਾਲੇ ਪੇਸ਼ੇਵਰ ਪੈਦਾ ਕਰਨੇ ਹੁੰਦੇ ਹਨ, ਪਰ ਇਹ ਸਭ ਅੱਜ ਸਿੱਖਿਆ 'ਚੋਂ ਗਾਇਬ ਕਰ ਦਿੱਤਾ। ਆਓ! ਇਸ 'ਤੇ ਗੰਭੀਰ ਵਿਚਾਰ ਵਟਾਂਦਰਾ ਕਰਕੇ ਸਾਡੇ ਬੱਚਿਆਂ ਦੇ ਜੀਵਨ ਨੂੰ ਬਚਾਈਏ।

# ਤਰਕਸ਼ੀਲਤਾ-ਇੱਕ ਜੀਵਨ ਜਾਚ



**ਅਵਤਾਰ ਤਰਕਸ਼ੀਲ (ਨਿਊਜ਼ੀਲੈਂਡ)**

ਬਹੁਤ ਲੋਕ ਤਰਕਸ਼ੀਲ ਉਸ ਵਿਅਕਤੀ ਨੂੰ ਆਖ ਦਿੰਦੇ ਹਨ ਜੋ ਵਿਅਕਤੀ ਰੱਬ ਨੂੰ ਨਹੀਂ ਮੰਨਦਾ। ਕਿਸੇ ਵਿਅਕਤੀ ਦੇ ਰੱਬ ਨੂੰ ਨਾ ਮੰਨਣ ਦੇ ਵੱਖ ਵੱਖ ਕਾਰਣ ਹੋ ਸਕਦੇ ਹਨ ਪਰ ਸਿਰਫ਼ ਇਸ ਨਾਲ ਵਿਅਕਤੀ ਤਰਕਸ਼ੀਲ ਨਹੀਂ ਹੋ ਜਾਂਦਾ।

ਬਹੁਤ ਵਿਅਕਤੀ ਇਹ ਆਖ ਦਿੰਦੇ ਹਨ ਕਿ ਵੈਸੇ ਅਸੀਂ ਤਰਕਸ਼ੀਲ ਹੀ ਹਾਂ, ਕਿਸੇ ਵਹਿਮਾਂ ਭਰਮਾਂ ਵਿੱਚ ਨਹੀਂ ਪੈਂਦੇ। ਇਕੱਲੇ ਇੱਕ ਰੱਬ ਨੂੰ ਹੀ ਮੰਨਦੇ ਹਾਂ, ਸਵਾਲ ਉੱਥੇ ਵੀ ਖੜ੍ਹਾ ਹੁੰਦਾ ਹੈ ਕਿ ਉਹ ਕਿਸ ਰੱਬ ਨੂੰ ਮੰਨਦੇ ਹਨ? ਉਹ ਰੱਬ ਕਿੱਥੇ ਵਸਦਾ ਹੈ? ਉਹ ਲੋਕਾਂ ਤੋਂ ਲੁਕਿਆ ਹੋਇਆ ਕਿਉਂ ਹੈ? ਕੀ ਉਸ ਵਿੱਚ ਕੋਈ ਸ਼ਕਤੀ ਹੈ? ਕੀ ਉਹ ਸ਼ਕਤੀ ਜਾਇਜ਼ ਜਾਂ ਨਜਾਇਜ਼ ਵਰਤਦਾ ਹੈ? ਉਸ ਰੱਬ ਦੀ ਕੀ ਪਰਿਭਾਸ਼ਾ ਹੈ? ਉਸ ਦਾ ਮਨੁੱਖਤਾ ਜਾਂ ਵਰਤਾਰਿਆਂ 'ਤੇ ਕੀ ਕੰਟਰੋਲ ਹੈ? ਉਸ ਨੂੰ ਮੰਨਣ ਜਾਂ ਨਾ ਮੰਨਣ ਨਾਲ ਵਿਅਕਤੀ 'ਤੇ ਕੀ ਅਸਰ ਪੈਂਦਾ ਹੈ? ਕੀ ਉਹ ਰੱਬ ਬਦਲੇ ਵੀ ਲੈਂਦਾ ਹੈ ਜਾਂ ਸਜ਼ਾਵਾਂ ਵੀ ਦਿੰਦਾ ਹੈ ਜਾਂ ਇਨਸਾਫ਼ ਵੀ ਕਰਦਾ ਹੈ? ਰੱਬ ਨੂੰ ਪੂਜਾ ਦੀ ਕਿਉਂ ਲੋੜ ਹੈ? ਰੱਬ ਆਪਣੀ ਸਿਫ਼ਤ ਕਿਉਂ ਸੁਣਨਾ ਚਾਹੁੰਦਾ ਹੈ? ਜੋ ਧਰਤੀ 'ਤੇ ਬੇਇਨਸਾਫੀਆਂ ਹੁੰਦੀਆਂ ਹਨ ਕੀ ਉਹ ਉਸ ਰੱਬ ਨੂੰ ਦਿਸਦੀਆਂ ਹਨ? ਉਨ੍ਹਾਂ ਬਾਰੇ ਉਹ ਚੁੱਪ ਕਿਉਂ ਹੈ? ਜਿਸ ਮੁਲਕ (ਭਾਰਤ) ਵਿੱਚ ਉਸ ਰੱਬ ਦੀ ਭਗਤੀ ਸਭ ਤੋਂ ਵੱਧ ਹੁੰਦੀ ਹੈ ਉੱਥੇ ਹੀ ਚੋਰੀਆਂ, ਡਾਕੇ, ਬਲਾਤਕਾਰ, ਰਿਸ਼ਵਤ, ਗਰੀਬੀ, ਬੇਰੁਜ਼ਗਾਰੀ ਅਤੇ ਮਿਲਾਵਟਖੋਰੀ ਕਿਉਂ ਵੱਧ ਹੈ? ਉੱਥੇ ਦੇ ਵੱਡੀ ਗਿਣਤੀ ਲੋਕ ਗਰੀਬੀ ਰੇਖਾ ਤੋਂ ਥੱਲੇ ਕਿਉਂ ਜੀਅ ਰਹੇ ਹਨ? ਜੇ ਇਨ੍ਹਾਂ ਸਵਾਲਾਂ ਤੋਂ ਬਿਨ੍ਹਾਂ ਵਿਅਕਤੀ 'ਇੱਕ ਰੱਬ ਨੂੰ ਹੀ ਮੰਨਦਾ' ਹੈ ਤਾਂ ਵੀ ਉਹ ਤਰਕਸ਼ੀਲ ਨਹੀਂ ਹੈ। ਕਿਸੇ ਵੀ ਚੀਜ਼ ਨੂੰ ਬਿਨ੍ਹਾਂ ਦੇਖੇ ਜਾਂ ਪਰਖੇ ਸੱਚ ਮੰਨ ਲੈਣਾ ਸਿਰਫ਼ ਲਾਈਲੱਗਤਾ ਹੁੰਦੀ ਹੈ, ਤਰਕਸ਼ੀਲਤਾ ਨਹੀਂ।

ਹਰ ਧਰਮ ਦੇ ਵਿਅਕਤੀ ਨੂੰ ਰੱਬ ਵੱਖਰੇ ਵੱਖਰੇ ਰੂਪਾਂ ਵਿੱਚ ਦਿਖਾਈ ਦਿੰਦਾ ਹੈ, ਇੱਥੋਂ ਤੱਕ ਕਿ ਇੱਕੋ ਧਰਮ ਦੇ ਲੋਕ ਵੀ ਰੱਬ ਦੀ ਵੱਖਰੀ ਵੱਖਰੀ ਪਰਿਭਾਸ਼ਾ ਦਿੰਦੇ ਹਨ ਤੇ ਹਰ ਧਰਮ ਦੇ ਵਿਅਕਤੀ ਨੂੰ ਆਪਣਾ ਧਰਮ ਮਹਾਨ ਲਗਦਾ ਹੈ । ਕਾਰਣ ਇਹ ਹੈ ਕਿ ਬੱਚੇ ਦੇ ਸੁਰਤ ਸੰਭਾਲਦਿਆਂ ਹੀ ਮਾਪੇ ਉਸ ਨੂੰ ਆਪਣੇ ਧਰਮ ਦੀ ਮਹਾਨਤਾ ਦੱਸਣ ਲੱਗ ਪੈਂਦੇ ਹਨ, ਜਿਸ ਤੋਂ ਬੱਚਾ ਸਾਰੀ ਉਮਰ ਬਾਹਰ ਨਹੀਂ ਆ ਪਾਉਂਦਾ। ਮੱਥਾ ਟਿਕਵਾਉਣਾ ਤੇ ਹੱਥ ਜੋੜਨੇ ਤਾਂ ਬੱਚੇ ਨੂੰ ਬਚਪਨ ਤੋਂ ਹੀ ਸਿਖਾਏ ਜਾਂਦੇ ਹਨ। ਬਾਅਦ ਵਿੱਚ ਸਾਰੀ ਉਮਰ ਬੱਚਾ ਵੱਡਾ ਹੋ ਕੇ ਵੀ ਮੱਥਾ ਚੁੱਕਣ ਦੀ ਜਾਚ ਨਹੀਂ ਸਿੱਖਦਾ ਅਤੇ ਹੱਥ ਚਲਾਉਣ ਦੀ ਜ਼ੁਅਰਤ ਨਹੀਂ ਕਰਦਾ। ਉਸ ਦਾ ਮੱਥਾ ਝੁਕਿਆ ਰਹਿੰਦਾ ਹੈ ਤੇ ਹੱਥ ਸ਼ਰਧਾ ਵਿੱਚ ਜੁੜੇ ਰਹਿੰਦੇ ਹਨ ਜਦ ਕਿ ਸਾਰਥਿਕ ਨਤੀਜੇ ਕੱਢਣ ਲਈ ਮੱਥੇ ਦਾ (ਦਿਮਾਗ) ਦਾ ਚੱਲਣਾ ਅਤੇ ਹੱਥਾਂ ਦਾ ਚੱਲਣਾ (ਕੰਮ 'ਤੇ ਲੱਗੇ ਹੋਣਾ) ਬਹੁਤ ਜ਼ਰੂਰੀ ਹੁੰਦਾ ਹੈ। ਆਪਣੇ ਜਨਮ ਵੇਲੇ ਬੱਚਾ ਕੋਰੀ ਕਾਪੀ ਹੁੰਦਾ ਹੈ, ਬਚਪਨ ਵਿੱਚ ਉਸ ਕਾਪੀ 'ਤੇ ਜੋ ਮਾਪਿਆਂ ਵੱਲੋਂ ਲਿਖਿਆ ਜਾਂਦਾ ਹੈ ਉਸ ਨੂੰ ਮਿਟਾਉਣਾ ਬਹੁਤ ਮੁਸ਼ਕਲ ਹੁੰਦਾ ਹੈ। ਬਾਅਦ ਵਿੱਚ ਉਹ ਬੱਚਾ ਉਸੇ ਲਿਖੇ ਹੋਏ ਨੂੰ ਮਿਟਾਉਣ ਦੀ ਜਗ੍ਹਾ ਸਾਰਾ ਜ਼ੋਰ ਸਾਰੀ ਉਮਰ ਉਸ ਸਿੱਖੇ ਹੋਏ ਨੂੰ ਬਚਾਉਣ (ਡਿਫੈਂਡ ਕਰਨ) 'ਤੇ ਲਗਾਉਂਦਾ ਰਹਿੰਦਾ ਹੈ। ਉਸ ਦੇ ਬਚਪਨ ਵਿੱਚ ਲਿਖੇ ਹੋਏ ਨੂੰ ਮਿਟਾਉਣ ਲਈ ਜਾਂ ਸੱਚ ਜਾਨਣ ਲਈ ਉਸ ਨੂੰ ਮਣਾਂ ਮੂੰਹੀਂ ਕਿਤਾਬਾਂ ਪੜ੍ਹਨੀਆਂ ਪੈਂਦੀਆਂ ਹਨ, ਸਮਝਣੀਆਂ ਪੈਂਦੀਆਂ ਹਨ, ਜ਼ਿੰਦਗੀ ਵਿੱਚ ਲਾਗੂ ਕਰਨੀਆਂ ਪੈਂਦੀਆਂ ਹਨ। ਵਿਚਾਰ ਚਰਚਾ ਕਰਨੀ ਪੈਂਦੀ ਹੈ, ਆਪਣੀ ਗੱਲ ਕਹਿਣ ਤੇ ਸੁਣਨ ਦੀ ਯੋਗਤਾ ਹਾਸਿਲ ਕਰਨੀ ਪੈਂਦੀ ਹੈ। ਏਨੇ ਔਖੇ ਕੰਮ ਨੂੰ ਉਹ ਬੱਚਾ ਜੋ ਹੁਣ ਵੱਡਾ ਹੋ ਗਿਆ ਕਰਨਾ ਨਹੀਂ ਚਾਹੁੰਦਾ ਜਾਂ ਉਸ ਰੱਬ ਦਾ ਡਰ ਉਸ ਨੂੰ ਕੁੱਝ ਵੱਖਰਾ ਕਰਨ ਤੋਂ ਰੋਕਦਾ ਹੈ। ਉਸ ਲਈ ਸੌਖਾ ਇਹੀ ਹੁੰਦਾ ਹੈ ਕਿ ਜੋ ਉਸ ਨੇ ਬਚਪਨ ਵਿੱਚ ਸਿੱਖਿਆ ਉਸ 'ਤੇ ਹੀ ਪਹਿਰਾ ਦੇਵੇ ਅਤੇ ਮਾਪੇ ਤੇ ਵੱਡੀ ਗਿਣਤੀ ਸਮਾਜ ਵੀ ਉਸੇ ਵਿੱਚ ਹੀ ਖੁਸ਼ ਹੁੰਦਾ ਹੈ।

ਇਹ ਕਿਹਾ ਜਾ ਸਕਦਾ ਹੈ ਕਿ ਜਨਮ ਲੈਣ ਤੋਂ ਬਾਅਦ ਬੱਚਾ ਇੱਕ ਬੇਹੋਸ਼ ਵਿਅਕਤੀ ਵਰਗਾ ਹੁੰਦਾ ਹੈ ਜਿਸ ਨੂੰ ਆਪਣੀ ਅਤੇ ਆਪਣੇ ਆਲੇ ਦੁਆਲੇ ਦੀ ਸੁਰਤ ਨਹੀਂ ਹੁੰਦੀ। ਉਸ ਹਾਲਤ ਵਿੱਚ ਕੁੱਝ ਬੱਚਿਆਂ ਦੇ ਮਾਪੇ ਤਾਂ ਆਪੇ ਆਪਣੇ ਧਰਮ ਦੇ ਧਾਰਮਿਕ ਚਿੰਨ੍ਹ ਵੀ ਬੱਚਿਆਂ ਦੇ ਸਰੀਰ 'ਤੇ ਪਾ ਦਿੰਦੇ ਹਨ ਹਾਲਾਂਕਿ ਉਸ ਬੱਚੇ ਨੂੰ ਉਸ ਵੇਲੇ ਧਰਮ ਦੀ ਜਾਂ ਧਾਰਮਿਕ ਚਿੰਨ੍ਹਾਂ ਦੀ ਕੋਈ ਅਹਿਮੀਅਤ ਪਤਾ ਨਹੀਂ ਹੁੰਦੀ,

ਪਰ ਮਾਪੇ ਆਪਣੇ ਵਿਚਾਰ ਅਗਾਂਹ ਵਾਲੀ ਪੀੜ੍ਹੀ 'ਤੇ ਜ਼ਬਰਦਸਤੀ ਥੋਪ ਕੇ ਆਪਣਾ ਫਰਜ਼ ਅਦਾ ਕਰ ਦਿੰਦੇ ਹਨ। ਇਸ ਤਰ੍ਹਾਂ ਪੀੜ੍ਹੀ ਦਰ ਪੀੜ੍ਹੀ ਧਰਮ ਦੇ ਗੁਲਾਮ ਬੱਚੇ ਪੈਦਾ ਹੁੰਦੇ ਹਨ। ਬੱਚੇ ਫਿਰ ਉਸ ਧਰਮ ਤੋਂ ਦੂਰ ਨਹੀਂ ਹੁੰਦੇ, ਇਨਸਾਨੀਅਤ ਤੋਂ ਭਾਵੇਂ ਦੂਰ ਹੋ ਜਾਣ। ਸੋਚਣ ਦੀ ਲੋੜ ਹੈ ਕਿ ਬੱਚੇ ਨੂੰ ਬਚਪਨ ਦੀ ਹਾਲਤ ਵਿੱਚ ਜ਼ਬਰਦਸਤੀ ਧਰਮ ਧਾਰਨ ਕਰਵਾਉਣਾ ਜ਼ੁਲਮ ਨਹੀਂ ਹੈ? ਕੀ ਇਹ ਉਸ ਬੱਚੇ ਦੀ ਆਜ਼ਾਦ ਜ਼ਿੰਦਗੀ ਨੂੰ ਖੋਹਣਾ ਨਹੀਂ ਹੈ?

ਤਰਕਸ਼ੀਲਤਾ ਇੱਕ ਜੀਵਨ ਜਾਚ ਹੈ। ਤਰਕਸ਼ੀਲਤਾ ਬੇਹੋਸ਼ੀ ਦੀ ਹਾਲਤ ਵਿੱਚ ਹਾਸਿਲ ਨਹੀਂ ਹੁੰਦੀ। ਇਸ ਦਾ ਕੋਈ ਲਿਬਾਸ ਨਹੀਂ ਹੁੰਦਾ, ਇਸ ਵਾਸਤੇ ਕਿਸੇ ਚਿੰਨ੍ਹ ਜਾਂ ਖਾਸ ਕੱਪੜਿਆਂ ਦੀ ਲੋੜ ਨਹੀਂ ਹੈ, ਇਸ ਵਾਸਤੇ ਕੁੱਝ ਖਾਸ ਖਾਣ ਜਾਂ ਕੁੱਝ ਛੱਡਣ ਦੀ ਲੋੜ ਨਹੀਂ ਹੈ, ਇਸ ਵਾਸਤੇ ਕਿਸੇ ਧਰਮ ਜਾਂ ਜਾਤ ਦੀ ਲੋੜ ਨਹੀਂ ਹੈ, ਇਸ ਵਾਸਤੇ ਕਿਸੇ ਜਾਤ ਜਾਂ ਧਰਮ ਦੇ ਗੁਣ ਗਾਉਣ ਦੀ ਲੋੜ ਨਹੀਂ ਹੈ, ਆਪਣੇ ਆਪ ਨੂੰ ਮਹਾਨ ਕਹਿਣ ਜਾਂ ਮਹਾਨ ਸੁਣਨ ਦੀ ਲੋੜ ਨਹੀਂ ਹੈ ਅਤੇ ਇਸ ਵਾਸਤੇ ਕਿਸੇ ਖਾਸ ਮੁਲਕ ਜਾਂ ਖਾਸ ਘਰ ਵਿੱਚ ਪੈਦਾ ਹੋਣ ਦੀ ਲੋੜ ਨਹੀਂ ਹੈ। ਤਰਕਸ਼ੀਲਤਾ ਪੜ੍ਹੀਆਂ ਹੋਈਆਂ ਕਿਤਾਬਾਂ, ਮਿਲੇ ਹੋਏ ਹਾਲਾਤਾਂ, ਵੱਖ ਵੱਖ ਘਟਨਾਵਾਂ ਨੂੰ ਪਰਖਣ, ਕੁਦਰਤ ਨੂੰ, ਅਜੀਬ ਵਰਤਾਰਿਆਂ ਨੂੰ ਸਮਮਝਣ ਅਤੇ ਆਪਣੀ ਕੀਤੀ ਖੋਜ ਤੇ ਕੱਢੇ ਹੋਏ ਨਤੀਜਿਆਂ ਦਾ ਸਿੱਟਾ ਹੁੰਦੀ ਹੈ। ਤਰਕਸ਼ੀਲਤਾ ਜ਼ਬਰਦਸਤੀ ਆਪਣੀ ਅਗਲੀ ਪੀੜ੍ਹੀ ਨੂੰ ਸੌਂਪੀ ਨਹੀਂ ਜਾ ਸਕਦੀ। ਅਗਲੀ ਪੀੜ੍ਹੀ ਨੂੰ ਇਸ ਵਾਸਤੇ ਖ਼ੁਦ ਮਿਹਨਤ ਕਰਨੀ ਪੈਂਦੀ ਹੈ। ਤਰਕਸ਼ੀਲਤਾ ਕੋਈ ਲਿਬਾਸ ਨਹੀਂ ਹੈ ਜੋ ਆਪਣੇ ਬੱਚਿਆਂ ਨੂੰ ਬੇਹੋਸ਼ੀ ਦੀ ਹਾਲਤ ਵਿੱਚ ਪਹਿਨਾਇਆ ਜਾ ਸਕੇ। ਤਰਕਸ਼ੀਲਤਾ ਵਿਅਕਤੀ ਦੇ ਕੰਮਾਂ ਵਿੱਚੋਂ ਝਲਕਦੀ ਹੈ।

ਤਰਕਸ਼ੀਲ ਵਿਅਕਤੀ ਜੀਵਨ ਦੇ ਹਰ ਪਹਿਲੂ ਨੂੰ ਕੀ, ਕਿਉਂ, ਕਿਸ ਤਰ੍ਹਾਂ, ਕਿੱਥੇ ਅਤੇ ਕਿਵੇਂ ਦੇ ਅਧਾਰ 'ਤੇ ਪਰਖਦਾ ਹੈ। ਉਹ ਹਰ ਘਟਨਾ ਨੂੰ ਪਰਖਣ ਲਈ ਵਿਗਿਆਨਕ ਨਜ਼ਰੀਆ ਅਪਣਾਉਂਦਾ ਹੈ। ਤਰਕਸ਼ੀਲ ਵਿਅਕਤੀ 'ਤੇ ਧਰਮਾਂ ਦਾ , ਜਾਤਾਂ ਦਾ, ਅਗਲੇ ਪਿਛਲੇ ਜਨਮ ਦਾ, ਨਰਕ ਸਵਰਗ ਦਾ, ਜਮਾਂ ਦੀ ਮਾਰ ਦਾ, ਪ੍ਰਾਰਥਨਾਵਾਂ ਦਾ, ਸੁੱਖਣਾ ਸੁੱਖਣ ਦਾ, ਭੂਤਾਂ ਚੁੜੇਲ੍ਹਾਂ ਦਾ, ਕਾਲੇ ਜਾਦੂ ਦਾ, ਹੱਥਾਂ ਦੀਆਂ ਰੇਖਾਵਾਂ ਦਾ, ਰਾਸ਼ੀਆਂ ਦੇ ਪ੍ਰਭਾਵ ਦਾ ਮਾਨਸਿਕ ਦਬਾਅ ਜਾਂ ਡਰ ਖਤਮ ਹੋ ਜਾਂਦਾ ਹੈ। ਇਹ ਕਿਹਾ ਜਾ ਸਕਦਾ ਹੈ ਕਿ ਤਰਕਸ਼ੀਲ ਵਿਅਕਤੀ ਇਹ ਵੱਡਾ ਭਾਰ ਆਪਣੇ ਆਪ ਤੋਂ ਲਾਹ ਕੇ ਆਜ਼ਾਦ ਹੋਇਆ ਮਹਿਸੂਸ ਕਰਦਾ ਹੈ।

ਤਰਕਸ਼ੀਲ ਵਿਅਕਤੀ ਉਪਰੋਕਤ ਸਭ ਭਾਰ ਲਾਹ ਕੇ ਆਪਣੀ ਸਿਹਤ ਦਾ, ਸਮਾਜ ਦੀ ਸਿਹਤ ਦਾ, ਦੁਨੀਆਂ ਪੱਧਰ ਦੀ ਸਿਹਤ ਦਾ ਖਿਆਲ ਰੱਖਦਾ ਹੈ। ਦੁਨੀਆਂ ਪੱਧਰ ਦੇ ਮਸਲਿਆਂ ਬਾਰੇ ਸੋਚਦਾ ਹੈ ਅਤੇ ਉਨ੍ਹਾਂ ਮਸਲਿਆਂ ਦੇ ਹੱਲ ਬਾਰੇ ਯੋਗ ਉਪਰਾਲੇ ਕਰਦਾ ਹੈ। ਉਸ ਵਿੱਚ ਦੂਜਿਆਂ ਤੋਂ ਬਦਲਾ ਲੈਣ ਦੀ ਭਾਵਨਾ ਖਤਮ ਹੁੰਦੀ ਹੈ। ਉਹ ਆਪਣੇ ਤੋਂ ਪਿੱਛੇ ਰਹਿ ਗਿਆਂ ਨੂੰ ਆਪਣੇ ਨਾਲ ਰਲਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਬਰਾਬਰੀ ਵਾਲਾ ਸਮਾਜ ਸਿਰਜਣ ਦੀ ਕੋਸ਼ਿਸ਼ ਕਰਦਾ ਹੈ। ਉਹ ਜਦੋਂ ਵੀ ਆਪਣੇ ਦੋਸਤਾਂ ਮਿੱਤਰਾਂ ਨੂੰ ਮਿਲਦਾ ਹੈ ਤਾਂ ਅਕਸਰ ਆਪਣੇ ਮਸਲੇ ਛੱਡ ਕੇ ਦੂਜਿਆਂ ਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕਰਦਾ ਹੈ ਅਤੇ ਉਨ੍ਹਾਂ ਮਸਲਿਆਂ ਦੇ ਹੱਲ ਲਈ ਯੋਗ ਉਪਰਾਲੇ ਕਰਦਾ ਹੈ। ਦੂਜਿਆਂ ਲਈ ਇਸ ਤਰ੍ਹਾਂ ਦੇ ਯੋਗ ਉਪਰਾਲੇ ਕਰਕੇ ਉਸ ਨੂੰ ਖ਼ੁਸ਼ੀ ਮਹਿਸੂਸ ਹੁੰਦੀ ਹੈ ਭਾਵੇਂ ਕਿ ਬਹੁਤ ਵਾਰ ਉਸ ਦਾ ਆਪਣਾ ਨੁਕਸਾਨ ਵੀ ਹੋ ਜਾਂਦਾ ਹੈ।

ਥੋੜ੍ਹੇ ਸ਼ਬਦਾਂ ਵਿੱਚ ਕਿਹਾ ਜਾ ਸਕਦਾ ਹੈ ਕਿ ਤਰਕਸ਼ੀਲਤਾ ਜ਼ਿੰਦਗੀ ਜਿਉਣ ਦਾ ਢੰਗ ਹੈ ਜੋ ਜਾਤ, ਵਿਤਕਰੇ ਅਤੇ ਧਰਮ ਰਹਿਤ ਹੈ। ਇਸ ਵਿੱਚ ਕੁੱਝ ਵੀ ਆਖਰੀ ਸੱਚ ਨਹੀਂ ਹੈ ਪਰ ਇਸ ਵਿਧੀ ਰਾਹੀਂ ਹਮੇਸ਼ਾ ਸੱਚ ਦੀ ਭਾਲ ਕੀਤੀ ਜਾਂਦੀ ਹੈ। ਆਓ, ਇਹ ਵਿਧੀ ਅਪਨਾ ਕੇ ਆਪਣਾ ਅਤੇ ਸਾਰੇ ਸਮਾਜ ਦਾ ਭਵਿੱਖ ਬੇਹਤਰ ਬਣਾਉਣ ਦੀ ਕੋਸ਼ਿਸ਼ ਕਰੀਏ, ਲਾਈਲੱਗਤਾ ਛੱਡ ਕੇ ਆਪਣੀ ਗੱਲ ਨੂੰ ਦਲੀਲ ਨਾਲ ਰੱਖੀਏ। ਸਮਝੀਏ, ਜਵਾਬ ਦੇਈਏ ਅਤੇ ਜ਼ਿੰਦਗੀ ਵਿੱਚ ਲਾਗੂ ਕਰੀਏ। ਇਹ ਰਾਹ ਔਖਾ ਹੈ ਪਰ ਇਸ ਰਾਹ 'ਤੇ ਤੁਰਨਾ ਆਪਣੇ ਲਈ ਮਾਣ ਵਾਲੀ ਗੱਲ ਹੁੰਦੀ ਹੈ ਅਤੇ ਸਮਾਜ ਲਈ ਵੀ ਮਾਣ ਵਾਲੀ ਗੱਲ ਹੁੰਦੀ ਹੈ।

**ਜੱਦੀ ਪਿੰਡ ਖੁਰਦਪੁਰ (ਜਲੰਧਰ)**

**0064213 92147**

## ਰਾਸ਼ਟਰਵਾਦ

**ਜਸਿੰਤਾ ਕੇਰਕੇਟਾ**

ਜਦੋਂ ਮੇਰਾ ਗੁਆਂਢੀ
ਮੇਰੇ ਖ਼ੂਨ ਦਾ ਪਿਆਸਾ ਹੋ ਗਿਆ
ਮੈਂ ਸਮਝ ਗਿਆ
ਰਾਸ਼ਟਰਵਾਦ ਆ ਗਿਆ!

(ਅਨੁਵਾਦ : **ਜਸਬੀਰ ਭੁੱਲਰ**)

# ਨੌਜਵਾਨਾਂ ਨਾਲ ਕੁੱਝ ਗੱਲਾਂ



**ਡਾ. ਕੁਲਦੀਪ ਸਿੰਘ ਦੀਪ**

ਜੁਆਨੀ ਦਾ ਆਪਣਾ ਜ਼ਹਾਨ ਹੁੰਦਾ ਹੈ, ਆਪਣੇ ਸੁਪਨੇ ਹੁੰਦੇ ਹਨ, ਆਪਣੀਆਂ ਤਰਜੀਹਾਂ ਹੁੰਦੀਆਂ ਹਨ ਅਤੇ ਆਪਣੇ ਇਮਤਿਹਾਨ ਹੁੰਦੇ ਹਨ। ਕਦੇ ਇਹ ਜੁਆਨੀ ਫਾਂਸੀ ਦੇ ਰੱਸੇ ਝੂਟਦੀ ਹੈ... ਕਦੇ ਇਹੀ ਜੁਆਨੀ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਜਾਂ ਗ਼ਦਰੀ ਬੀਬੀ ਗੁਲਾਬ ਕੌਰ ਬਣਦੀ ਹੈ।

ਕਿਸੇ ਵਿਅਕਤੀ ਨੇ ਕਿਸੇ ਜੁਆਨ ਨੂੰ ਪੁੱਛਿਆ, ਆਪਣਾ ਸੁਪਨਾ ਪੂਰਾ ਕਦੋਂ ਕਰੇਂਗਾ?

ਜੁਆਨ ਨੇ ਕਿਹਾ, ਜਦ ਵਕਤ ਆਇਆ।

ਵਿਅਕਤੀ ਨੇ ਕਿਹਾ, ਜੇ ਉਹ ਵਕਤ ਹੁਣ ਨਾ ਆਇਆ ਤਾਂ ਸ਼ਾਇਦ ਕਦੇ ਨਾ ਆਵੇ... ਇਸ ਲਈ ਠਿੱਲ ਪੈ ਵਕਤ ਦੇ ਸਮੁੰਦਰ ਵਿੱਚ... ਆਪਣੇ ਜਨੂੰਨ ਨਾਲ... ਆਪਣੀ ਹਿੱਕ ਦੀ ਤਾਕਤ ਨਾਲ....ਆਪਣੇ ਮਨ ਦੀ ਤਾਸੀਰ ਨਾਲ...ਠਿੱਲ੍ਹ ਪੈ...ਠਿੱਲਣ ਤੋਂ ਬਿਨ੍ਹਾਂ ਕੋਈ ਚਾਰਾ ਨਹੀਂ?

ਪਰ ਠਿੱਲ੍ਹਣ ਲਈ ਕੁੱਝ ਹੋਰ ਵੀ ਚਾਹੀਦਾ ਹੈ..ਸੁਪਨਿਆਂ, ਜਨੂੰਨ ਅਤੇ ਹਿੱਕ ਦੀ ਤਾਕਤ ਤੋਂ ਬਿਨ੍ਹਾਂ। ਫਿਰ ਉਹ ਕੀ ਹੈ?

ਉਹ ਹੈ : ਤੀਸਰੀ ਅੱਖ...ਜਾਣਾ ਕਿੱਥੇ ਹੈ..ਮੰਜ਼ਿਲ ਕੀ ਹੈ...ਜਾਣਾ ਕਿਵੇਂ ਹੈ...ਜਾਣਾ ਕਿਉਂ ਹੈ...

ਅਸਲ ਵਿੱਚ ਇਹੀ ਜੁਆਨੀ ਦਾ ਕੂਹਣੀ ਮੋੜ ਹੈ। ਬਿਨ੍ਹਾ ਦਿਸ਼ਾ ਤੋਂ ਜਨੂੰਨ ਅੰਨ੍ਹਾ ਖੂਹ ਹੈ, ਜਿਸ ਵਿਚ ਬਹੁਤੀ ਵਾਰ ਬਰਬਾਦੀ ਤੋਂ ਬਿਨ੍ਹਾਂ ਮਿਲਦਾ ਕੁੱਝ ਨਹੀਂ... ਬਿਨ੍ਹਾ ਦਿਸ਼ਾ ਤੋਂ ਤਾਕਤ ਅੰਨ੍ਹੇ ਝੋਟੇ ਵਾਂਗ ਹੈ ਜੋ ਕਿਸੇ ਦਾ ਵੀ ਢਿੱਡ ਪਾੜ ਸਕਦੀ ਹੈ... ਬਿਨ੍ਹਾ ਦਿਸ਼ਾ ਤੋਂ ਸੁਪਨੇ ਬੁੜਬੁੜਾਹਟ ਹੁੰਦੇ ਹਨ, ਜੋ ਲਏ ਤਾਂ ਜਾ ਸਕਦੇ ਹਨ, ਪਰ ਪੂਰੇ ਨਹੀਂ ਕੀਤੇ ਜਾ ਸਕਦੇ।

ਸਭ ਤੋਂ ਅਹਿਮ ਜ਼ਰੂਰਤ ਮੱਥੇ 'ਚ ਜਗਦੀ ਤੀਸਰੀ ਅੱਖ ਦੀ ਹੈ, ਜੋ ਚਿੰਤਨ ਰਾਹੀਂ ਖੁੱਲਦੀ ਹੈ ਅਤੇ ਅਭਿਆਸ ਰਾਹੀਂ ਦੇਖਦੀ ਹੈ। ਅਬਦੁਲ ਕਲਾਮ ਇਸੇ ਨੂੰ 'ਜਾਗਦੀ ਅੱਖ ਦਾ ਸੁਪਨਾ' ਕਹਿੰਦਾ ਹੈ। ਭਗਤ ਸਿੰਘ ਇਸੇ ਲਈ ਨੌਜੁਆਨਾਂ ਦੇ ਨਾਂ ਅਪੀਲ ਕਰਦਾ ਹੈ।

ਇਸ ਨਜ਼ਰੀਏ ਤੋਂ ਸਾਡਾ ਅੱਜ ਦਾ ਨੌਜੁਆਨ ਕੀ ਕਰ ਰਿਹਾ ਹੈ... ਉਸ ਕੋਲ ਵੀ ਜਨੂੰਨ ਹੈ, ਉਸ ਕੋਲ ਵੀ ਤਾਕਤ ਹੈ... ਉਸ ਕੋਲ ਵੀ ਕੁੱਝ ਕਰਨ ਦੀ ਰੀਝ ਹੈ... ਪਰ ਦਿਸ਼ਾ ਦੀ ਘਾਟ ਹੈ...

ਉਹ ਆਪਣੇ ਇਤਿਹਾਸ, ਵਿਰਾਸਤ ਅਤੇ ਚਿੰਤਨ ਰਾਹੀਂ ਕੁੱਝ ਸਿੱਖਣ ਦੀ ਬਜਾਏ ਸਾਰਾ ਕੁੱਝ ਡੇਢ ਜੀ ਬੀ ਡਾਟੇ ਰਾਹੀਂ ਤਲਾਸ਼ਣ ਦੇ ਆਹਰ ਵਿਚ ਹੈ... ਉਸ ਲਈ ਇੰਸਟਾਗ੍ਰਾਮ 'ਤੇ ਪਾਈ 'ਰੀਲ' ਜ਼ਿੰਦਗੀ ਦੀ 'ਰੀਅਲ' ਤਸਵੀਰ ਤੋਂ ਕਿਤੇ ਵੱਡੀ ਹੈ... ਉਸ ਨੂੰ ਲਗਦਾ ਹੈ ਕਿ ਉਹ ਤਕਨਾਲੋਜੀ ਨੂੰ ਚਲਾ ਰਿਹਾ ਹੈ, ਪਰ ਅਸਲ ਵਿੱਚ ਤਕਨਾਲੋਜੀ ਉਸ ਨੂੰ ਚਲਾ ਰਹੀ ਹੈ। ਬਜ਼ਾਰ ਅਤੇ ਸਰਕਾਰ ਬਹੁਤ ਸ਼ਾਤਰ ਹੈ।

ਭਗਤ ਸਿੰਘ ਦੀ 'ਇਨਕਲਾਬ ਦੀ ਤਲਵਾਰ ਵਿਚਾਰ ਦੀ ਸਾਣ 'ਤੇ ਤਿੱਖੀ ਹੁੰਦੀ ਹੈ' ਦੀ ਪਰੰਪਰਾ ਹੋਵੇ, ਉਸ ਧਰਤੀ 'ਤੇ ਵਿਚਾਰਾਂ ਤੋਂ ਸੱਖਣਾ ਸੁਪਨਾ ਕਿਵੇਂ ਪ੍ਰਵਾਨ ਚੜ੍ਹੇਗਾ।

ਡੇਢ ਜੀ ਬੀ ਡਾਟਾ ਕੀ ਕਰਦਾ ਹੈ, ਉਹ ਸਾਡੇ ਅੰਦਰ ਵਸਤੂ ਲਲਕ ਪੈਦਾ ਕਰਦਾ ਹੈ... ਹਰ ਤੀਜੇ ਦਿਨ ਕੰਪਨੀ ਦੇ ਕਿਸੇ ਪ੍ਰੋਡਕਟ ਦਾ ਮਾਡਲ ਬਦਲ ਜਾਂਦਾ ਹੈ ਅਤੇ ਤੁਹਾਡੇ ਹੱਥ ਵਿੱਚ ਫੜੀ ਚੀਜ਼ ਤੀਜੇ ਦਿਨ 'ਓਲਡ ਮਾਡਲ' ਹੋ ਜਾਂਦੀ ਹੈ... ਕੰਪਨੀ ਨੇ ਪਹਿਲਾਂ ਹੀ ਕਈ-ਕਈ ਮਾਡਲ ਤਿਆਰ ਕਰਕੇ ਰੱਖੇ ਹੁੰਦੇ ਹਨ। ਉਹਨਾਂ ਨੇ ਤੁਹਾਡੇ ਹੱਥ ਵਿੱਚ ਨਵਾਂ ਮਾਡਲ ਦੇਣ ਤੋਂ ਪਹਿਲਾਂ ਹੀ ਉਸ ਦੇ ਪੁਰਾਣਾ ਹੋਣ ਦੀ ਡੈਡਲਾਈਨ ਮਿਥੀ ਹੁੰਦੀ ਹੈ।

ਨੌਜਵਾਨ ਦੋਸਤੋ! ਜ਼ਰੂਰਤ ਅਤੇ ਵਿਲਾਸਤਾ ਵਿੱਚ ਅੰਤਰ ਸਮਝਣ ਦੀ ਜ਼ਰੂਰਤ ਹੈ। ਜ਼ਰੂਰਤ ਪੂਰੀ ਕੀਤੀ ਜਾ ਸਕਦੀ ਹੈ, ਪਰ ਵਿਲਾਸਤਾ ਅਨੰਤ ਕਾਲ ਦੀ ਮ੍ਰਿਗਤ੍ਰਿਸ਼ਨਾ ਹੈ, ਜੋ ਕਦੇ ਪੂਰੀ ਨਹੀਂ ਹੁੰਦੀ। ਬਜ਼ਾਰ ਨੇ ਜ਼ਰੂਰਤ ਨੂੰ Luxury (ਵਿਲਾਸਤਾ) ਵਿੱਚ ਬਦਲ ਕੇ ਸਾਨੂੰ ਆਪਣੇ ਪਰਮਾਨੈਂਟ (ਪੱਕੇ) ਗਾਹਕ ਵਿੱਚ ਤਬਦੀਲ ਕਰ ਲਿਆ ਹੈ। ਹਰ ਲੋੜ ਨੂੰ ਮੋਬਾਈਲ ਦੀ ਸਕਰੀਨ ਨਾਲ ਜੋੜ ਦਿੱਤਾ ਗਿਆ ਹੈ। ਪਹਿਲਾਂ ਤੁਹਾਡੇ ਦੁਆਰਾ ਸਕਰੀਨ ਉੱਪਰ ਕੁੱਝ ਲਿਖਣ ਨਾਲ ਬਾਜ਼ਾਰ ਤੁਹਾਡੀ ਪਸੰਦ-ਨਾਪਸੰਦ ਦੀ ਟੋਹ ਲੈਂਦਾ ਸੀ, ਪਰ ਹੁਣ ਏ. ਆਈ. ਦੀ ਆਮਦ ਨਾਲ ਤੁਹਾਡੇ ਦੁਆਰਾ ਇੱਕ ਸੈਕਿੰਡ ਦੇ ਸੌਵੇਂ ਹਿੱਸੇ ਲਈ ਵੀ ਕਿਸੇ ਚੀਜ਼ ਵੱਲ ਦੇਖਣ ਨਾਲ ਤੁਹਾਡਾ ਨਜ਼ਰੀਆ ਟੋਹ ਲਿਆ ਜਾਂਦਾ ਹੈ ਅਤੇ ਉਸ ਤੋਂ ਬਾਅਦ ਬਾਜ਼ਾਰ ਤੁਹਾਡੇ ਸਾਮ੍ਹਣੇ ਤੁਹਾਡੀ ਪਸੰਦ ਨੂੰ ਪਰੋਸਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦਿੰਦਾ ਹੈ। ਹੁਣ ਉਹ ਤੁਹਾਡੀਆਂ ਅੱਖਾਂ ਨੂੰ ਆਪਣੀ ਅੱਖ ਨਾਲ ਦੇਖ ਰਿਹਾ ਹੈ, ਉਹ ਤੁਹਾਡੀ ਧੜਕਣ

ਨੂੰ ਮਾਪ ਰਿਹਾ ਹੈ...ਤੁਹਾਡੇ ਦਿਮਾਗ ਨੂੰ ਟਰੈਪ (Trap-ਜਾਲ ਵਿਛਾਉਣਾ) ਕਰ ਰਿਹਾ ਹੈ, ਤੁਹਾਡੇ ਪੈਰਾਂ ਨੂੰ ਹਾਈਜੈਕ (Hi-jack-ਅਗਵਾ) ਕਰ ਰਿਹਾ ਹੈ, ਤੁਹਾਡੀ ਪਸੰਦ ਨੂੰ ਮੋਡੀਫਾਈ (Modify-ਤਬਦੀਲ) ਕਰ ਰਿਹਾ ਹੈ, ਅਤੇ ਸੋਚ ਨੂੰ ਗਾਰਬੇਜ਼ (Garbage-ਕਚਰਾ) ਵਿੱਚ ਬਦਲ ਰਿਹਾ ਹੈ। ਇਸ ਤੋਂ ਅੱਗੇ ਸੱਤਾ ਦੀ ਭੂਮਿਕਾ ਹੈ। ਸੱਤਾ ਕੀ ਕਰਦੀ ਹੈ? ਉਹ ਸਾਨੂੰ ਵਿਅਕਤੀਵਾਦ ਦਾ ਮਾਡਲ ਦਿੰਦੀ ਹੈ... ਉਹ ਸਾਨੂੰ ਦਿਨੋਂ ਦਿਨ ਇੱਕਲਿਆਂ ਕਰ ਰਹੀ ਹੈ, ਆਨਲਾਈਨ ਜੌਬ, ਆਨਲਾਈਨ ਪੜ੍ਹਾਈ, ਵਰਕ ਫਰੌਮ ਹੋਮ, ਆਨਲਾਈਨ ਸ਼ੌਪਿੰਗ, ਆਨਲਾਈਨ ਪੇਮੈਂਟ, ਆਨਲਾਈਨ ਡਲਿਵਰੀ...ਘਰ ਬੈਠੇ ਬਿਠਾਏ ਤੁਹਾਨੂੰ ਘਰ ਨਾਲੋਂ ਤੋੜ ਦਿੱਤਾ ਹੈ। ਤੁਸੀਂ ਘਰ ਵਿੱਚ ਬੈਠੇ ਵੀ ਘਰ ਤੋਂ ਅਲੱਗ-ਥਲੱਗ ਹੋ। ਇਸ ਭਰਮ ਵਿੱਚ ਹੋ ਕਿ ਤੁਸੀਂ ਸਾਰੇ ਸੰਸਾਰ ਨਾਲ ਜੁੜੇ ਹੋਏ ਹੋ, ਪਰ ਅਸਲ ਵਿੱਚ ਤਾਂ ਨਾਲ ਵਾਲੇ ਕਮਰੇ ਵਿੱਚ ਬੈਠੇ ਬੇਬੇ ਬਾਪੂ ਤੋਂ ਵੀ ਟੁੱਟੇ ਹੋਏ ਹੋ...ਦੂਜੀ ਗੁੱਠ ਵਿੱਚ ਬੈਠੇ ਆਨਲਾਈਨ ਹੋ ਕੇ ਆਪਣੇ ਲਾਈਫ ਪਾਰਟਨਰ/ਭੈਣ/ਭਰਾ ਤੋਂ ਵੀ ਟੁੱਟੇ ਹੋਏ ਹੋ। ਭਵਿੱਖ ਵਿੱਚ ਇਕੱਠੇ ਮਿਲ ਕੇ ਬੈਠਣ ਵਾਲੀ ਸਾਰੀ ਸਪੇਸ ਖਤਮ ਹੋ ਜਾਏਗੀ... ਪੜ੍ਹਾਈ ਵੀ ਆਨਲਾਈਨ ਅਤੇ ਜੌਬ ਵੀ ਆਨਲਾਈਨ... ਨਾ ਵਿਦਿਆਰਥੀ ਕਿਤੇ ਇਕੱਠੇ ਹੋਣਗੇ... ਤੇ ਨਾ ਕਾਮੇ/ਮੁਲਾਜ਼ਮ। ਫਿਰ ਵਿਦਿਆਰਥੀ ਜਥੇਬੰਦੀਆਂ ਅਤੇ ਟਰੇਡ ਯੂਨੀਅਨਾਂ ਕਿਵੇਂ ਬਣਨਗੀਆਂ...ਸੰਘਰਸ਼ ਕਿਵੇਂ ਹੋਣਗੇ...ਸਮੂਹਕ ਸਾਂਝਾ ਕਿਵੇਂ ਉਸਰਨਗੀਆਂ....? ਇਹ ਭਵਿੱਖ ਦੇ ਵੱਡੇ ਸੁਆਲ ਹਨ।

ਸਾਡੀਆਂ ਸੋਚਾਂ ਵਿੱਚ ਵਿਅਕਤੀਵਾਦ ਭਾਰੂ ਹੈ...ਅਸੀਂ ਗਿੰਨੀਜ ਬੁੱਕ ਆਫ ਵਰਲਡ ਰਿਕਾਰਡ ਵਿੱਚ ਨਾਮ ਦਰਜ ਕਰਾਉਣ ਬਾਰੇ ਸੋਚਦੇ ਹਾਂ ਅਤੇ ਉਸ ਨੂੰ ਬਹੁਤ ਵੱਡੀ ਗੱਲ ਸਮਝਦੇ ਹਾਂ...ਇਹ ਵਿਅਕਤੀਵਾਦੀ ਸਾਜ਼ਿਸ਼ ਹੈ ਕਿ ਤੁਸੀਂ ਨਿੱਜੀ ਰਿਕਾਰਡ ਬਣਾਓ ਅਤੇ ਮਸ਼ਹੂਰ ਹੋ ਜਾਓ... ਸਮਾਜ ਦੇ ਮਸਲਿਆਂ 'ਤੇ ਸੰਘਰਸ਼ ਕੌਣ ਕਰੇਗਾ? ਸਮੂਹ ਦਾ ਨਾਇਕ ਬਣ ਕੇ ਕੌਣ ਉੱਭਰੇਗਾ? ਸਾਂਝੀਆਂ ਕਦਰਾਂ-ਕੀਮਤਾਂ ਦੀ ਰਾਖੀ ਕੌਣ ਕਰੇਗਾ? ਪੁਸਤਕ ਸੱਭਿਆਚਾਰ 'ਤੇ ਵੀ ਹਮਲਾ ਹੈ...'ਬੇਸਟਸੇਲਰ ਬੁਕਸ' ਦੇ ਨਾਂ ਹੇਠ ਨਿੱਜਵਾਦੀ ਸੋਚ ਨੂੰ ਪਰਮੋਟ ਕਰਨ ਵਾਲਾ ਸਾਹਿਤ ਪਰੋਸਿਆ ਜਾ ਰਿਹਾ ਹੈ...

- ਅਮੀਰ ਹੋਣ ਦੇ ਨੁਸਖੇ...
- ਪ੍ਰਸਿੱਧ ਹੋਣ ਦੀਆਂ ਜੁਗਤਾਂ...
- ਨਿੱਜ ਦੀ ਸਥਾਪਤੀ ਦੇ ਢੰਗ
- ਵੱਡਾ ਬੰਦਾ ਹੋਣ ਦੇ ਮੰਤਰ...
- ਵਿਅਕਤੀਤਵ ਦੇ ਵਿਕਾਸ ਦਾ ਜਾਦੂ
- ਡਿਪਰੈਸਨ ਤੋਂ ਮੁਕਤੀ ਦੇ ਉਪਾਅ
- ਵਸ਼ੀਕਰਨ ਦੇ ਤਰੀਕੇ

ਅਜਿਹਾ ਸਾਹਿਤ ਜੋ ਤੁਹਾਨੂੰ ਸਮਾਜਿਕ ਮਸਲਿਆਂ ਤੋਂ ਪਰ੍ਹੇ ਕਰਕੇ ਸਿਰਫ਼ ਤੇ ਸਿਰਫ਼ ਨਿੱਜ ਤੱਕ ਸੋਚਣ ਲਾਉਂਦਾ ਹੈ, ਉਸ ਨੂੰ 'ਬੈਸਟ ਸੇਲਰ' ਕਿਤਾਬਾਂ ਦੇ ਰੂਪ ਵਿਚ ਪਰਮੋਟ (ਉਤਸ਼ਾਹਿਤ) ਕੀਤਾ ਜਾ ਰਿਹਾ ਹੈ। ਅਜਿਹੇ ਕਿਸੇ ਬਜ਼ਾਰੂ ਪਬਲਿਸ਼ਰ ਨੇ 'ਭਗਤ ਸਿੰਘ ਦੀ ਜੇਲ੍ਹ ਡਾਇਰੀ' ਨੂੰ 'ਬੈਸਟ ਸੇਲਰ' ਬੁੱਕ ਬਣਾਉਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ ਕਿਉਂਕਿ ਅਜਿਹੇ ਨਾਇਕ ਤੁਹਾਨੂੰ ਵਿਅਕਤੀਵਾਦ ਅਤੇ ਖਪਤ ਸੱਭਿਆਚਾਰ ਵੱਲ ਨਹੀਂ ਲੈ ਕੇ ਜਾਂਦੇ ਬਲਕਿ ਸਮੂਹ ਦੇ ਵਡੇਰੇ ਹਿੱਤਾਂ ਨਾਲ ਜੋੜਦੇ ਹਨ ਅਤੇ ਸਮਾਜਿਕ ਨਿਆ ਅਤੇ ਸਮਾਜਿਕ ਬਰਾਬਰੀ ਦੀ ਲੜਾਈ ਦੇ ਰਾਹ ਤੋਰਦੇ ਹਨ, ਜਦ ਕਿ ਸੱਤਾ ਅਤੇ ਬਾਜ਼ਾਰ ਦਾ ਰਾਹ ਹੈ ਹੀ ਸਮਾਜਿਕ ਨਾਬਰਾਬਰੀ ਦਾ ਰਾਹ ਹੈ... ਦੂਜਿਆਂ ਨੂੰ ਦਰੜ ਕੇ ਅੱਗੇ ਲੰਘ ਜਾਣ ਦੀ ਹੋੜ ਹੈ... ਗਲਵੱਢ ਮੁਕਾਬਲੇ ਵਿੱਚ ਪਾ ਕੇ ਪੰਜ ਪ੍ਰਤੀਸ਼ਤ ਨੂੰ ਸੁਪਰ ਇੰਟੈਲੀਜੈਂਟ ਅਤੇ 95 ਪ੍ਰਤੀਸ਼ਤ ਨੂੰ ਨਖਿੱਧ ਐਲਾਨੇ ਜਾਣ ਦੀ ਸਾਜ਼ਿਸ਼ ਹੈ।

ਨੌਜਵਾਨਾਂ ਦੇ ਸਾਮ੍ਹਣੇ ਇੱਕ ਹੋਰ ਮਸਲਾ ਸਮੇਂ ਦੇ ਹਾਣ ਦਾ ਹੋਣ ਦਾ ਹੈ। ਅਸੀਂ ਪਦਾਰਥਕ ਵਸਤਾਂ/ਲਗਜ਼ਰੀ/ਸਹੂਲਤਾਂ ਪੱਖੋਂ ਤਾਂ ਅਪਡੇਟ ਹੋ ਗਏ ਹਾਂ, ਪਰ ਸੋਚ ਪੱਖੋਂ ਮੱਧਕਾਲ 'ਤੇ ਹੀ ਖੜ੍ਹੇ ਹਾਂ।

ਅਸੀਂ ਅਜੇ ਵੀ ਬੁਰੀ ਤਰ੍ਹਾਂ ਜਗੀਰੂ ਸੋਚ ਦੀ ਜਕੜਬੰਦੀ ਵਿੱਚ ਹਾਂ। ਲੱਖ ਕੁਰਬਾਨੀਆਂ ਦੇ ਕੇ ਲਿਆਂਦੀ ਜਮਹੂਰੀਅਤ ਕਦੇ ਵੀ ਸਾਡੇ ਸੁਭਾਅ ਦਾ ਹਿੱਸਾ ਨਹੀਂ ਬਣੀ। ਅਸੀਂ ਆਪਣੇ ਪਰਿਵਾਰਾਂ ਵਿੱਚ ਵੀ ਡੈਮੋਕਰੇਟਿਕ (ਜਮਹੂਰੀ) ਨਹੀਂ, ਸੰਸਥਾਵਾਂ ਵਿੱਚ ਵੀ ਨਹੀਂ ਅਤੇ ਸਰਕਾਰਾਂ ਵਿੱਚ ਵੀ ਨਹੀਂ। ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਵਿੱਚ ਅਜੇ ਵੀ ਸਮੂਹਕ ਸੰਵੇਦਨਾ, ਸਮੂਹਕ ਚੇਤਨਾ ਅਤੇ ਸਮੂਹਕ ਸੰਘਰਸ਼ ਦਾ ਮਾਡਲ ਵਿਕਸਿਤ ਨਹੀਂ ਹੋ ਸਕਿਆ। ਇਸੇ ਲਈ ਅਜੇ ਵੀ ਸਾਡੇ ਮਨਾਂ ਅੰਦਰ ਨਾਇਕ ਦਾ ਜੋ ਸੰਕਲਪ ਹੈ, ਉਹ ਜਮਹੂਰੀ ਕਦਰਾਂ-ਕੀਮਤਾਂ ਵਿੱਚੋਂ ਨਿਕਲਿਆ ਨਹੀਂ, ਬਲਕਿ 'ਵਿਅਕਤੀਵਾਦੀ ਨਾਇਕਤਵ' ਵਿੱਚੋਂ ਨਿਕਲਿਆ ਸੰਕਲਪ ਹੈ। ਅਸੀਂ ਕਿਸੇ ਮਸਲੇ 'ਤੇ ਜਨਮਤ ਉਸਾਰ ਕੇ ਸਾਂਝੇ ਸੰਘਰਸ਼ ਪੈਦਾ ਕਰਨ ਵਿੱਚ ਯਕੀਨ ਨਾ ਰੱਖ ਕੇ ਨਿੱਜੀ ਰੂਪ ਵਿੱਚ ਮੌਕੇ 'ਤੇ ਸਜ਼ਾ ਅਤੇ ਮੌਕੇ 'ਤੇ ਬਦਲਾ ਲੈਣ ਦੀ ਜਗੀਰੂ ਮਾਨਸਿਕਤਾ ਦਾ ਸ਼ਿਕਾਰ ਹਾਂ।

ਵਿਅਕਤੀਵਾਦੀ ਨਾਇਕਤਵ (Individual Heroism)

ਦਾ ਮੂਲ ਅਧਾਰ ਕਿਸੇ ਵੀ ਪ੍ਰਕਾਰ ਦੀ ਤਬਦੀਲੀ ਲਈ ਇੱਕ ਵਿਅਕਤੀ 'ਤੇ ਟੇਕ ਰੱਖਣਾ ਹੁੰਦਾ ਹੈ। ਇਸ ਦੇ ਮੁਤਾਬਕ :

ਸਾਡੇ ਸਮਾਜ ਵਿੱਚ ਜਹਾਲਤ ਹੈ, ਦੁੱਖ ਹੈ, ਪੀੜਾ ਹੈ, ਜ਼ੁਲਮ ਹੈ, ਦਮਨ ਹੈ...ਇਹ ਵਧਦਾ ਜਾਏਗਾ...ਜਦ ਵਧਦਾ ਜਾਏਗਾ ਤਾਂ ਕੋਈ ਹੀਰੋ (ਨਾਇਕ) ਆਏਗਾ ਤੇ ਤੁਹਾਡੇ ਦੇਖਦੇ-ਦੇਖਦੇ ਸਾਰੇ ਖਲਨਾਇਕਤਵ ਨੂੰ ਭਸਮ ਕਰ ਦਏਗਾ ਤੇ ਤੁਸੀਂ ਆਰਾਮ ਨਾਲ ਸੋਹਣੀ ਸੁਖਾਵੀਂ ਜ਼ਿੰਦਗੀ ਜਿਉਂਦੇ ਰਹੋਗੇ। ਸਾਡੀ ਹਰ ਫਿਲਮ ਵਿੱਚ ਇੰਝ ਹੀ ਹੁੰਦਾ ਹੈ... ਸਾਡੇ ਮੱਧਕਾਲ ਦਾ ਇਤਿਹਾਸ ਵੀ ਅਜਿਹੇ ਨਾਇਕਤਵ ਨਾਲ ਭਰਿਆ ਪਿਆ ਹੈ।

ਗ਼ਦਰ ਲਹਿਰ, ਪਗੜੀ ਸੰਭਾਲ ਜੱਟਾ ਲਹਿਰ, ਕੂਕਾ ਲਹਿਰ, ਭਾਰਤ ਨੌਜਵਾਨ ਸਭਾ ਆਦਿ ਸੰਸਥਾਵਾਂ ਵਿੱਚ ਵੀ ਬੜੇ ਵੱਡੇ ਨਾਇਕ ਰਹੇ ਹਨ, ਪਰ ਇਹਨਾਂ ਨਾਇਕਾਂ ਨੇ ਆਪਣੇ ਸਾਥੀਆਂ ਨੂੰ ਬਰਾਬਰ ਰੱਖ ਕੇ ਜਿਉਣ ਦਾ ਇੱਕ ਪੂਰਾ ਫ਼ਲਸਫ਼ਾ ਦਿੱਤਾ, ਨਾ ਕਿ ਸਿਰਫ਼ ਤਲਵਾਰ ਜਾਂ ਬੰਦੂਕ ਚੁੱਕ ਕੇ ਲੜਨਾ ਸਿਖਾਇਆ।

ਰਾਤੋ-ਰਾਤ ਹੀਰੋ ਪੈਦਾ ਕਰਨੇ ਜਾਂ ਪੈਦਾ ਹੋਣ ਦਾ ਭਰਮ ਪਾਲਣਾ ਮ੍ਰਿਗਜਾਲ ਤੋਂ ਵੱਧ ਕੁੱਝ ਨਹੀਂ। ਸਿੱਧੂ ਮੂਸੇਵਾਲਾ ਅਤੇ ਇਸ ਤੋਂ ਬਾਅਦ ਹੁਣ ਕੁਲਵਿੰਦਰ ਕੌਰ ਸਾਡੇ ਇਸ ਵਿਅਕਤੀਵਾਦੀ ਨਾਇਕਤਵ ਦੀਆਂ ਉਦਾਹਰਨਾਂ ਹਨ। ਮੈਂ ਇਹਨਾਂ ਦੀ ਐਨਰਜੀ ਅਤੇ ਇਹਨਾਂ ਦੇ ਅੰਦਰ ਪਈ ਅੱਗ ਤੋਂ ਇਨਕਾਰ ਨਹੀਂ ਕਰਦਾ, ਪਰ ਜਿਸ ਤਰ੍ਹਾਂ 'ਮਰਨ-ਮਾਰਨ' ਦਾ ਫ਼ਲਸਫ਼ਾ ਇਹ ਵਿਅਕਤੀਵਾਦੀ ਨਾਇਕ ਦੇ ਰਹੇ ਹਨ, ਇਹ ਪੰਜਾਬ ਦੀ ਮੁਕਤੀ ਦਾ ਰਾਹ ਨਹੀਂ ਹੈ।

ਅਸਲ ਵਿੱਚ ਤਾਂ ਅਸੀਂ ਸਾਰੇ ਆਪਣੇ ਹਿੱਸੇ ਦਾ ਯੁੱਧ ਲੜਨਾ ਭੁੱਲ ਗਏ ਹਾਂ ਜਾਂ ਲੜਨ ਦੀ ਇੱਛਾ ਸ਼ਕਤੀ ਗੁਆ ਚੁੱਕੇ ਹਾਂ। ਕਿਸਾਨ ਸੰਘਰਸ਼ ਵਿੱਚ ਅਸੀਂ ਬਹੁਤ ਲੰਮੇਂ ਸਮੇਂ ਬਾਅਦ ਆਪਣੇ ਹਿੱਸੇ ਦਾ ਯੁੱਧ ਲੜਿਆ। ਪਰ ਇਸ ਤੋਂ ਬਾਅਦ ਕਿਹੜਾ ਕਾਰਪੋਰੇਟ ਨਾਲ ਲੜ੍ਹਾਈ ਮੁੱਕ ਗਈ? ਕੀ ਕਿਸੇ ਕਲਾਕਾਰ ਦੇ ਇੱਕ ਗੀਤ ਦੀਆਂ ਚਾਰ ਸਤਰਾਂ ਨਾਲ ਜਾਂ ਕਿਸੇ ਦੁਆਰਾ ਕਿਸੇ ਦੇ ਥੱਪੜ ਮਾਰ ਦੇਣ ਨਾਲ ਕਾਰਪੋਰੇਟ ਡਰਕੇ ਮੁੜ ਜਾਏਗਾ? ਫੇਰ ਅਸੀਂ ਘਰਾਂ ਵਿੱਚ ਕਿਉਂ ਦੁਬਕੇ ਬੈਠੇ ਹਾਂ... ਸੱਤਾ ਅਗਨੀਬੀਰਾਂ ਦੇ ਨਾਂ 'ਤੇ ਦੇਸ਼ ਨੂੰ ਫਾਹੇ ਟੰਗਣ 'ਤੇ ਤੁਲੀ ਹੋਈ ਹੈ, ਪੰਜਾਬ ਇਸ ਲੜਾਈ ਵਿੱਚ ਕਿੱਥੇ ਹੈ...? ਪਿਛਲੇ 20 ਸਾਲਾਂ ਤੋਂ ਪੰਜਾਬ ਗੈਂਗਵਾਰ ਤੇ ਚਿੱਟੇ ਦਾ ਅੱਡਾ ਬਣ ਰਿਹਾ ਹੈ, ਅਸੀਂ ਕਾਹਤੋਂ ਸੜਕਾਂ 'ਤੇ ਆ ਕੇ ਸੱਤਾ ਦੇ ਖ਼ਿਲਾਫ਼ ਵੱਡੀ ਲਾਮਬੰਦੀ ਨਹੀਂ ਕਰ ਸਕੇ? ਨਿਜੀਕਰਨ ਦੇ ਖਿਲਾਫ਼ ਕਿਹੜਾ ਸੰਘਰਸ਼ ਹੋ ਰਿਹਾ ਹੈ, ਵੱਖ-ਵੱਖ ਮੁਲਾਜ਼ਮ ਵਰਗ ਆਪੋ ਆਪਣੀਆਂ ਜ਼ਿੰਮੇਵਾਰੀਆਂ ਪ੍ਰਤੀ ਕਦੋਂ ਸਵੈ ਪੜਚੋਲ ਕਰ ਰਹੇ ਹਨ ਤੇ ਕਦੋਂ ਆਪਣੇ ਆਪ ਨੂੰ ਬਚਾਉਣ ਲਈ ਲੜਾਈ ਲੜ ਰਹੇ ਹਨ? ਕੀ ਇਹ ਸਾਰਾ ਕੁੱਝ ਗੀਤ ਜਾਂ ਗਾਇਕ ਜਾਂ ਫਿਲਮੀ ਕਲਾਕਾਰ ਕਰ ਦੇਣਗੇ?

ਨੌਜਵਾਨ ਦੋਸਤੋ! ਆਓ ਵਿਅਕਤੀਵਾਦੀ ਨਾਇਕਤਵ 'ਚੋਂ ਬਾਹਰ ਨਿੱਕਲੀਏ। ਸਾਡੀ ਮੁਕਤੀ ਦਾ ਮਾਡਲ ਸਮੂਹਕ ਚੇਤਨਾ ਅਤੇ ਸਮੂਹਕ ਸੰਘਰਸ਼ ਵਿੱਚੋਂ ਨਿਕਲਣਾ ਹੈ, ਨਾ ਕਿ ਨਿਜੀ ਤੌਰ 'ਤੇ ਕਿਸੇ ਨੂੰ ਫੜ ਕੇ ਮਾਰ ਦੇਣ ਨਾਲ, ਥੱਪੜ ਮਾਰ ਦੇਣ ਨਾਲ, ਹਥਿਆਰ ਚੁੱਕਣ ਜਾਂ ਹਥਿਆਰਾਂ ਨੂੰ ਪਰਮੋਟ ਕਰਨ ਵਾਲੇ ਜਾਂ ਵਿਅਕਤੀਵਾਦੀ ਨਾਇਕਤਵ ਨੂੰ ਪਰਮੋਟ ਕਰਨ ਵਾਲੇ ਗੀਤਾਂ ਨਾਲ ਨਿਕਲਣਾ ਹੈ। ਇਸ ਦੇ ਲਈ ਆਪਣੀ ਮਿੱਟੀ 'ਚੋਂ ਪੈਦਾ ਹੋਏ ਸਮੂਹਕ ਸੰਘਰਸ਼ਾਂ ਤੋਂ ਪ੍ਰੇਰਨਾ ਲੈਣੀ ਪਏਗੀ ਅਤੇ ਇਸ ਦੇ ਨਾਲ-ਨਾਲ ਦੁਨੀਆਂ ਭਰ ਵਿੱਚ ਜੂਝ ਰਹੇ ਲੋਕਾਂ, ਮਾਡਲਾਂ ਤੇ ਵਿਚਾਰਧਾਰਾਵਾਂ ਤੋਂ ਸੇਧ ਲੈਣੀ ਪਵੇਗੀ। ਪਹਿਲਾਂ ਦੁਸ਼ਮਣ ਵੀ ਸਥਾਨਕ ਸੀ ਅਤੇ ਲੜਾਈਆਂ ਵੀ ਸਥਾਨਕ ਸੀ। ਹੁਣ ਇਸ ਵੇਲੇ ਸਾਮਰਾਜੀ ਸੱਤਾ ਅਤੇ ਸਾਮਰਾਜੀ ਆਰਥਿਕਤਾ 'ਤੇ ਕਾਬਜ਼ ਕਾਰਪੋਰੇਟ ਦਾ ਕਿਰਦਾਰ ਵੀ ਗਲੋਬਲੀ (ਸੰਸਾਰ ਪੱਧਰਾ) ਹੈ ਤੇ ਇਸ ਦੇ ਖਿਲਾਫ਼ ਸੰਘਰਸ਼ ਵੀ ਗਲੋਬਲੀ ਵਿਜ਼ਨ (Vision) (ਦ੍ਰਿਸ਼ਟੀਕੋਣ) ਅਤੇ ਗਲੋਬਲੀ ਸਮਝ 'ਚੋਂ ਪੈਦਾ ਹੋਣਗੇ। ਦੁਨੀਆਂ ਭਰ ਵਿੱਚ ਅੱਜ ਦੇ ਯੁੱਗ ਵਿੱਚ ਪ੍ਰਬੰਧਾਂ ਨੂੰ ਦਰੁਸਤ, ਮਜ਼ਬੂਤ ਅਤੇ ਲੋਕਪੱਖੀ ਕਰਨ ਲਈ ਸੰਘਰਸ਼ ਕਰਨ ਦੀ ਲੋੜ ਹੈ ਅਤੇ ਇਸ ਨੂੰ ਖ਼ਤਰਾ ਪੈਦਾ ਕਰਨ ਵਾਲੀਆਂ ਤਾਕਤਾਂ ਨੂੰ ਪਛਾਨਣ ਦੀ ਲੋੜ ਹੈ... ਵਿੰਭਿਨਤਾਵਾਂ ਦਾ ਸਤਿਕਾਰ ਕਰਦੇ ਹੋਏ ਇਹਨਾਂ ਦੇ ਨਾਲ ਜਿਉਣ ਦਾ ਸਲੀਕਾ ਸਿੱਖਣ ਦਾ ਦੌਰ ਹੈ ਤੇ ਇਹ ਉਧਾਰੇ ਨਾਇਕਾਂ ਜਾਂ ਫਿਲਮਾਂ ਜਾਂ ਗੀਤਾਂ ਦੇ ਸਿਰ 'ਤੇ ਰਾਤੋ ਰਾਤ ਨਹੀਂ ਹੋਣਾ। ਹਥਿਆਰਾਂ ਦੇ ਮਾਮਲੇ ਵਿੱਚ ਤਾਂ ਅੱਜ ਦੀਆਂ ਸੱਤਾਵਾਂ ਬਹੁਤ ਤਾਕਤਵਰ ਹਨ। ਪਬਲਿਕ ਓਪੀਨੀਅਨ-(ਲੋਕ ਰਾਇ) (Public Opinion) ਅਤੇ ਜਨ ਸ਼ਕਤੀ, ਜਨ ਚੇਤਨਾ ਨਾਲ ਲੈਸ ਹੋ ਕੇ ਲੰਮੀ ਲੜਾਈ ਲੜਨ ਦਾ ਮਾਦਾ ਲੈ ਕੇ ਕੀਤੇ ਜਾਣ ਵਾਲੇ ਸੰਘਰਸ਼ ਹੀ ਭਵਿੱਖ ਦੀ ਮੁਕਤੀ ਦੇ ਮਾਡਲ ਹਨ।

**98768 20600**

ਸਿਰਕੱਢ ਸਾਹਿਤਕ ਲਿਖਤਾਂ ਅਤੇ ਮਹੱਤਵਪੂਰਨ ਲੇਖਕਾਂ ਦੀ ਬਹੁਗਿਣਤੀ ਵੱਡੀਆਂ ਸਮਾਜਿਕ ਤਬਦੀਲੀਆਂ ਦੀ ਦੇਣ ਹੁੰਦੀ ਹੈ।

**- ਅਨਾਤੋਲੀ ਲੂਨਾਚਾਰਸਕੀ**

# ਪੱਕੀ ਥਾਂ

**ਦਰਸ਼ਨ ਸਿੰਘ ਗਿੱਲ**

ਸਤੀਸ਼ ਚੰਦਰ ਧਵਨ ਸਰਕਾਰੀ ਕਾਲਜ ਲੁਧਿਆਣਾ ਦਾ ਨਾਂ ਮੁਲਕ ਦੇ ਚੋਟੀ ਦੇ ਕਾਲਜਾਂ ਵਿੱਚ ਸ਼ਾਮਲ ਕੀਤਾ ਜਾਂਦਾ ਹੈ। ਮੈਨੂੰ ਮਾਣ ਹੈ ਕਿ ਇਸ ਕਾਲਜ ਵਿੱਚ ਮੈਂ ਵਿਦਿਆਰਥੀ ਵੀ ਰਿਹਾ, ਅਧਿਆਪਕ ਵੀ ਅਤੇ ਪ੍ਰਿੰਸੀਪਲ ਵੀ। ਇਸ ਤੋਂ ਬਿਨ੍ਹਾਂ ਮੈਂ ਕਾਲਜ ਬਰਸਰ ਵਜੋਂ ਵੀ ਕੰਮ ਕੀਤਾ ਅਤੇ ਲੜਕਿਆਂ ਦੇ ਹੋਸਟਲ ਦੇ ਵਾਰਡਨ ਵਜੋਂ ਵੀ।

ਕਾਲਜ ਦੇ ਮੁੱਖ ਹਾਲ, ਜਿਸਨੂੰ ਅੱਜ ਕੱਲ੍ਹ ਸ਼ਾਹਿਰ ਔਡੀਟੋਰੀਅਮ ਆਖਿਆ ਜਾਂਦਾ ਹੈ, ਦੇ ਵਰਾਂਡੇ ਵਿੱਚ, ਪੌੜੀਆਂ ਦੇ ਨੇੜੇ, ਲਗਭਗ ਵੀਹ ਕੁ ਵਰਗ ਫੁੱਟ ਦੀ ਇੱਕ ਕੱਚੀ ਛੱਡੀ ਗਈ ਥਾਂ ਸੀ ਜਿੱਥੇ ਇੱਕ ਰੇਤ ਮਿੱਟੀ ਦੀ ਢੇਰੀ ਸੀ, ਇੱਟਾਂ ਰੋੜੇ ਸਨ ਅਤੇ ਇੱਕ ਟੁੱਟਿਆ ਜਿਹਾ ਝਾੜੀਨੁਮਾ ਕੈਕਟਸ ਵੀ ਹੋਇਆ ਕਰਦਾ ਸੀ। ਤਿੰਨ ਚਾਰ ਆਵਾਰਾ ਕੁੱਤੇ ਵੀ ਉੱਥੇ ਆਮ ਹੀ ਲਿਟੇ ਰਹਿੰਦੇ ਸਨ। ਦੱਸਿਆ ਜਾਂਦਾ ਸੀ ਕਿ ਇਸ ਥਾਂ ਦੇ ਥੱਲੇ ਕਿਸੇ ਪੀਰ ਫਕੀਰ ਦੀ ਕਬਰ ਸੀ ਅਤੇ ਜੇਕਰ ਇਸ ਥਾਂ ਉੱਤੇ ਪੱਕਾ ਫਰਸ਼ ਲਗਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਤਾਂ ਹਾਲ ਦੀ ਇਮਾਰਤ ਵਿੱਚ ਤ੍ਰੇੜਾਂ ਆ ਜਾਂਦੀਆਂ ਸਨ। ਇਸੇ ਕਰਕੇ ਇਸ ਨੁਕਸਾਨ ਤੋਂ ਬਚਾਅ ਲਈ ਇਸ ਥਾਂ ਉੱਤੇ ਫਰਸ਼ ਨਹੀਂ ਲਗਾਇਆ ਗਿਆ ਸੀ।

ਜਦੋਂ ਮੈਂ ਅਧਿਆਪਕ ਵਜੋਂ ਇਸ ਕਾਲਜ ਵਿੱਚ ਆਇਆ ਤਾਂ ਇਹ ਥਾਂ ਅਤੇ ਇਸ ਨਾਲ ਜੁੜੀ ਕਹਾਣੀ ਮੈਨੂੰ ਥੋਥੀ, ਅੰਧਵਿਸ਼ਵਾਸੀ ਅਤੇ ਗੈਰਵਿਗਿਆਨਕ ਲੱਗਣ ਕਾਰਨ ਮੈਂ ਇਸਨੂੰ ਇੱਥੋਂ ਹਟਾ ਦੇਣ ਦੀ ਗੱਲ ਉਸ ਸਮੇਂ ਦੇ ਪ੍ਰਿੰਸੀਪਲ ਨਾਲ ਉਠਾਈ। ਮੇਰੀ ਧਾਰਨਾ ਸੀ ਕਿ ਕਾਲਜ ਇੱਕ ਚਾਨਣ ਮੁਨਾਰਾ ਹੁੰਦਾ ਹੈ ਜਿਸ ਨੇ ਕਿ ਗਿਆਨ ਦੀ ਰੋਸ਼ਨੀ ਵੰਡਣੀ ਹੁੰਦੀ ਹੈ। ਤਰਕਹੀਣ ਵਿਸ਼ਵਾਸਾਂ ਦਾ ਖੰਡਨ ਕਰਨਾ ਹੁੰਦਾ ਹੈ।

ਪ੍ਰਿੰਸੀਪਲ ਸਾਹਿਬ ਮੇਰੀ ਗੱਲ ਨਾਲ ਸਹਿਮਤ ਤਾਂ ਸਨ ਪਰ ਉਹ ਇਸ ਮਾਮਲੇ ਨੂੰ ਛੇੜਨ ਨਾਲ ਪੈਦਾ ਹੋ ਜਾਣ ਵਾਲੇ ਵਿਵਾਦ ਤੋਂ ਬਚਣ ਵਿੱਚ ਹੀ ਭਲਾਈ ਸਮਝਦੇ ਸਨ। ਉਸ ਤੋਂ ਬਾਅਦ ਵਿੱਚ ਆਏ ਦੋ ਪ੍ਰਿੰਸੀਪਲਾਂ ਦੀ ਸੋਚ ਵੀ ਇਹੋ ਜਿਹੀ ਹੀ ਸੀ। ਫਿਰ ਜਦੋਂ ਅਵਤਾਰ ਸਿੰਘ ਟੁਰਨਾ ਜੀ ਪ੍ਰਿੰਸੀਪਲ ਨਿਯੁਕਤ ਹੋਏ ਤਾਂ ਮੇਰੇ ਸੁਝਾਅ ਨਾਲ ਸਹਿਮਤ ਹੁੰਦਿਆਂ, ਉਨ੍ਹਾਂ ਨੇ ਬੇਲਦਾਰਾਂ ਨੂੰ ਹੁਕਮ ਚਾੜ੍ਹ ਦਿੱਤਾ ਕਿ ਉਸ ਥਾਂ ਨੂੰ ਸਾਫ ਕਰ ਦਿੱਤਾ ਜਾਵੇ ਤਾਂ ਕਿ ਉੱਥੇ ਵੀ ਪੱਕਾ ਫਰਸ਼ ਲਗਾਇਆ ਜਾ ਸਕੇ ਪਰ ਅਫ਼ਸੋਸ ਕਿ ਬੇਲਦਾਰਾਂ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿੱਤਾ। ਬੇਬੱਸ ਜਿਹੇ ਹੋ ਕੇ ਟੁਰਨਾ ਸਾਹਿਬ ਨੇ ਵੀ ਇਸ ਮਸਲੇ ਨੂੰ ਇੱਥੇ ਹੀ ਛੱਡ ਦੇਣਾ ਬਿਹਤਰ ਸਮਝਿਆ। ਬਹੁਤੇ ਦਰਜਾ ਚਾਰ ਕਰਮਚਾਰੀ ਤਾਂ ਉੱਥੇ ਮੱਥੇ ਟੇਕਦੇ, ਮਨਾਉਤਾਂ ਮੰਨਦੇ ਵੀ ਵੇਖੇ ਗਏ। ਕਦੇ ਕਦੇ ਹਰੀ ਚਾਦਰ ਵੀ ਚੜ੍ਹੀ ਹੋਈ ਦੇਖੀ ਗਈ। ਮਿੱਟੀ ਦੇ ਦੀਵਿਆਂ ਦੀਆਂ ਪਾਲਾਂ ਵੀ ਦਿਖਾਈ ਦੇਣ ਲੱਗੀਆਂ।

ਫਿਰ ਸਮਾਂ ਉਹ ਵੀ ਆਇਆ ਕਿ ਕਾਲਜ ਤੋਂ ਹੀ ਇੱਕ ਸੇਵਾਮੁਕਤ ਸਰਦਾਰ ਕਰਮਚਾਰੀ ਹਰ ਵੀਰਵਾਰ ਨੂੰ ਕੜਾਹ ਪ੍ਰਸ਼ਾਦ ਦੀ ਭਰੀ ਬਾਲਟੀ ਆਪਣੇ ਘਰ ਤੋਂ ਲਿਆਉਂਦਾ ਅਤੇ ਮੱਥਾ ਟੇਕਣ ਤੋਂ ਬਾਅਦ ਵਿਦਿਆਰਥੀਆਂ/ਕਰਮਚਾਰੀਆਂ ਵਿੱਚ ਵੰਡ ਦਿੰਦਾ। ਆਖਿਰ ਜਦੋਂ 2005 ਵਿੱਚ ਮੈਂ ਇਸ ਕਾਲਜ ਦਾ ਪ੍ਰਿੰਸੀਪਲ ਨਿਯੁਕਤ ਹੋਇਆ ਤਾਂ ਮੈਂ ਉਸ ਥਾਂ ਨੂੰ ਵੇਖਕੇ ਆਪਣੇ ਆਪ ਨੂੰ ਸੰਬੋਧਨ ਹੋਇਆ ਕਿ :

"ਦਰਸ਼ਨ ਸਿੰਘਾ, ਦੂਸਰੇ ਨੂੰ ਆਖਣਾ ਤਾਂ ਸੌਖਾ ਹੁੰਦਾ ਹੈ। ਸਵਾਦ ਤਾਂ ਤਦ ਆਵੇ ਜੇਕਰ ਹੁਣ ਤੂੰ ਇਸ ਅੰਧਵਿਸ਼ਵਾਸ ਦੀ ਜੜ੍ਹ ਨੂੰ ਪੁੱਟਕੇ ਦਿਖਾਵੇਂ।" ਪ੍ਰਿੰਸੀਪਲ ਟੁਰਨਾ ਜੀ ਦੇ ਤਜਰਬੇ ਨੂੰ ਧਿਆਨ ਵਿੱਚ ਰੱਖਦੇ ਹੋਏ ਮੈਂ ਆਪਣੇ ਕੁੱਝ ਕੁ ਨੇੜਲੇ ਦੋਸਤਾਂ ਨਾਲ ਸਲਾਹ ਕਰਕੇ ਦੋ ਫੈਸਲੇ ਕੀਤੇ:

1. ਕਿਸੇ ਪ੍ਰਾਈਵੇਟ ਠੇਕੇਦਾਰ ਨੂੰ ਇਹ ਥਾਂ ਸਾਫ ਕਰਨ ਅਤੇ ਉੱਥੇ ਪੱਕਾ ਫਰਸ਼ ਲਗਾਉਣ ਦਾ ਠੇਕਾ ਦਿੱਤਾ ਜਾਵੇ।
2. ਇਸ ਕੰਮ ਉੱਤੇ ਆਉਣ ਵਾਲਾ ਖਰਚਾ ਵੀ ਕਿਸੇ ਕਾਲਜ ਫੰਡ ਵਿੱਚੋਂ ਕਰਨ ਦੀ ਬਜਾਏ ਮੇਰੇ ਜਾਂ ਮੇਰੇ ਮਿੱਤਰਾਂ ਵੱਲੋਂ ਕੀਤਾ ਜਾਵੇ।

ਤੇ ਫਿਰ ਕੀਤਾ ਵੀ ਇਵੇਂ ਹੀ ਗਿਆ। ਕੱਚੀ ਮਿੱਟੀ, ਇੱਟਾਂ, ਰੋੜੇ, ਕੈਕਟਸ ਆਦਿ ਦਾ ਨਾਂ ਨਿਸ਼ਾਨ ਮਿਟਾ ਦਿੱਤਾ ਗਿਆ ਅਤੇ ਉਸ ਥਾਂ ਉੱਤੇ ਪੱਕਾ ਸੀਮਿੰਟੀ ਫਰਸ਼ ਲਗਾ ਦਿੱਤਾ ਗਿਆ।

ਅਗਲੇ ਦਿਨ ਜਦੋਂ ਦਰਜਾ ਚਾਰ ਕਰਮਚਾਰੀ ਮੈਨੂੰ ਇਸ ਮਾਮਲੇ ਸਬੰਧੀ ਮਿਲਣ ਆਏ ਤਾਂ ਮੈਂ ਬੇਬਾਕੀ, ਸੁਹਿਰਦਤਾ ਅਤੇ ਤਰੀਕੇ ਨਾਲ ਉਨ੍ਹਾਂ ਨੂੰ ਸਮਝਾਇਆ: ਕਿ "ਕਮਲਿਓ! ਜਿਸ ਜਗ੍ਹਾ ਨੂੰ ਤੁਸੀਂ 'ਪੱਕੀ' ਕਹਿੰਦੇ ਹੋ, ਉਹ ਤਾਂ ਕੱਚੀ ਸੀ ਅਤੇ ਉਸਨੂੰ ਪੱਕੀ **ਬਾਕੀ ਪੰਨਾ 10 'ਤੇ**

# ਆਪਣੀ ਧੀ ਚੰਗੇ ਘਰ ਵਿਆਹ ’ਤੀ, ਦੂਜਿਆਂ ਦੀਆਂ ਸੰਨਿਆਸਣਾਂ ਬਣਾਈ ਜਾਨਾ - ਮਦਰਾਸ ਹਾਈ ਕੋਰਟ

**ਚੇਨਈ :** ਕੋਇੰਬਟੂਰ ਦੇ ਅਸਿਸਟੈਂਟ ਡਿਪਟੀ ਸੁਪਰਡੈਂਟ ਰੈਂਕ ਦੇ ਅਧਿਕਾਰੀ ਦੀ ਅਗਵਾਈ ਵਿੱਚ 150 ਪੁਲਿਸ ਅਧਿਕਾਰੀਆਂ ਦੀ ਬਟਾਲੀਅਨ ਨੇ ਥੋਂਡਾਮੁਤੁਰ ਵਿੱਚ ਈਸ਼ਾ ਫਾਊਂਡੇਸ਼ਨ ਦੇ ਆਸ਼ਰਮ ਦੀ ਤਲਾਸ਼ੀ ਲਈ। ਮਦਰਾਸ ਹਾਈ ਕੋਰਟ ਵੱਲੋਂ ਫਾਊਂਡੇਸ਼ਨ ਖਿਲਾਫ਼ ਸਾਰੇ ਫ਼ੌਜਦਾਰੀ ਮਾਮਲਿਆਂ ਦੀ ਰਿਪੋਰਟ ਮੰਗੇ ਜਾਣ ’ਤੇ ਇਹ ਪੁਲਿਸ ਐਕਸ਼ਨ ਕੀਤਾ ਗਿਆ। ਅਧਿਕਾਰੀਆਂ ਨੇ ਕਿਹਾ ਕਿ ਅਪ੍ਰੇਸ਼ਨ ਤਹਿਤ ਆਸ਼ਰਮ ਵਿੱਚ ਰਹਿੰਦੇ ਲੋਕਾਂ ਦੀ ਵੈਰੀਫਿਕੇਸ਼ਨ ਕੀਤੀ ਗਈ।

ਹਾਈ ਕੋਰਟ ਨੇ ਉਪਰੋਕਤ ਹੁਕਮ ਰਿਟਾਇਰਡ ਪ੍ਰੋਫੈਸਰ ਡਾ. ਐੱਸ. ਕਾਮਰਾਜ ਵੱਲੋਂ ਦਿੱਤੀ ਗਈ ਇਸ ਅਰਜ਼ੀ ਦੀ ਸੁਣਵਾਈ ਕਰਦਿਆਂ ਦਿੱਤਾ ਸੀ ਕਿ ਉਸਦੀਆਂ ਦੋ ਧੀਆਂ ਗੀਤਾ ਕਾਮਰਾਜ (42) ਤੇ ਲਤਾ ਕਾਮਰਾਜ (39) ਨੂੰ ਫਾਊਂਡੇਸ਼ਨ ਵੱਲੋਂ ਕੋਇੰਬਟੂਰ ਵਿੱਚ ਬੰਦੀ ਬਣਾ ਕੇ ਰੱਖਿਆ ਜਾ ਰਿਹਾ ਹੈ। ਪ੍ਰੋਫੈਸਰ ਨੇ ਕਿਹਾ ਹੈ ਕਿ ਫਾਊਂਡੇਸ਼ਨ ਆਸ਼ਰਮ ਵਿੱਚ ਮਹਿਲਾਵਾਂ ਦਾ ਬ੍ਰੇਨਵਾਸ਼ ਕਰ ਰਹੀ ਹੈ, ਉਨ੍ਹਾਂ ਨੂੰ ਸੰਨਿਆਸਣਾਂ ਬਣਾ ਰਹੀ ਹੈ ਤੇ ਪਰਿਵਾਰਾਂ ਨੂੰ ਮਿਲਣ ਨਹੀਂ ਦਿੰਦੀ। ਕੋਰਟ ਨੇ ਸੁਣਵਾਈ ਦੌਰਾਨ ਈਸ਼ਾ ਫਾਊਂਡੇਸ਼ਨ ਦੇ ਬਾਨੀ ਸਦਗੁਰੂ ਵਾਸੂਦੇਵ, ਜਿਸਨੂੰ ਜੱਗੀ ਮਹਾਰਾਜ ਵਜੋਂ ਜਾਣਿਆਂ ਜਾਂਦਾ ਹੈ, ਦੀ ਆਪਣੀ ਜ਼ਿੰਦਗੀ ਦੇ ਆਪਾ-ਵਿਰੋਧ ’ਤੇ ਕਿੰਤੂ ਕੀਤਾ। ਜਸਟਿਸ ਐੱਸ. ਐੱਮ. ਸੁਬਰਾਮਨੀਅਮ ਤੇ ਜਸਟਿਸ ਵੀ ਸ਼ਿਵਗਣਨਮ ਨੇ ਪੁੱਛਿਆ ਕਿ ਸਦਗੁਰੂ ਨੇ ਆਪਣੀ ਧੀ ਤਾਂ ਚੰਗੇ ਘਰ ਵਿਆਹ ਦਿੱਤੀ ਤੇ ਹੋਰਨਾਂ ਮੁਟਿਆਰਾਂ ਨੂੰ ਆਪਣੇ ਕੇਂਦਰਾਂ ਵਿੱਚ ਮੁੰਡਨ ਕਰਕੇ ਤੇ ਦੀਨ-ਦੁਨੀਆਂ ਨੂੰ ਭੁਲਾ ਕੇ ਸੰਨਿਆਸਣਾਂ ਵਰਗੀ ਜ਼ਿੰਦਗੀ ਜਿਉਣ ਲਈ ਉਤਸ਼ਾਹਤ ਕਰ ਰਿਹਾ ਹੈ।

ਜਦੋਂ ਪ੍ਰੋਫੈਸਰ ਕਾਮਰਾਜ ਨੇ ਕਿਹਾ ਕਿ ਉਸਦੀਆਂ ਦੋਹਾਂ ਧੀਆਂ ਨੂੰ ਵੇਲਿਅਨਗਿਰੀ (ਕੋਇੰਬਟੂਰ) ਦੀਆਂ ਪਹਾੜੀਆਂ ਵਿੱਚ ਸਥਿਤ ਯੋਗਾ ਕੇਂਦਰ ਵਿੱਚ ਉਨ੍ਹਾਂ ਦੀ ਇੱਛਾ ਦੇ ਖਿਲਾਫ਼ ਰੱਖਿਆ ਜਾ ਰਿਹਾ ਹੈ ਤਾਂ ਕੋਰਟ ਵਿੱਚ ਮੌਜੂਦ ਦੋਹਾਂ ਧੀਆਂ ਨੇ ਕਿਹਾ ਕਿ ਉਹ ਆਪਣੀ ਮਰਜ਼ੀ ਨਾਲ ਉੱਥੇ ਰਹਿ ਰਹੀਆਂ ਹਨ, ਕਿਸੇ ਨੇ ਜ਼ਬਰਦਸਤੀ ਨਹੀਂ ਰੱਖਿਆ ਹੋਇਆ।

ਪ੍ਰੋਫੈਸਰ ਕਾਮਰਾਜ ਨੇ ਆਪਣੀ ਪਟੀਸ਼ਨ ਵਿੱਚ ਕਿਹਾ ਹੈ ਕਿ ਉਸਦੀ ਵੱਡੀ ਧੀ ਇੰਗਲੈਂਡ ਦੀ ਨਾਮੀ ਯੂਨੀਵਰਸਿਟੀ ਤੋਂ ਮੈਕਟਰੋਨਿਕਸ ਵਿੱਚ ਪੋਸਟਗ੍ਰੈਜੂਏਟ ਹੈ। ਉਹ 2008 ਵਿੱਚ ਤਲਾਕ ਤੋਂ ਪਹਿਲਾਂ ਚੰਗੀ ਤਨਖਾਹ ਲੈਂਦੀ ਸੀ। ਤਲਾਕ ਤੋਂ ਬਾਅਦ ਉਹ ਫਾਊਂਡੇਸ਼ਨ ਦੀਆਂ ਯੋਗਾ ਕਲਾਸਾਂ ਵਿੱਚ ਜਾਣ ਲੱਗੀ। ਛੋਟੀ ਧੀ ਸਾਫਟਵੇਅਰ ਇੰਜੀਨੀਅਰ ਹੈ ਤੇ ਉਹ ਵੀ ਵੱਡੀ ਭੈਣ ਦੇ ਰਾਹ ਤੁਰ ਪਈ ਅਤੇ ਪੱਕੇ ਤੌਰ ’ਤੇ ਕੇਂਦਰ ਵਿੱਚ ਰਹਿਣ ਲੱਗੀ। ਪ੍ਰੋਫੈਸਰ ਕਾਮਰਾਜ ਨੇ ਦੋਸ਼ ਲਾਇਆ ਹੈ ਕਿ ਫਾਊਂਡੇਸ਼ਨ ਵਾਲਿਆਂ ਨੇ ਖਾਣੇ ਵਿੱਚ ਮਿਲਾਵਟ ਕਰਕੇ ਤੇ ਦਵਾਈਆਂ ਆਦਿ ਦੇ ਕੇ ਉਸਦੀਆਂ ਧੀਆਂ ਦੀ ਇਹ ਹਾਲਤ ਕਰ ਦਿੱਤੀ ਹੈ ਕਿ ਉਹ ਪਰਿਵਾਰ ਤੋਂ ਬੇਮੁਖ ਹੋ ਗਈਆਂ ਹਨ।

ਕੋਰਟ ਨੇ ਆਪਣੇ ਹੁਕਮ ਵਿਚ ਕਿਹਾ-ਪਟੀਸ਼ਨਰ ਦੀ ਸ਼ਿਕਾਇਤ ਹੈ ਕਿ ਫਾਊਂਡੇਸ਼ਨ ਬ੍ਰੇਨਵਾਸ਼ ਕਰਕੇ ਉੱਥੇ ਰਹਿਣ ਵਾਲੀਆਂ ਲੜਕੀਆਂ ਨੂੰ ਸੰਨਿਆਸਣਾਂ ਬਣਾ ਰਹੀ ਹੈ ਤੇ ਉਨ੍ਹਾਂ ਨੂੰ ਮਾਪਿਆਂ ਤੇ ਰਿਸ਼ਤੇਦਾਰਾਂ ਨੂੰ ਮਿਲਣ ਨਹੀਂ ਦਿੰਦੀ। ਪਟੀਸ਼ਨਰ ਨੇ ਕੇਂਦਰ ਦੀ ਅੰਦਰਲੀ ਹਾਲਤ ਬਾਰੇ ਕਈ ਗੱਲਾਂ ਕਹੀਆਂ ਹਨ। ਪਟੀਸ਼ਨਰ ਨੇ ਕਿਹਾ ਹੈ ਕਿ ਫਾਊਂਡੇਸ਼ਨ ਵਿੱਚ ਕੰਮ ਕਰ ਰਹੇ ਇੱਕ ਡਾਕਟਰ ਖਿਲਾਫ਼ ਪੋਕਸੋ (ਬਾਲਾਂ ਨੂੰ ਜਿਨਸੀ ਸ਼ੋਸ਼ਣ ਤੋਂ ਬਚਾਉਣ ਦਾ ਕਾਨੂੰਨ) ਤਹਿਤ ਕੇਸ ਦਰਜ ਹੋਇਆ ਹੈ। ਡਾਕਟਰ ਖਿਲਾਫ਼ ਦੋਸ਼ ਹੈ ਕਿ ਉਸਨੇ ਆਦੀਵਾਸੀ ਸਰਕਾਰੀ ਸਕੂਲ ਵਿੱਚ ਪੜ੍ਹ ਰਹੀਆਂ 12 ਕੁੜੀਆਂ ਦਾ ਜਿਨਸੀ ਸ਼ੋਸ਼ਣ ਕੀਤਾ ਸੀ।

ਹਾਲਾਂਕਿ ਪ੍ਰੋਫੈਸਰ ਕਾਮਰਾਜ ਦੀਆਂ ਦੋਹਾਂ ਧੀਆਂ ਨੇ ਕਿਹਾ ਕਿ ਉਹ ਮਰਜ਼ੀ ਨਾਲ ਈਸ਼ਾ ਫਾਊਂਡੇਸ਼ਨ ਵਿਖੇ ਰਹਿ ਰਹੀਆਂ ਹਨ। ਜਸਟਿਸ ਸੁਬਰਾਮਨੀਅਮ ਤੇ ਜਸਟਿਸ ਵੀ ਸ਼ਿਵਗਣਨਮ ਦੀ ਤਸੱਲੀ ਨਹੀਂ ਹੋਈ। ਜਸਟਿਸ ਸ਼ਿਵਗਣਨਮ ਨੇ ਟਿੱਪਣੀ ਕੀਤੀ-ਅਸੀਂ ਜਾਣਨਾ ਚਾਹੁੰਦੇ ਹਾਂ ਕਿ ਜਿਹੜੇ ਵਿਅਕਤੀ ਨੇ ਆਪਣੀ ਧੀ ਵਿਆਹ ਕੇ ਚੰਗੀ ਤਰ੍ਹਾਂ ਵਸਾ ਦਿੱਤੀ, ਉਹ ਦੂਜਿਆਂ ਦੀਆਂ ਧੀਆਂ ਨੂੰ ਸਿਰ ਮੁੰਡਵਾਉਣ ਤੇ ਸੰਨਿਆਸਣਾਂ ਵਾਲੀ ਜ਼ਿੰਦਗੀ ਜਿਉਣ ਲਈ ਕਿਉਂ ਉਤਸ਼ਾਹਤ ਕਰ ਰਿਹਾ ਹੈ? ਇੱਥੇ ਸ਼ੱਕ ਪੈਂਦਾ ਹੈ। ਈਸ਼ਾ ਫਾਊਂਡੇਸ਼ਨ ਦੇ ਵਕੀਲ ਰਜਿੰਦਰ ਕੁਮਾਰ ਨੇ ਕਿਹਾ ਕਿ ਬਾਲਗਾਂ ਨੂੰ ਰੂਹਾਨੀ ਪਥ ਚੁਣਨ ਸਮੇਤ ਆਪਣੀ ਜ਼ਿੰਦਗੀ ਬਾਰੇ ਖ਼ੁਦ ਫ਼ੈਸਲੇ ਲੈਣ ਦਾ ਹੱਕ ਹੈ। ਅਜਿਹੇ ਨਿੱਜੀ ਫੈਸਲਿਆਂ ਵਿੱਚ ਕੋਰਟ ਵੱਲੋਂ ਜਾਂਚ ਦਾ ਹੁਕਮ ਦੇਣਾ ਬੇਲੋੜਾ ਹੈ, ਕਿਉਂਕਿ ਮਹਿਲਾਵਾਂ ਆਪਣੀ ਮਰਜ਼ੀ ਨਾਲ ਜ਼ਿੰਦਗੀ ਜੀਅ... **ਬਾਕੀ ਪੰਨਾ 16 ’ਤੇ**

**'ਬਾਬਾ' ਦਾਤੀ ਮਹਾਰਾਜ 'ਤੇ ਜਬਰ-ਜ਼ਨਾਹ ਦੇ ਦੋਸ਼ ਤੈਅ**

ਨਵੀਂ ਦਿੱਲੀ-ਦਿੱਲੀ ਦੀ ਇੱਕ ਅਦਾਲਤ ਨੇ ਖ਼ੁਦ ਬਣੇ ਬਾਬਾ ਦਾਤੀ ਮਹਾਰਾਜ ਅਤੇ ਉਸ ਦੇ 2 ਭਰਾਵਾਂ ਅਸ਼ੋਕ ਤੇ ਅਰਜੁਨ ਵਿਰੁੱਧ ਜਬਰ-ਜ਼ਨਾਹ, ਗੈਰ-ਕੁਦਰਤੀ ਸੈਕਸ ਤੇ ਅਪਰਾਧਿਕ ਧਮਕੀ ਦੇ ਦੋਸ਼ ਤੈਅ ਕੀਤੇ ਹਨ। ਇਸਤਗਾਸਾ ਪੱਖ ਲਈ ਸਬੂਤ ਪੇਸ਼ ਕਰਨ ਲਈ ਤਰੀਕ ਰੱਖੀ ਗਈ ਹੈ। ਦਾਤੀ ਮਹਾਰਾਜ ਦੀ ਇੱਕ ਮਹਿਲਾ ਪੈਰੋਕਾਰ ਵੱਲੋਂ 7 ਜੂਨ, 2018 ਨੂੰ ਦੱਖਣੀ ਦਿੱਲੀ ਦੇ ਫਤਿਹਪੁਰ ਬੇਰੀ ਥਾਣੇ 'ਚ ਉਸ ਅਤੇ ਉਸ ਦੇ ਤਿੰਨ ਭਰਾਵਾਂ ਅਸ਼ੋਕ, ਅਨਿਲ ਅਤੇ ਅਰਜੁਨ ਵਿਰੁੱਧ ਜਬਰ ਜ਼ਨਾਹ ਦੀ ਸ਼ਿਕਾਇਤ ਦਰਜ ਕਰਵਾਈ ਗਈ ਸੀ ਇਸ ਤੋਂ ਬਾਅਦ ਜਬਰ ਜ਼ਨਾਹ, ਗੈਰ ਕੁਦਰਤੀ ਸੈਕਸ, ਛੇੜਛਾੜ ਤੇ ਸਾਜ਼ਿਸ਼ ਰਚਨ ਦੇ ਕਥਿਤ ਅਪਰਾਧਾਂ ਲਈ 11 ਜੂਨ ਨੂੰ ਐਫ. ਆਈ. ਆਰ. ਦਰਜ ਕੀਤੀ ਗਈ ਸੀ। 22 ਜੂਨ ਨੂੰ ਪੁਲਸ ਨੇ ਦਾਤੀ ਕੋਲੋਂ ਪੁੱਛ-ਗਿੱਛ ਕੀਤੀ ਸੀ **ਜਗਬਾਣੀ** (22-09-2024)

**ਪੰਜਾਬੀ ਐੱਨ. ਆਰ. ਆਈ. ਨਾਲ ਜ਼ਬਰ ਜਨਾਹ ਦੇ ਦੋਸ਼ 'ਚ ਕਰਨਾਟਕ ਦਾ ਯੋਗ ਗੁਰੂ ਗ੍ਰਿਫ਼ਤਾਰ**

ਚਿੱਕਮਗਲੂਰੂ : ਕਰਨਾਟਕ ਪੁਲੀਸ ਨੇ ਪਰਵਾਸੀ ਭਾਰਤੀ (ਐੱਨ.ਆਰ.ਆਈ.) ਔਰਤ ਨਾਲ ਜਬਰ ਜਨਾਹ ਕਰਨ ਦੇ ਦੋਸ਼ ਹੇਠ ਯੋਗ ਗੁਰੂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਦੱਸਿਆ ਕਿ ਯੋਗ ਗੁਰੂ ਨੇ ਪਿਛਲੇ ਜਨਮ ਦਾ ਰਿਸ਼ਤਾ ਹੋਣ ਦਾ ਝਾਂਸਾ ਦੇ ਕੇ ਔਰਤ ਨਾਲ ਅਜਿਹਾ ਕੀਤਾ। ਪੁਲੀਸ ਨੇ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਕੇਵਲ ਫਾਊਂਡੇਸ਼ਨ ਦੇ ਪ੍ਰਦੀਪ ਉਲਾਲ (54) ਖ਼ਿਲਾਫ਼ ਕੇਸ ਦਰਜ ਕੀਤਾ ਹੈ। ਸ਼ਿਕਾਇਤ ਕਰਤਾ ਔਰਤ ਪੰਜਾਬ ਨਾਲ ਸਬੰਧਤ ਹੈ ਅਤੇ ਹੁਣ ਅਮਰੀਕਾ ਦੇ ਕੈਲੀਫੋਰਨੀਆ ਵਿੱਚ ਰਹਿੰਦੀ ਹੈ। ਪੀੜਤਾ ਨੇ ਦੋਸ਼ ਲਾਇਆ ਕਿ ਉਹ ਯੋਗ ਗੁਰੂ ਨੂੰ ਤਿੰਨ ਵਾਰ ਹੀ ਮਿਲੀ ਸੀ। **-ਪੀਟੀਆਈ** (05-09-2024) (**ਪੰਜਾਬੀ ਟ੍ਰਿਬਿਊਨ**)

**ਜਬਰ-ਜਨਾਹ : ਡੇਰਾ ਚਰਨ ਘਾਟ ਠਾਠ ਮੁਖੀ ਖ਼ਿਲਾਫ਼ ਇੱਕ ਹੋਰ ਕੇਸ ਦਰਜ:** ਡੇਰਾ ਚਰਨ ਠਾਠ ਮੁਖੀ ਖ਼ਿਲਾਫ਼ ਇੱਕ ਮੁਟਿਆਰ ਦੀ ਸ਼ਿਕਾਇਤ 'ਤੇ ਜਗਰਾਉਂ ਪੁਲੀਸ ਮਗਰੋਂ ਮੋਗਾ ਪੁਲਿਸ ਨੇ ਵੀ ਜਬਰ-ਜਨਾਹ ਦੇ ਦੋਸ਼ ਹੇਠ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਗਰਾਉਂ ਪੁਲੀਸ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਹੁਣ ਨਿਆਇਕ ਹਿਰਾਸਤ ਵਿਚ ਹੈ ਪੀੜਤ ਮੁਟਿਆਰ ਦਾ ਪਰਿਵਾਰ ਡੇਰੇ ਦਾ ਸ਼ਰਧਾਲੂ ਹੈ। ਮੁਟਿਆਰ ਦਾ ਭਰਾ ਡੇਰੇ ਵਿੱਚ ਸੇਵਾ ਕਰਦਾ ਸੀ ਅਤੇ ਉਹ ਘਰ ਵਿੱਚ ਕਲੇਸ਼ ਕਰਨ ਲੱਗ ਪਿਆ। ਡੇਰੇ ਪ੍ਰਤੀ ਪਰਿਵਾਰ ਦੀ ਸ਼ਰਧਾ ਤੇ ਭਰੋਸਾ ਹੋਣ ਕਾਰਨ ਉਨ੍ਹਾਂ ਇਹ ਮਾਮਲਾ ਮੁਲਜ਼ਮ ਬਾਬੇ ਦੇ ਧਿਆਨ ਵਿੱਚ ਲਿਆਂਦਾ। ਇਸ ਸਬੰਧੀ ਮੁਲਜ਼ਮ ਨੇ 6 ਮਈ ਨੂੰ ਡਰੋਲੀ ਭਾਈ ਗੁਰਦੁਆਰੇ 'ਚ ਅਰਦਾਸ ਕਰਨ ਲਈ ਕਿਹਾ। ਇਸ ਦੌਰਾਨ ਫਾਰਚੂਨਰ ਵਿੱਚ ਮੁਲਜ਼ਮ ਬਾਬਾ ਉਨ੍ਹਾਂ ਨੂੰ ਸਥਾਨਕ ਬੁੱਘੀਪੁਰਾ ਚੌਂਕ ਸਥਿਤ ਹੋਟਲ 'ਚ ਲੈ ਗਿਆ ਅਤੇ ਚਰਨਜੀਤ ਨਾਮ ਦੇ ਸੇਵਾਦਾਰ ਨੂੰ ਉੱਥੋਂ ਭੇਜ ਦਿੱਤਾ। ਇਸ ਦੌਰਾਨ ਮੁਲਜ਼ਮ ਨੇ ਪੀੜਤ ਮੁਟਿਆਰ ਨਾਲ ਕਥਿਤ ਜਬਰ ਜਨਾਹ ਕੀਤਾ। ਪੁਲੀਸ ਦੀ ਤਫ਼ਤੀਸ਼ ਦੌਰਾਨ ਮੁਲਜ਼ਮ ਦਾ ਹੋਟਲ 'ਚ ਪੀੜਤ ਮੁਟਿਆਰ ਨਾਲ ਠਹਿਰਨ ਦਾ ਰਿਕਾਰਡ ਵੀ ਮਿਲ ਗਿਆ ਇਸ ਮਗਰੋਂ ਉਸ ਨੂੰ ਧਮਕੀ ਦਿੱਤੀ ਗਈ ਕਿ ਜੇ ਕਿਸੇ ਕੋਲ ਮੂੰਹ ਖੋਲ੍ਹਿਆ ਤਾਂ ਅਸ਼ਲੀਲ ਸਮੱਗਰੀ ਵਾਇਰਲ ਕਰ ਦਿੱਤੀ ਜਾਵੇਗੀ। ਪੀੜਤ ਨੇ ਦੱਸਿਆ ਕਿ ਇਸ ਮਗਰੋਂ ਉਸ ਵੱਲੋਂ ਉਸ ਨਾਲ ਡੇਰੇ ਦੇ ਭੋਰੇ ਵਿੱਚ ਵੀ ਕਥਿਤ ਜਬਰ ਜਨਾਹ ਕੀਤਾ ਜਾਂਦਾ ਰਿਹਾ। **-ਪੰਜਾਬੀ ਟ੍ਰਿਬਿਊਨ** (19 ਸਤੰਬਰ 2024)

**ਛੱਤੀਸਗੜ੍ਹ: ਜਾਦੂ-ਟੂਣੇ ਦੇ ਸ਼ੱਕ - ਹੇਠ ਪੰਜ ਜਣਿਆਂ ਦੀ ਹੱਤਿਆ:** ਸੁਕਮਾ: ਛੱਤੀਸਗੜ੍ਹ ਦੇ ਕਬਾਇਲੀ ਬਹੁ ਗਿਣਤੀ ਵਾਲੇ ਸੁਕਮਾ ਜ਼ਿਲ੍ਹੇ ਦੇ ਇੱਕ ਪਿੰਡ 'ਚ ਜਾਦੂ-ਟੋਨਾ ਕਰਨ ਦੇ ਸ਼ੱਕ ਹੇਠ ਤਿੰਨ ਮਹਿਲਾਵਾਂ ਸਮੇਤ ਪੰਜ ਜਣਿਆਂ ਦੀ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਨੇ ਇਨ੍ਹਾਂ ਹੱਤਿਆਵਾਂ ਦੇ ਮਾਮਲੇ 'ਚ ਇੱਕ ਹੀ ਪਿੰਡ ਦੇ ਪੰਜ ਜਣਿਆਂ ਨੂੰ ਹਿਰਾਸਤ 'ਚ ਲਿਆ ਹੈ ਇੱਕ ਪੁਲੀਸ ਅਧਿਕਾਰੀ ਨੇ ਇੱਥੇ ਦੱਸਿਆ ਕਿ ਇਹ ਘਟਨਾ ਕੋਂਟਾ ਥਾਣੇ ਅਧੀਨ ਪੈਂਦੇ ਖੇਤਰ ਦੇ ਏਕਤਲ ਪਿੰਡ 'ਚ ਵਾਪਰੀ ਤੇ ਪੀੜਤਾਂ ਦੀ ਪਛਾਣ ਮੌਸਮ ਕੰਨਾ (34), ਉਸ ਦੀ ਪਤਨੀ ਮੌਸਮ ਬਿਰੀ, ਮੌਸਮ ਬੁੱਚਾ (34), ਉਸ ਦੀ ਪਤਨੀ ਮੌਸਮ ਆਰਜੂ (32) ਵਜੋਂ ਹੋਈ ਹੈ। (**ਨਵਾਂ ਜ਼ਮਾਨਾ**) (17/9/24)

**ਕੇਰਲ: ਮੰਦਰ ਵਿੱਚੋਂ ਸੋਨਾ ਚੋਰੀ ਕਰਨ ਦੇ ਦੋਸ਼ ਹੇਠ ਪੁਜਾਰੀ ਗ੍ਰਿਫਤਾਰ:** ਥਿਰੂਵਨੰਤਪੁਰਮ: ਕੇਰਲ ਦੀ ਰਾਜਧਾਨੀ ਵਿੱਚ ਮਨਾਕੋਡ ਸਥਿਤ ਇਕ ਮੰਦਰ ਵਿੱਚੋਂ ਕਥਿਤ ਤੌਰ 'ਤੇ ਸੋਨੇ ਦੇ ਗਹਿਣੇ ਚੋਰੀ ਕਰਨ ਦੇ ਦੋਸ਼ ਹੇਠ ਇਕ ਪੁਜਾਰੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਮੁੱਥੁਮਾਰੀ ਅੰਮਨ ਮੰਦਰ ਵਿੱਚ ਪੁਜਾਰੀ ਵਜੋਂ ਸੇਵਾ ਨਿਭਾਉਂਦੇ ਅਰੁਣ (33) 'ਤੇ ਮੰਦਰ ਵਿੱਚੋਂ ਤਿੰਨ ਤੋਲੇ ਸੋਨਾ ਚੋਰੀ ਕਰਨ ਦਾ ਦੋਸ਼ ਹੈ। ਪੁਲੀਸ ਨੇ ਦੱਸਿਆ ਕਿ ਪੁੱਛ-ਪੜਤਾਲ ਦੌਰਾਨ ਪੁਜਾਰੀ ਨੇ ਸੋਨਾ ਚੋਰੀ ਕਰਨ ਦੀ ਗੱਲ ਕਬੂਲ ਕਰਨ ਦੇ ਨਾਲ ਹੀ ਇਹ ਵੀ ਸਵੀਕਾਰ ਕੀਤਾ ਕਿ ਉਸ ਨੇ ਸੋਨਾ ਗਹਿਣੇ ਰੱਖ ਕੇ ਪੈਸੇ ਲਏ ਸਨ। **ਪੰਜਾਬੀ ਟ੍ਰਿਬਿਊਨ** (8/10/24)

# ਕਹਾਣੀ ਪਹੀਏ ਦੀ

**ਜੋਧ ਸਿੰਘ ਮੋਗਾ**

ਸਾਰੇ ਵਿਗਿਆਨੀ ਅੱਜ ਇਹ ਗੱਲ ਮੰਨਦੇ ਹਨ ਕਿ ਦੁਨੀਆਂ ਦੀ ਸਭ ਤੋਂ ਵੱਡੀ ਖੋਜ ਜਾਂ ਕਾਢ ਪਹੀਆ ਹੀ ਹੈ, ਜਿਸ 'ਤੇ ਦੁਨੀਆਂ ਦੀਆਂ ਹੋਰ ਸਾਰੀਆਂ ਕਾਢਾਂ ਨਿਰਭਰ ਹਨ। ਕਈ ਕਾਢਾਂ ਤਾਂ ਅਚਨਚੇਤ ਹੀ ਹੋ ਗਈਆਂ ਜਿਵੇਂ ਰੇਡੀਅਮ ਅਤੇ ਪੈਂਸਲੀਨ। ਸ਼ਾਇਦ ਪਹੀਏ ਦਾ ਵਿਚਾਰ ਵੀ ਇਸੇ ਤਰ੍ਹਾਂ ਹੀ ਲੱਭਿਆ ਹੋਵੇਗਾ। ਹਜ਼ਾਰਾਂ ਸਾਲ ਪਹਿਲਾਂ ਮਨੁੱਖ ਭਾਰੀ ਚੀਜ਼ ਨੂੰ ਘੜੀਸ ਕੇ ਇੱਕ ਥਾਂ ਤੋਂ ਦੂਜੀ ਥਾਂ ਲਿਜਾਂਦਾ ਸੀ। ਇੱਕ ਦਿਨ ਇੱਕ ਵਿਅਕਤੀ ਨੇ ਪਹਾੜੀ 'ਤੇ ਬਹੁਤ ਮੋਟੇ ਤਣੇ ਵਾਲਾ ਬਹੁਤ ਭਾਰਾ ਦਰੱਖ਼ਤ ਕੱਟ ਲਿਆ। ਉਸ ਨੂੰ ਪੂਰੀ ਤਰ੍ਹਾਂ ਛਾਗ ਲਿਆ। ਹੁਣ ਉਹ ਇੱਕ ਭਾਰੀ ਗੋਲ ਖੁੰਡ ਸੀ। ਉਹ ਉਸ ਨੂੰ ਘੜੀਸਣ ਬਾਰੇ ਸੋਚ ਰਿਹਾ ਸੀ ਕਿ ਕਿਸੇ ਕਾਰਨ ਅਚਨਚੇਤ ਉਹ ਪਹਾੜੀ ਤੋਂ ਰੁੜ੍ਹ ਪਿਆ ਅਤੇ ਢਲਾਨ 'ਤੇ ਰੁੜ੍ਹਦਾ-ਰੁੜ੍ਹਦਾ ਉਸ ਦੀ ਝੌਂਪੜੀ ਤੱਕ ਪਹੁੰਚ ਗਿਆ। ਇਹ ਸ਼ਾਇਦ ਪਹੀਏ ਦਾ ਪਹਿਲਾ ਜਨਮ ਦਿਨ ਸੀ। ਮਨੁੱਖ ਦੇ ਮਨ ਵਿੱਚ ਗੋਲ ਚੀਜ਼ ਦੇ ਰੁੜ੍ਹਨ ਬਾਰੇ ਵਿਚਾਰ ਪੈਦਾ ਹੋ ਗਿਆ। ਇਸ ਤੋਂ ਮਗਰੋਂ ਪਹੀਏ ਨੇ ਹੌਲੀ-ਹੌਲੀ ਜੋ ਤਰੱਕੀ ਕੀਤੀ ਹੈ, ਉਹ ਤੁਸੀਂ ਅੱਜ ਦੇਖ ਹੀ ਰਹੇ ਹੋ।







ਪਹੀਏ ਦੇ ਕੁੱਝ ਪੁਰਾਣੇ ਨਿਸ਼ਾਨ ਅਤੇ ਨਮੂਨੇ ਚਾਰ ਕੁ ਹਜ਼ਾਰ ਸਾਲ ਪਹਿਲਾਂ ਮਿਲੇ ਹਨ ਜੋ ਲੱਕੜ ਦੇ ਫੱਟਿਆਂ ਨੂੰ ਜੋੜ ਕੇ ਅਤੇ ਗੋਲ ਕਰਕੇ ਬਣੇ ਹੋਏ ਸਨ। ਫਿਰ ਇਸ ਵਿਚਕਾਰ ਮੋਰੀ ਕਰਕੇ ਧੁਰੇ ਜਾਂ ਐਕਸਲ ਦੀ ਵਰਤੋਂ ਸ਼ੁਰੂ ਹੋ ਗਈ, ਜਿਸ ਨਾਲ ਪਹੀਆ ਹੌਲਾ ਅਤੇ ਤੇਜ਼ ਤੁਰਨ ਲੱਗ ਪਿਆ। ਅੱਜ ਦਾ ਹਰ ਪਹੀਆ ਚੱਕਰ ਅਤੇ ਐਕਸ ਦੇ ਸਿਧਾਂਤ 'ਤੇ ਕੰਮ ਕਰਦਾ ਹੈ। ਪਹੀਏ ਨੂੰ ਹੌਲਾ ਕਰਨ ਵਾਸਤੇ ਧੁਰੇ ਅਤੇ ਚੱਕਰ ਵਿਚਕਾਰ ਲੱਕੜ ਦੀਆਂ ਕੜੀਆਂ ਲੱਗੀਆਂ ਹੋਈਆਂ ਹਨ, ਜਿਵੇਂ ਤੁਸੀਂ ਰੇਹੜੀਆਂ ਦੇ ਪਹੀਏ ਦੀਆਂ ਦੇਖਦੇ ਹੋ, ਹੋਰ ਹੌਲਾ ਕਰਨ ਵਾਸਤੇ ਲੋਹੇ ਦੀਆਂ ਤਾਰਾਂ ਵਰਤੀਆਂ ਜਿਵੇਂ ਤੁਹਾਡੇ ਸਾਈਕਲ ਦੀਆਂ ਤਾਰਾਂ ਹਨ। ਫਿਰ ਇੱਕ ਡਨਲੱਪ 'ਸਾਹਿਬ' ਨੇ ਟਾਇਰ ਅਤੇ ਟਿਊਬ ਬਣਾ ਲਏ। ਪਹਿਲਾਂ ਟਿਊਬ ਵਿੱਚ ਪਾਣੀ ਭਰਿਆ ਜਾਂਦਾ ਸੀ, ਫਿਰ ਹੌਲਾ ਕਰਨ ਵਾਸਤੇ ਹਵਾ ਭਰਨ ਦੀ ਖੋਜ ਹੋ ਗਈ। ਅੱਜ ਦੀਆਂ ਨਵੀਆਂ ਕਾਰਾਂ ਦੇ ਟਾਇਰਾਂ ਵਿੱਚ ਤਾਂ ਟਿਊਬ ਵੀ ਨਹੀਂ ਹੁੰਦੀ। ਸੋ, ਅੱਜ ਦੇ ਪਹੀਏ ਬੜੇ ਹੌਲੇ, ਮਜ਼ਬੂਤ, ਤਕੜੇ ਅਤੇ ਤੇਜ਼ ਹੋ ਗਏ ਹਨ।

ਖੋਜਾਂ ਕਰਦੇ, ਚਾਰ ਹਜ਼ਾਰ ਸਾਲਾਂ ਵਿੱਚ ਪਹੀਏ ਦਾ ਪਰਿਵਾਰ ਬਹੁਤ ਵੱਡਾ ਹੋ ਗਿਆ ਹੈ। ਚੱਲਣ ਵਾਲੀਆਂ ਸਭ ਮਸ਼ੀਨਾਂ ਵਿੱਚ ਪੁਰਜ਼ੇ, ਪੁਲੀਆਂ, ਗਰਾਰੀਆਂ, ਬਾਲ ਬੇਰਿੰਗ ਸਭ ਪਹੀਏ ਦੇ ਹੀ ਪੁੱਤ-ਪੋਤੇ, ਪੜੋਤੇ ਅਤੇ ਭੈਣ-ਭਰਾ ਹੀ ਹਨ। ਜੋ ਤੁਹਾਨੂੰ ਹਰ ਪਾਸੇ, ਘਰ, ਬਾਹਰ, ਬਾਜ਼ਾਰ, ਖੇਤ, ਸਫ਼ਰ, ਧਰਤੀ, ਆਕਾਸ਼ ਅਤੇ ਪਾਣੀ ਅੰਦਰ ਦਿਸ ਪੈਣਗੇ। ਮੋਟਰ, ਕਾਰ, ਰੇਲ, ਇੰਜਣ, ਪੱਖੇ, ਟੁੱਲੂ ਪੰਪ, ਮੱਛੀ ਮੋਟਰ, ਘੜੀ, ਮੇਲੇ ਵਿੱਚ ਚੰਡੋਲ, ਸਭ ਗਰਾਰੀਆਂ ਅਤੇ ਪਹੀਆਂ ਨਾਲ ਹੀ ਚੱਲਦੇ ਹਨ। ਹਵਾਈ ਜਹਾਜ ਦੇ ਅੱਗੇ ਪੱਖੇ ਚੱਲਦੇ ਹਨ, ਸਮੁੰਦਰੀ ਜਹਾਜ਼ ਦੇ ਥੱਲੇ ਪੱਖੇ ਹੀ ਪਾਣੀ ਨੂੰ ਧੱਕਦੇ ਹਨ। ਘੁਮਿਆਰ ਦਾ ਚੱਕ ਪਹੀਆ ਹੀ ਹੈ ਜੋ ਘੁੰਮ ਕੇ ਗੋਲ ਭਾਂਡੇ ਬਣਾਉਂਦਾ ਹੈ। ਧਰਤੀ ਵੀ ਇੱਕ ਪਹੀਏ ਵਾਂਗ ਧੁਰੇ 'ਤੇ ਘੁੰਮਦੀ ਹੈ। ਆਪਾਂ ਰਿਮ 'ਤੇ ਬੈਠ ਕੇ ਦਿਨ-ਰਾਤ ਬਣਦੇ ਦੇਖਦੇ ਹਾਂ। ਤੁਹਾਡੇ ਸਕੇਟਿੰਗ ਵਾਲੇ ਬੂਟਾਂ ਹੇਠ ਪਹੀਏ ਹਨ, ਤੁਹਾਡੇ ਭਾਰੇ ਬੈਗ ਦੇ ਥੱਲੇ ਪਹੀਏ ਲੱਗ ਗਏ ਹਨ। ਰਾਸ਼ਟਰੀ ਝੰਡੇ 'ਤੇ ਵੀ ਪਹੀਆ ਆਖਦਾ ਹੈ-ਅੱਗੇ ਵਧੋ। ਸੋ, ਪਹੀਆ ਇਸ ਯੁੱਗ ਦੀ ਸਭ ਤੋਂ ਵੱਡੀ, ਲਾਭਦਾਇਕ ਅਤੇ ਸਭ ਕਾਢਾਂ ਦੀ ਮਾਂ ਹੈ ਸੋਚੋ ਜੇ ਪਹੀਆ ਨਾ ਹੁੰਦਾ ਤਾਂ ਇਹ ਦੁਨੀਆਂ ਕਿਸ ਤਰ੍ਹਾਂ ਦੀ ਹੁੰਦੀ।

---

**ਪੰਨਾ 7 ਦਾ ਬਾਕੀ**

ਤਾਂ ਮੈਂ ਕਰਵਾਇਆ ਹੈ। ਇਸਦੀ ਸਾਰੀ ਦੀ ਸਾਰੀ ਜ਼ਿੰਮੇਵਾਰੀ ਮੈਂ ਆਪਣੇ ਸਿਰ ਲੈਂਦਾ ਹਾਂ।"

ਮੇਰੀ ਸੇਵਾ ਮੁਕਤੀ ਤੋਂ ਬਾਅਦ ਜਦੋਂ ਇੱਕ ਵਾਰ ਮੈਨੂੰ ਕਾਲਜ ਬੁਲਾਇਆ ਗਿਆ ਤਾਂ ਮੈਂ ਵਿਦਿਆਰਥੀਆਂ, ਅਧਿਆਪਕਾਂ ਨੂੰ ਸੰਬੋਧਨ ਹੁੰਦੇ ਹੋਏ ਆਪਣੇ ਇਸ ਕੰਮ ਨੂੰ ਆਪਣੇ ਜੀਵਨ ਦੀ ਇੱਕ ਬਹੁਤ ਹੀ ਮਹੱਤਵਪੂਰਨ ਅਤੇ ਗਿਣਨਯੋਗ ਪ੍ਰਾਪਤੀ ਆਖਿਆ।

ਤਾੜੀਆਂ ਦੀ ਗੂੰਜ ਨੇ ਮੇਰਾ ਸਿਰ ਮਾਣ ਨਾਲ ਹੋਰ ਵੀ ਉੱਚਾ ਕਰ ਦਿੱਤਾ।

# ਗ਼ਦਰੀ ਬਾਬੇ ਕੌਣ ਸਨ ?

**ਲੇਖਕ-ਵਰਿਆਮ ਸਿੰਘ ਸੰਧੂ**

**ਰਾਜਪਾਲ ਸਿੰਘ**



ਗ਼ਦਰ ਲਹਿਰ ਦੀ ਪੰਜਾਬ ਦੀਆਂ ਲੋਕ-ਲਹਿਰਾਂ ਵਿੱਚ ਬਹੁਤ ਵੱਡੀ ਮਹੱਤਤਾ ਹੈ। ਚਾਹੇ ਉਸ ਸਮੇਂ ਫੌਜਾਂ ਵਿੱਚ ਬਗਾਵਤ ਭੜਕਾ ਕੇ ਦੇਸ਼ ਨੂੰ ਆਜਾਦ ਕਰਵਾਉਣ ਵਿੱਚ ਇਹ ਲਹਿਰ ਸਫਲ ਨਹੀਂ ਹੋ ਸਕੀ ਸੀ ਪਰ ਇਹ ਬਾਅਦ ਵਾਲੀਆਂ ਲਹਿਰਾਂ, ਦੇਸ਼-ਭਗਤ ਲੋਕਾਂ ਅਤੇ ਇਨਕਲਾਬੀ ਕਾਰਕੁੰਨਾਂ ਲਈ ਹਮੇਸ਼ਾ ਪ੍ਰੇਰਣਾ-ਸ੍ਰੋਤ ਬਣੀ ਰਹੀ ਹੈ। ਗ਼ਦਰ ਲਹਿਰ ਨਾਲ ਜੁੜੇ ਦੇਸ਼-ਭਗਤਾਂ ਨੇ ਨਾ ਸਿਰਫ਼ ਕੁਰਬਾਨੀਆਂ ਦੇ ਪੱਖੋਂ ਵੱਡੀਆਂ ਮਿਸਾਲਾਂ ਕਾਇਮ ਕੀਤੀਆਂ ਬਲਕਿ ਨੀਤੀਗਤ ਫੈਸਲਿਆਂ ਅਤੇ ਸੂਝ ਸਿਆਣਪ ਪੱਖੋਂ ਵੀ ਉੱਚੇ ਮਾਪ-ਦੰਡ ਸਥਾਪਿਤ ਕੀਤੇ ਇਸ ਲਹਿਰ ਦੇ ਆਗੂਆਂ ਨੇ ਧਾਰਮਿਕ ਵੰਡਾਂ ਵਖਰੇਵਿਆਂ ਨੂੰ ਤਜ ਕੇ ਬਰਾਬਰੀ ਅਤੇ ਇਨਸਾਨੀ ਭਾਈਚਾਰੇ ਵਾਲਾ ਸਮਾਜ ਕਾਇਮ ਕਰਨ ਦਾ ਸੁਪਨਾ ਲਿਆ ਅਤੇ ਉਸ ਲਈ ਆਪਣੀਆਂ ਜਿੰਦਗੀਆਂ ਕੁਰਬਾਨ ਕੀਤੀਆਂ।




ਪੰਜਾਬ ਦੇ ਲੋਕ-ਪੱਖੀ ਕਾਰਕੁੰਨਾਂ ਅਤੇ ਬੁੱਧੀਜੀਵੀਆਂ ਵੱਲੋਂ ਇਸ ਮਹਾਨ ਲਹਿਰ ਦੇ ਇਤਿਹਾਸ ਨੂੰ ਸਾਂਭਣ ਅਤੇ ਉਸ ਲਹਿਰ ਦਾ ਸੁਨੇਹਾ ਲੋਕਾਂ ਤੱਕ ਲਿਜਾਣ ਲਈ ਚੰਗਾ ਕੰਮ ਕੀਤਾ ਜਾ ਰਿਹਾ ਹੈ। ਦੂਜੇ ਪਾਸੇ ਇਸ ਲਹਿਰ ਦੀ ਸ਼ਾਨਦਾਰ ਵਿਰਾਸਤ ਨੂੰ ਆਪਣੇ ਸੌੜੇ ਫਿਰਕੂ ਹਿਤਾਂ ਲਈ ਵਰਤਣ ਦੀਆਂ ਵੀ ਬਹੁਤ ਕੋਸ਼ਿਸ਼ਾਂ ਹੋ ਰਹੀਆਂ ਹਨ ਜਿਨ੍ਹਾਂ ਵਿੱਚ ਇਨਕਲਾਬੀ ਲਹਿਰ ਤੋਂ ਭਗੌੜਾ ਹੋ ਕੇ ਫਿਰਕੂ ਸਿੱਖ ਸਿਆਸਤ ਦਾ ਝੰਡਾ-ਬਰਦਾਰ ਬਣਿਆ ਅਜਮੇਰ ਸਿੰਘ ਪ੍ਰਮੁੱਖ ਹੈ। ਉਸ ਨੇ 2013 ਵਿੱਚ ਇਸੇ ਨਾਂ (ਗ਼ਦਰੀ ਬਾਬੇ ਕੌਣ ਸਨ) ਹੇਠ ਪੁਸਤਕ ਲਿਖ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਕਿ ਗ਼ਦਰ ਲਹਿਰ ਕੋਈ ਅਗਾਂਹਵਧੂ ਸੋਚ ਵਾਲੇ ਦੇਸ਼-ਭਗਤਾਂ ਦੀ ਲਹਿਰ ਨਹੀਂ ਸੀ ਬਲਕਿ ਇਹ ਤਾਂ ਸਿੱਖਾਂ ਦੀ ਇੱਕ ਲਹਿਰ ਸੀ ਜਿਸ ਨੂੰ ਰਾਸ਼ਟਰਵਾਦੀ ਵਰਤ ਰਹੇ ਸਨ। ਇਸ ਪ੍ਰਸੰਗ ਵਿੱਚ ਹੈਰਾਨੀ ਦੀ ਗੱਲ ਇਹ ਹੈ ਇਨ੍ਹਾਂ ਗ਼ਦਰੀਆਂ ਖਿਲਾਫ਼ ਹੀ ਅਕਾਲ ਤਖਤ ਤੋਂ ਇਹ ਹੁਕਮਨਾਮਾ ਜਾਰੀ ਕਰਵਾਇਆ ਗਿਆ ਸੀ ਕਿ ਗ਼ਦਰੀ ਸਿੱਖ ਨਹੀਂ ਹਨ ਇਹ ਤਾਂ ਨਾਸਤਿਕ ਹਨ। ਅਜਿਹੇ ਸਾਰੇ ਕੂੜ ਪ੍ਰਚਾਰ ਦਾ ਖੰਡਨ ਕਰਦੀ ਹੋਈ ਅਤੇ ਗ਼ਦਰ ਲਹਿਰ ਨੂੰ ਸਹੀ ਪਰਿਪੇਖ ਵਿੱਚ ਪੇਸ਼ ਕਰਦੀ ਹੋਈ ਪੁਸਤਕ ਹੈ-ਪੰਜਾਬੀ ਦੇ ਸਿਰਮੌਰ ਲੇਖਕ ਵਰਿਆਮ ਸਿੰਘ ਸੰਧੂ ਵੱਲੋਂ ਲਿਖੀ ਗਈ ਪੁਸਤਕ 'ਗ਼ਦਰੀ ਬਾਬੇ ਕੌਣ ਸਨ ?' ਇਸ ਪੁਸਤਕ ਵਿੱਚ ਉਨ੍ਹਾਂ ਨੇ ਗ਼ਦਰ ਲਹਿਰ ਦਾ ਡੂੰਘਾਈ ਵਿੱਚ ਅਧਿਐਨ ਕਰ ਕੇ ਇਸ ਦੇ ਤੱਤ ਨੂੰ ਬਹੁਤ ਰੌਚਿਕ ਅਤੇ ਦਲੀਲ ਪੂਰਵਕ ਢੰਗ ਨਾਲ ਪੇਸ਼ ਕੀਤਾ ਹੈ।

ਅਸਲ ਵਿੱਚ ਗ਼ਦਰੀ ਬਾਬਿਆਂ ਦੇ ਅਕਸ ਨੂੰ ਵਿਗਾੜਨ ਦੀ ਇਹ ਕੋਈ ਪਹਿਲੀ ਕੋਸ਼ਿਸ਼ ਨਹੀਂ ਹੈ। ਪਹਿਲਾਂ ਅੰਗਰੇਜ ਸਰਕਾਰ ਨੇ ਗ਼ਦਰੀ ਦੇਸ਼-ਭਗਤਾਂ ਨੂੰ ਡਾਕੂ ਲੁਟੇਰੇ ਬਣਾ ਕੇ ਪੇਸ਼ ਕੀਤਾ। ਉਸ ਤੋਂ ਬਾਅਦ ਆਜ਼ਾਦੀ ਪ੍ਰਾਪਤੀ ਲਈ ਹਿੰਸਾ ਨੂੰ ਪੂਰੀ ਤਰ੍ਹਾਂ ਰੱਦ ਕਰ ਕੇ ਚੱਲਣ ਵਾਲੀ ਗਾਂਧੀਵਾਦੀ ਧਿਰ ਨੇ ਇਨ੍ਹਾਂ ਨੂੰ ਦਹਿਸ਼ਤਗਰਦ ਕਰਾਰ ਦਿੱਤਾ। ਇਸੇ ਦੌਰਾਨ ਸਿੱਖ ਧਾਰਮਿਕ ਸਥਾਨਾਂ ਦੇ ਸਰਬਰਾਹਾਂ ਅਤੇ ਸਿੱਖ ਜਾਗੀਰਦਾਰਾਂ ਨੇ ਇਨ੍ਹਾਂ ਬਾਰੇ ਆਕਾਲ ਤਖਤ ਤੋਂ ਇਹ ਹੁਕਮਨਾਮਾ ਜਾਰੀ ਕਰਵਾ ਦਿੱਤਾ ਕਿ ਗ਼ਦਰੀ ਸਿੱਖ ਨਹੀਂ ਹਨ ਬਲਕਿ ਨਾਸਤਿਕ ਹਨ, ਸੋ ਸਿੱਖ ਉਨ੍ਹਾਂ ਨਾਲ ਕੋਈ ਸਾਂਝ ਨਾ ਰੱਖਣ। ਇਸ ਲਹਿਰ ਦੇ ਤੱਤ ਨੂੰ ਗਲਤ ਰੂਪ ਵਿੱਚ ਪੇਸ਼ ਕਰਨ ਦੀ ਲੜੀ ਵਿੱਚ ਤਾਜਾ ਹੱਲਾ ਫਿਰਕੂ ਸਿੱਖ ਸਿਧਾਂਤਕਾਰਾਂ ਵੱਲੋਂ ਹੈ ਜੋ ਗ਼ਦਰੀਆਂ ਦੀ ਧਰਮ-ਨਿਰਪੱਖ ਅਤੇ ਸਮਾਜਵਾਦੀ ਸੋਚ ਨੂੰ ਲੁਕਾਉਂਦੇ ਹੋਏ ਗ਼ਦਰ ਲਹਿਰ ਨੂੰ ਕੇਵਲ ਸਿੱਖਾਂ ਦੀ ਲਹਿਰ ਵਜੋਂ ਪੇਸ਼ ਕਰਦੇ ਹਨ। ਵਰਿਆਮ ਸਿੰਘ ਸੰਧੂ ਦੀ ਇਹ ਪੁਸਤਕ ਇਨ੍ਹਾਂ ਸਾਰੇ ਵਿਗਾੜਾਂ ਦੀ ਦਲੀਲਾਂ ਸਹਿਤ ਕਾਟ ਕਰਦੀ ਹੋਈ, 'ਗ਼ਦਰੀ ਬਾਬੇ ਕੌਣ ਸਨ' ਦਾ ਸਹੀ ਜਵਾਬ ਦਿੰਦੀ ਹੈ।

ਪੁਸਤਕ ਦਾ ਪਹਿਲਾ ਚੈਪਟਰ 'ਗ਼ਦਰ ਲਹਿਰ ਦਾ ਸੰਖੇਪ ਇਤਿਹਾਸ' ਹੈ ਜਿਸ ਵਿੱਚ ਵਿਦਵਾਨ ਲੇਖਕ ਨੇ ਇਸ ਲਹਿਰ ਦੇ ਇਤਿਹਾਸ ਨੂੰ 25 ਕੁ ਸਫ਼ਿਆਂ ਵਿੱਚ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ 'ਕੁੱਜੇ ਵਿੱਚ ਸਮੁੰਦਰ ਬੰਦ ਕਰਨ' ਦੀ ਕਹਾਵਤ ਨੂੰ ਸੱਚ ਕਰ ਦਿਖਾਇਆ ਹੈ। ਕੋਈ ਪੱਖ ਅਣਗੌਲਿਆਂ ਨਹੀਂ ਰਿਹਾ ਅਤੇ ਕਿਤੇ ਵੀ ਬੇਲੋੜਾ ਵਿਸਥਾਰ ਨਹੀਂ।

ਇਸ ਤੋਂ ਅਗਲੇ ਚੈਪਟਰਾਂ ਵਿੱਚ ਲੇਖਕ ਵੱਲੋਂ ਗ਼ਦਰੀਆਂ ਬਾਰੇ ਫੈਲਾਈਆਂ ਗਈਆਂ ਗਲਤ ਧਾਰਨਾਵਾਂ ਦਾ ਪੁਖਤਾ

ਦਲੀਲਾਂ ਨਾਲ ਖੰਡਨ ਕਰਦੇ ਹੋਏ ਮਹੱਤਵਪੂਰਨ ਤੱਥਾਂ ਨੂੰ ਉਭਾਰਿਆ ਹੈ। ਅੱਜ ਚਾਹੇ ਕਿਸੇ ਨੂੰ ਇਸ ਬਾਰੇ ਕੋਈ ਭੁਲੇਖਾ ਨਹੀਂ ਹੈ ਕਿ ਗ਼ਦਰੀ ਦੇਸ਼-ਭਗਤ ਸਨ ਜਾਂ ਡਾਕੂ ਲੁਟੇਰੇ, ਪਰ ਇਤਿਹਾਸਕ ਪੱਖੋਂ ਦੇਖਿਆਂ ਪਤਾ ਚਲਦਾ ਹੈ ਕਿ ਉਸ ਸਮੇਂ ਅੰਗਰੇਜ਼ ਸਰਕਾਰ ਅਤੇ ਉਨ੍ਹਾਂ ਦੇ ਪਿੱਠੂ ਅਜਿਹਾ ਭਰਮ ਫੈਲਾਉਣ ਵਿੱਚ ਕਾਫੀ ਕਾਮਯਾਬ ਰਹੇ ਸਨ ਜਿਸ ਦਾ ਅਸਰ ਆਮ ਲੋਕਾਂ ਦੀ ਸੋਚ ਉੱਤੇ ਲੰਮਾ ਸਮਾਂ ਪਿਆ ਰਿਹਾ। ਇਸ ਅਸਰ ਦੀ ਇੱਕ ਠੋਸ ਉਦਾਹਰਣ ਲੇਖਕ ਆਪਣੇ ਪਿੰਡ ਸੁਰ ਸਿੰਘ ਵਾਲਾ ਵਿੱਚੋਂ ਦਿੰਦਾ ਹੈ ਕਿ ਜਦ ਉਸ ਨੇ ਆਪਣੇ ਬਾਬੇ ਨੂੰ ਪਿੰਡ ਦੇ ਦੋ ਗ਼ਦਰੀਆਂ ਦਾ ਨਾਮ ਲੈ ਕੇ ਪੁੱਛਿਆ ਕਿ ਤੁਸੀਂ ਉਨ੍ਹਾਂ ਨੂੰ ਜਾਣਦੇ ਸੀ ਤਾਂ ਬਾਬੇ ਦਾ ਉੱਤਰ ਸੀ- "ਹਾਂ, ਪ੍ਰੇਮ ਸਿੰਘ ਤਾਂ ਆਪਣੇ ਸਕਿਆਂ ਵਿੱਚੋਂ ਹੀ ਸੀ .... ਉਹ ਕੈਨੇਡਾ ਵੱਲੋਂ ਆਏ ਸੀ। ਇਨ੍ਹਾਂ ਨੇ ਇਧਰ ਆ ਕੇ ਡਾਕੇ ਡੂਕੇ ਮਾਰੇ ਸੀ, ਫਿਰ ਫੜ੍ਹੇ ਗਏ ਤੇ ਫਾਹੇ ਲੱਗ ਗਏ।" ਇਸ ਉੱਤਰ ਤੋਂ ਪਤਾ ਚਲਦਾ ਹੈ ਕਿ ਕੁੱਝ ਦਹਾਕੇ ਪਹਿਲਾਂ ਤੱਕ ਗ਼ਦਰੀਆਂ ਦੇ ਪਿੰਡ ਦੇ ਲੋਕਾਂ ਨੂੰ ਵੀ ਉਨ੍ਹਾਂ ਦੇ ਮਹਾਨ ਉਦੇਸ਼ਾਂ ਬਾਰੇ ਜਾਣਕਾਰੀ ਨਹੀਂ ਸੀ। ਲੇਖਕ ਇਸ ਬਾਰੇ ਪੂਰੀ ਤਰ੍ਹਾਂ ਸਪਸ਼ਟ ਕਰਦਾ ਹੈ ਕਿ ਡਾਕੇ ਮਾਰ ਕੇ ਬਗਾਵਤ ਲਈ ਧਨ ਇਕੱਠਾ ਕਰਨਾ ਗ਼ਦਰੀਆਂ ਦਾ ਉਦੇਸ਼ ਨਹੀਂ ਸੀ। ਉਨ੍ਹਾਂ ਵੱਲੋਂ ਅਜਿਹੀਆਂ ਕੁੱਝ ਕਾਰਵਾਈਆਂ ਬੰਗਾਲੀਆਂ ਦੇ ਪ੍ਰਭਾਵ ਹੇਠ, ਸਰਕਾਰ ਵੱਲੋਂ ਲਹਿਰ ਵਿੱਚ ਵਾੜੇ ਗਏ ਵਿਅਕਤੀਆਂ ਦੇ ਉਕਸਾਉਣ 'ਤੇ ਜਾਂ ਮਜਬੂਰੀ ਵਿੱਚ ਕੀਤੀਆਂ ਗਈਆਂ। ਪਰ ਸਰਕਾਰ ਵੱਲੋਂ ਇਨ੍ਹਾਂ ਕੁੱਝ ਕਾਰਵਾਈਆਂ ਨੂੰ ਹੀ ਉਨ੍ਹਾਂ ਦਾ ਮੁੱਖ ਕਾਰਜ ਬਣਾ ਕੇ ਪ੍ਰਚਾਰ ਦਿੱਤਾ ਗਿਆ।

ਇਸੇ ਤਰ੍ਹਾਂ ਲੇਖਕ ਉਨ੍ਹਾਂ ਬਾਰੇ ਬਣਾਈ ਗਈ ਇਸ ਧਾਰਨਾ ਨੂੰ ਵੀ ਰੱਦ ਕਰਦਾ ਹੈ ਕਿ ਗ਼ਦਰੀ ਦਹਿਸ਼ਤ-ਪਸੰਦ ਸਨ ਆਜਾਦੀ ਲਈ ਲੜਾਈ ਵਿੱਚ ਹਿੰਸਕ ਅਤੇ ਅਹਿੰਸਕ ਦੋਹਾਂ ਤਰ੍ਹਾਂ ਦੀਆਂ ਸਰਗਰਮੀਆਂ ਦੀ ਆਪੋ ਆਪਣੀ ਮਹੱਤਤਾ ਹੁੰਦੀ ਹੈ। ਹਥਿਆਰ ਚੁੱਕਣੇ ਜਾਂ ਸ਼ਾਂਤਮਈ ਸੰਘਰਸ਼ ਕਰਨਾ ਹੈ ਇਹ ਰਾਹ ਸਮੇਂ ਦੀ ਮੰਗ ਅਤੇ ਹਾਲਤਾਂ ਦੇ ਅਨੁਸਾਰ ਅਪਣਾਇਆ ਜਾਂਦਾ ਹੈ। ਸੋ ਗ਼ਦਰੀ ਦਹਿਸ਼ਤਗਰਦ ਨਹੀਂ ਇਨਕਲਾਬੀ ਆਜਾਦੀ ਘੁਲਾਟੀਏ ਸਨ।

ਗ਼ਦਰੀਆਂ ਬਾਰੇ ਬਣਾਈਆਂ ਗਈਆਂ ਉਪਰੋਕਤ ਸਾਰੀਆਂ ਧਾਰਨਾਵਾਂ ਸਮੇਂ ਨੇ ਸਾਫ ਕਰ ਦਿੱਤੀਆਂ ਹਨ। ਉਨ੍ਹਾਂ ਦੀ ਸੋਚ ਅਤੇ ਕੁਰਬਾਨੀ ਨੂੰ ਅੱਜ ਹਰ ਕੋਈ ਨਤ-ਮਸਤਕ ਹੁੰਦਾ ਹੈ। ਪਰ ਹੁਣ ਉਨ੍ਹਾਂ ਪ੍ਰਤੀ ਬਣੇ ਸਤਿਕਾਰ ਨੂੰ ਵਰਤਣ ਲਈ ਫਿਰਕੂ ਤਾਕਤਾਂ ਸਰਗਰਮ ਹੋਈਆਂ ਹਨ। ਉਹ ਇਸ ਧਾਰਨਾ ਨੂੰ ਪੂਰੇ ਜੋਰ ਸ਼ੋਰ ਨਾਲ ਪ੍ਰਚਾਰ ਰਹੇ ਹਨ ਕਿ ਗ਼ਦਰ ਲਹਿਰ ਵਿੱਚ ਬਹੁਗਿਣਤੀ ਸਿੱਖਾਂ ਦੀ ਸੀ, ਸਿੱਖ ਹੋਣ ਕਰਕੇ ਹੀ ਉਹ ਵੱਡੀਆਂ ਕੁਰਬਾਨੀਆਂ ਕਰ ਗਏ, ਇਸ ਲਈ ਅਸਲ ਵਿੱਚ ਇਹ ਸਿੱਖਾਂ ਦੀ ਹੀ ਲਹਿਰ ਸੀ। ਉਹ ਤਾਂ ਐਵੇਂ ਰਾਸ਼ਟਰਵਾਦੀਆਂ ਦੇ ਪ੍ਰਭਾਵ ਹੇਠ ਆ ਗਏ ਲੇਖਕ ਇਸ ਪ੍ਰਚਾਰ ਦਾ ਤਰਕਮਈ ਵਿਸ਼ਲੇਸ਼ਣ ਕਰਦਾ ਹੋਇਆ ਗ਼ਦਰੀਆਂ ਦੀਆਂ ਲਿਖਤਾਂ ਅਤੇ ਦਸਤਾਵੇਜ਼ਾਂ ਵਿਚੋਂ ਉਦਾਹਰਣਾਂ ਦੇ ਕੇ ਸਪਸ਼ਟ ਕਰਦਾ ਹੈ ਕਿ ਗ਼ਦਰ ਲਹਿਰ ਕਿਸ ਤਰ੍ਹਾਂ ਧਾਰਮਿਕ ਵੰਡਾਂ ਵਖਰੇਵਿਆਂ ਤੋਂ ਨੀਤੀਗਤ ਤੌਰ 'ਤੇ ਹੀ ਮੁਕਤ ਸੀ, ਅਤੇ ਉਨ੍ਹਾਂ ਦਾ ਉਦੇਸ਼ ਅੰਗਰੇਜ਼ਾਂ ਤੋਂ ਆਜਾਦੀ ਦੇ ਨਾਲ ਨਾਲ ਬਰਾਬਰੀ ਅਤੇ ਇਨਸਾਨੀ ਭਾਈਚਾਰੇ ਵਾਲਾ ਸਮਾਜ ਸਿਰਜਣਾ ਸੀ। ਜਿੱਥੋਂ ਤੱਕ ਇਸ ਲਹਿਰ ਵਿੱਚ ਸਿੱਖਾਂ ਦੀ ਵੱਧ ਗਿਣਤੀ ਹੋਣ ਦਾ ਸਵਾਲ ਹੈ ਉਹ ਇਸ ਤੱਥ ਉੱਤੇ ਗੌਰ ਕਰਨ ਲਈ ਕਹਿੰਦੇ ਹਨ ਕਿ ਕੈਨੇਡਾ ਜਾਣ ਵਾਲੇ ਹਿੰਦੀਆਂ ਵਿੱਚ 80 ਪ੍ਰਤੀਸ਼ਤ ਅਤੇ ਅਮਰੀਕਾ ਜਾਣ ਵਾਲਿਆਂ ਵਿੱਚ 90 ਪ੍ਰਤੀਸ਼ਤ ਸਿੱਖ ਸਨ। ਸੋ ਲਹਿਰ ਵਿੱਚ ਉਨ੍ਹਾਂ (ਭਾਵ ਸਿੱਖਾਂ) ਦੀ ਵਧੇਰੇ ਸ਼ਮੂਲੀਅਤ ਹੋਣੀ ਸੁਭਾਵਿਕ ਹੀ ਸੀ। ਉਨ੍ਹਾਂ ਨੇ ਆਪਣੇ ਵਿਰਸੇ ਤੋਂ ਪ੍ਰੇਰਣਾ ਜਰੂਰ ਲਈ ਪਰ ਇਸ ਦੇ ਨਾਲ ਨਾਲ ਉਨ੍ਹਾਂ ਨੇ ਆਧੁਨਿਕ ਦੌਰ ਦੇ ਧਰਮ-ਨਿਰਪੱਖ, ਮਾਨਵਵਾਦੀ ਅਤੇ ਸਮਾਜਵਾਦੀ ਆਦਰਸ਼ਾਂ ਨੂੰ ਅਪਣਾਇਆ ਅਤੇ ਇਨ੍ਹਾਂ ਉੱਤੇ ਦ੍ਰਿੜਤਾ ਨਾਲ ਪਹਿਰਾ ਦਿੱਤਾ। ਇਸ ਲਹਿਰ ਵਿੱਚ ਹਿੰਦੂ ਅਤੇ ਮੁਸਲਮਾਨ ਦੇਸ਼-ਭਗਤਾਂ ਨੇ ਵੀ ਮਹੱਤਵਪੂਰਨ ਹਿੱਸਾ ਪਾਇਆ ਜਿਨ੍ਹਾਂ ਵਿਚੋਂ ਲਾਲਾ ਹਰਦਿਆਲ ਦਾ ਯੋਗਦਾਨ ਵਰਣਨਯੋਗ ਹੈ। ਇਹ ਚੈਪਟਰ 'ਕੀ ਗ਼ਦਰ ਲਹਿਰ ਕੇਵਲ ਸਿੱਖ ਲਹਿਰ ਹੀ ਸੀ' ਬਹੁਤ ਮਹੱਤਵਪੂਰਨ ਹੈ ਕਿਉਂਕਿ ਇਹ ਮੌਜੂਦਾ ਸਮੇਂ ਵਿੱਚ ਗ਼ਦਰੀਆਂ ਬਾਰੇ ਫੈਲਾਏ ਜਾ ਰਹੇ ਭਰਮ ਭੁਲੇਖਿਆਂ ਅਤੇ ਉਨ੍ਹਾਂ ਨੂੰ ਇੱਕ ਧਰਮ ਨਾਲ ਬੰਨ੍ਹ ਕੇ ਵੇਖਣ ਵਾਲੀ ਸੌੜੀ ਸੋਚ ਨੂੰ ਠੋਸ ਤੱਥਾਂ ਅਤੇ ਤਰਕ ਨਾਲ ਰੱਦ ਕਰਦਾ ਹੈ।

ਪੁਸਤਕ ਦੇ ਅਗਲੇ ਭਾਗ ਵਿੱਚ ਗਦਰੀ ਬਾਬਿਆਂ ਦੇ ਅੰਡੇਮਾਨ ਟਾਪੂਆਂ ਦੀ ਜੇਲ੍ਹ (ਕਾਲੇ ਪਾਣੀ) ਦੀਆਂ ਅਣਮਨੁੱਖੀ ਹਾਲਤਾਂ ਅਤੇ ਜੇਲ੍ਹ ਅਧਿਕਾਰੀਆਂ ਦੇ ਜ਼ਾਲਮਾਨਾਂ ਵਿਵਹਾਰ ਖਿਲਾਫ਼ ਕੀਤੇ ਗਏ ਸੰਘਰਸ਼ ਦੇ ਦਿਲ ਕੰਬਾਊ ਵੇਰਵੇ ਹਨ। ਜੇ ਪਹਿਲਾਂ ਉਨ੍ਹਾਂ ਨੇ ਹਥਿਆਰਾਂ ਰਾਹੀਂ ਅੰਗਰੇਜ਼ਾਂ ਨੂੰ ਦੇਸ਼ ਵਿਚੋਂ ਕੱਢਣ ਦਾ ਸੱਦਾ ਦਿੱਤਾ ਸੀ ਤਾਂ ਇੱਥੇ ਭੁੱਖ-ਹੜਤਾਲਾਂ ਵਰਗੇ ਅਹਿੰਸਕ ਸੰਘਰਸ਼ਾਂ ਰਾਹੀਂ ਜ਼ਾਲਮ ਹਾਕਮਾਂ ਨੂੰ ਝੁਕਾਉਣ ਲਈ ਜੂਝਦੇ ਰਹੇ। ਯਾਨੀ ਉਨ੍ਹਾਂ **... ਬਾਕੀ ਪੰਨਾ 20 'ਤੇ**

# ਬੱਚਿਆਂ ਦੇ ਮਾਨਸਿਕ ਵਿਕਾਸ ਨੂੰ ਖੋਰਾ ਲਾ ਰਹੇ ਹਨ-ਸਮਾਰਟ ਫ਼ੋਨ



- ਬਲਜੀਤ ਕੌਰ

ਬਚਪਨ ਉਹ ਪੜਾਅ ਹੈ ਜੋ ਮਨੁੱਖ ਦੇ ਜੀਵਨ 'ਤੇ ਡੂੰਘੀ ਛਾਪ ਛੱਡਦਾ ਹੈ। ਬਚਪਨ ਵਿੱਚ ਸਰੀਰਕ ਅਤੇ ਮਾਨਸਿਕ ਵਿਕਾਸ ਦੇ ਰਾਹ ਵਿੱਚ ਆਈ ਕੋਈ ਵੀ ਅੜਚਣ ਸਦਾ ਲਈ ਬੱਚੇ ਦੀ ਜ਼ਿੰਦਗੀ 'ਤੇ ਛਾਪ ਛੱਡ ਦਿੰਦੀ ਹੈ ਅਤੇ ਹੋ ਸਕਦਾ ਹੈ ਕਿ ਇਸ ਸਮੇਂ ਉਸਦੀ ਪਰਵਰਿਸ਼ ਦੌਰਾਨ ਵਾਪਰਿਆ ਕੋਈ ਵਰਤਾਰਾ ਉਸਦੀ ਪੂਰੀ ਸਖਸ਼ੀਅਤ ਨੂੰ ਹੀ ਖਤਰਨਾਕ ਮੋੜਾ ਲਾ ਦਵੇ। ਇਸ ਲਈ ਬਚਪਨ ਵਿੱਚ ਬੱਚੇ ਦੇ ਸੰਤੁਲਿਤ ਸਰੀਰਕ ਤੇ ਮਾਨਸਿਕ ਵਿਕਾਸ ਦਾ ਕੰਮ ਬਹੁਤ ਮਹੱਤਵਪੂਰਨ ਅਤੇ ਗੰਭੀਰ ਮਸਲਾ ਹੈ ਜਦ ਕਿ ਸਾਡੇ ਸਮਾਜ ਵਿੱਚ ਇਸ ਵੱਲ ਸਚੇਤ ਰੂਪ ਵਿੱਚ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਤੇ ਨਾ ਹੀ ਬੱਚਿਆਂ ਦੀ ਪਰਵਰਿਸ਼ ਦਾ ਮਸਲਾ ਅਜੋਕੀਆਂ ਸਰਕਾਰਾਂ ਦੇ ਏਜੰਡੇ 'ਤੇ ਹੈ। ਅੱਜ ਕੱਲ੍ਹ ਬੱਚਿਆਂ ਵਿੱਚ ਸਮਾਰਟ ਫੋਨਾਂ ਦੀ ਵਰਤੋਂ ਦਾ ਰੁਝਾਨ ਵੀ ਬੱਚਿਆਂ ਦੇ ਸੰਤੁਲਿਤ ਵਿਕਾਸ ਦੇ ਰਾਹ ਵਿੱਚ ਵੱਡੀ ਰੁਕਾਵਟ ਬਣਦਾ ਜਾ ਰਿਹਾ ਹੈ ਜਿਸਦੇ ਭਵਿੱਖ ਵਿੱਚ ਖ਼ਤਰਨਾਕ ਨਤੀਜੇ ਸਾਹਮਣੇ ਆ ਸਕਦੇ ਹਨ।



ਸੋਸ਼ਲ ਮੀਡੀਆ ਉੱਤੇ ਮੌਜੂਦ ਯੂਟਿਊਬ, ਇੰਸਟਾਗ੍ਰਾਮ ਆਦਿ ਪਲੇਟਫਾਰਮਾਂ 'ਤੇ ਬੱਚਿਆਂ ਦੇ ਅਣਗਿਣਤ ਖਾਤੇ ਦੇਖੇ ਜਾ ਸਕਦੇ ਹਨ ਬਹੁਤ ਸਾਰੇ ਬੱਚੇ ਬਲੌਗਿੰਗ, ਰੀਲਾਂ ਬਣਾਉਣ, ਆਨਲਾਇਨ ਗੇਮਾਂ ਖੇਡਣ ਵਿੱਚ ਬਹੁਤ ਸਮਾਂ ਬਿਤਾ ਰਹੇ ਹਨ ਜਦ ਕਿ ਬਾਕੀ ਬੱਚੇ ਜਿਨ੍ਹਾਂ ਨੇ ਅਜਿਹੇ ਖਾਤੇ ਨਹੀਂ ਬਣਾਏ ਉਹ ਵੀ ਕਈ ਕਈ ਘੰਟੇ ਫੋਨਾਂ 'ਤੇ ਰੁੱਝੇ ਦਿਖਾਈ ਦੇ ਰਹੇ ਹਨ। ਆਨਲਾਈਨ ਪੜ੍ਹਾਈ ਦੇ ਨਾਂ 'ਤੇ ਬੱਚਿਆਂ ਵਿੱਚ ਫ਼ੋਨਾ ਦਾ ਚਲਣ ਆਮ ਹੋ ਗਿਆ ਹੈ। ਕਈ ਮਾਪੇ ਵੀ ਬੱਚਿਆਂ ਦੀ ਪਰਵਰਿਸ਼ ਦੌਰਾਨ ਫ਼ੋਨ ਦਾ ਸਹਾਰਾ ਲੈਂਦੇ ਹਨ। ਜਿਵੇਂ ਖਿਡੌਣੇ ਦੇ ਤੌਰ 'ਤੇ ਬੱਚੇ ਨੂੰ ਕਾਰਟੂਨ ਲਗਾ ਕੇ ਫ਼ੋਨ ਦੇ ਦੇਣਾ, ਖਾਣਾ ਨਾ ਖਾਣ 'ਤੇ ਫ਼ੋਨ ਦਾ ਲਾਲਚ ਦੇ ਕੇ ਖਵਾਉਣਾ ਜਾਂ ਬੱਚੇ ਦੀ ਪੜ੍ਹਾਈ ਦਾ ਫਿਕਰ ਕਰਦੇ ਹੋਏ ਉਸਨੂੰ ਆਨਲਾਇਨ ਵੀਡੀਓ ਵਗੈਰਾ ਦੇਖਣ ਦੇਣਾ, ਪਰ ਕਈ ਮਾਪੇ ਅਤੇ ਅਧਿਆਪਕ ਇਸ ਗੱਲੋਂ ਅਣਜਾਣ ਹਨ ਕਿ ਸਮਾਰਟ ਫੋਨ ਦੀ ਵਰਤੋਂ ਦੇ ਉਹਨਾਂ ਦੇ ਬੱਚਿਆਂ ਦੀ ਜ਼ਿੰਦਗੀ 'ਤੇ ਨਕਾਰਾਤਮਕ ਅਸਰ ਪੈ ਸਕਦੇ ਹਨ ਇਸ ਲੇਖ ਵਿੱਚ ਅਸੀਂ ਜਾਣਾਂਗੇ ਕਿ ਬਾਲ ਵਿਕਾਸ ਮਾਹਰਾਂ ਅਨੁਸਾਰ ਬੱਚਿਆਂ ਦੀ ਪਰਵਰਿਸ਼ ਲਈ ਧਿਆਨਗੋਚਰ ਗੱਲਾਂ ਕੀ ਹਨ ਅਤੇ ਸਮਾਰਟ ਫ਼ੋਨਾਂ ਨਾਲ਼ ਬੱਚਿਆਂ ਦਾ ਵਿਕਾਸ ਕਿਸ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ।

ਮਾਹਰਾਂ ਦਾ ਕਹਿਣਾ ਹੈ ਕਿ ਡੇਢ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਕਮਰੇ ਅੰਦਰ ਫੋਨ ਲੈ ਜਾਣ ਦੀ ਮਨਾਹੀ ਹੋਣੀ ਚਾਹੀਦੀ ਹੈ ਕਿਉਂਕਿ ਫ਼ੋਨਾਂ ਵਿੱਚੋਂ ਲਗਾਤਾਰ ਖਤਰਨਾਕ ਰੇਡਿਓਐਕਟਿਵ ਅਤੇ ਮਾਈਕ੍ਰੋਵੇਵ ਕਿਰਨਾਂ ਨਿਕਲ਼ਦੀਆਂ ਹਨ ਅਤੇ ਬਾਲਾਂ ਦੇ ਦਿਮਾਗ ਦੇ ਟਿਸ਼ੂ ਬਾਲਗਾਂ ਨਾਲ਼ੋਂ ਇਹਨਾਂ ਕਿਰਨਾਂ ਨੂੰ ਦੋ ਗੁਣਾ ਅਤੇ ਉਹਨਾਂ ਦੇ ਬੋਨ ਮੈਰੋ ਦਸ ਗੁਣਾ ਵੱਧ ਸੋਖਦੇ ਹਨ। ਇਹ ਖਤਰਨਾਕ ਕਿਰਨਾਂ ਕੈਂਸਰ ਅਤੇ ਦਿਮਾਗ ਦੀਆਂ ਖਤਰਨਾਕ ਬਿਮਾਰੀਆਂ ਦਾ ਕਾਰਨ ਬਣ ਸਕਦੀਆਂ ਹਨ। 'ਇੰਟਰਨੈਸ਼ਨਲ ਏਜੰਸੀ ਫਾਰ ਰਿਸਰਚ ਆਨ ਕੈਂਸਰ' ਵੱਲੋਂ ਕੀਤੀ ਗਈ ਇੱਕ ਖੋਜ ਮੁਤਾਬਕ ਮੋਬਾਇਲ ਫੋਨ ਦੀ ਜਿਆਦਾ ਵਰਤੋਂ ਨਾਲ਼ ਦਿਮਾਗ ਦੇ ਟਿਊਮਰ ਗਲਿਓਮਾ ਅਤੇ ਇਕੋਸਟਿਕ ਨਿਊਰੋਮਾ ਬਣ ਸਕਦੇ ਹਨ

ਇਸ ਉਮਰੇ ਬੱਚੇ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਬਹੁਤ ਤੇਜ ਰਫਤਾਰ ਨਾਲ਼ ਹੋ ਰਿਹਾ ਹੁੰਦਾ ਹੈ। ਬਾਲਾਂ ਵਿੱਚ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਅਸੀਂ ਅਲੱਗ-ਥਲੱਗ ਕਰਕੇ ਨਹੀਂ ਦੇਖ ਸਕਦੇ ਸਗੋਂ ਇਹ ਦੋਨੋਂ ਇੱਕ-ਦੂਜੇ ਦੇ ਪੂਰਕ ਅਤੇ ਸਹਾਈ ਹਨ ਬੱਚੇ ਆਪਣੀਆਂ ਗਿਆਨ ਇੰਦਰੀਆਂ ਰਾਹੀਂ ਬਾਹਰੀ ਸੰਸਾਰ ਨੂੰ ਜਾਣਦੇ ਅਤੇ ਸਮਝਦੇ ਹਨ ਅਤੇ ਇਹ ਇੰਦਰਿਆਵੀ ਅਨੁਭਵ ਉਹਨਾਂ ਦੇ ਮਾਨਸਿਕ ਵਿਕਾਸ ਵਿੱਚ ਮਦਦ ਕਰਦੇ ਹਨ। ਇਸ ਤਰ੍ਹਾਂ ਹੌਲ਼ੀ ਹੌਲ਼ੀ ਬੱਚੇ ਵੱਲੋਂ ਲਗਾਤਾਰ ਅਨੁਭਵ ਕੀਤੀਆਂ ਇਹ ਜਾਣਕਾਰੀਆਂ ਉਸਦੇ ਦਿਮਾਗ ਅੰਦਰ ਸੰਕਲਪਾਂ ਦਾ ਰੂਪ ਲੈਂਦੀਆਂ ਹਨ। ਇਸ ਦੌਰਾਨ ਬੱਚੇ ਨੂੰ ਲਗਾਤਾਰ ਬਾਲਗਾਂ ਵੱਲੋਂ ਦੇਖ-ਰੇਖ ਅਤੇ ਅਗਵਾਈ ਦੀ ਲੋੜ ਹੁੰਦੀ ਹੈ। ਉਦਾਹਰਨ ਵਜੋਂ ਜਦੋਂ ਬੱਚਾ ਤੁਰਨਾ ਸਿੱਖਦਾ ਹੈ ਤਾਂ ਉਹ ਸਰੀਰਕ ਸੰਤੁਲਨ ਬਣਾਉਣਾ, ਦੂਰੀਆਂ ਦਾ ਅੰਦਾਜ਼ਾ, ਤੇਜ ਜਾਂ ਹੌਲ਼ੀ ਗਤੀ ਦੇ

ਸੰਕਲਪ ਵੀ ਸਿੱਖਦਾ ਹੈ, ਇਸ ਤੋਂ ਬਾਅਦ ਉਹ ਹੋਰ ਸਰੀਰਕ ਕ੍ਰਿਆਵਾਂ, ਖੇਡਾਂ ਆਦਿ ਖੇਡਦੇ ਸਮੇਂ ਖਿੱਚਣਾ, ਧੱਕਣਾ, ਬੁੱਚਣਾ ਆਦਿ ਵਿੱਚ ਬਲ ਪ੍ਰਯੋਗ ਅਤੇ ਸੰਤੁਲਨ ਸਿੱਖਦਾ ਹੈ। ਇਸ ਸਮੇਂ ਸਰਗਰਮੀਆਂ ਕਰਦੇ ਹੋਏ ਬਾਲਗ ਉਸਨੂੰ ਬੋਲ ਕੇ ਜਾਂ ਕੋਈ ਕ੍ਰਿਆ ਕਰਕੇ ਦਿਖਾਉਂਦੇ ਹੋਏ ਅਗਵਾਈ ਦਿੰਦੇ ਹਨ। ਇਹ ਪ੍ਰਕ੍ਰਿਆ ਬੱਚੇ ਦੀ ਸਿੱਖਣ ਦੀ ਪ੍ਰਕ੍ਰਿਆ ਹੈ ਜੋ ਉਮਰ ਵਧਣ ਨਾਲ਼ ਹੋਰ ਗੁੰਝਲਦਾਰ ਤੇ ਉੱਨਤ ਹੁੰਦੀ ਰਹਿੰਦੀ ਹੈ। ਪਰ ਇਸ ਸਮੇਂ ਸਮਾਰਟ ਫੋਨਾਂ ਦੀ ਵਰਤੋਂ ਉਹਨਾਂ ਨੂੰ ਸਿਰਫ਼ ਦੇਖਣ ਅਤੇ ਸੁਣਨ ਤੱਕ ਸੀਮਿਤ ਕਰ ਦਿੰਦੀ ਹੈ। ਉਹ ਕੋਈ ਸਰੀਰਕ ਕਿਰਿਆ ਨਹੀਂ ਕਰਨਾ ਚਾਹੁੰਦੇ ਸਗੋਂ ਡਿਜ਼ੀਟਲ ਦੁਨੀਆਂ ਉਹਨਾਂ ਨੂੰ ਨਕਲੀ ਤਸੱਲੀ ਦਿੰਦੀ ਹੈ ਜਿਸ ਨਾਲ਼ ਉਹ ਸਿੱਧੇ ਅਨੁਭਵਾਂ ਨਾਲੋਂ ਟੁੱਟ ਜਾਦੇ ਹਨ। ਇਸ ਸਮੇਂ ਉਹ ਬਾਲਗਾਂ ਦੇ ਸੰਪਰਕ ਵਿੱਚ ਘੱਟ ਸਮਾਂ ਬਿਤਾਉਂਦੇ ਹਨ ਜਿਸ ਨਾਲ਼ ਉਹ ਬਾਲਗਾਂ ਵੱਲੋ ਦਿੱਤੇ ਜਾਂਦੇ ਪ੍ਰਤੱਖ ਦਿਸ਼ਾ ਨਿਰਦੇਸਾਂ ਤੋਂ ਵਾਂਝੇ ਰਹਿ ਜਾਂਦੇ ਹਨ। ਇਸ ਤਰੀਕੇ ਨਾਲ਼ ਪਲ਼ ਰਹੇ ਬੱਚੇ ਦੇ ਸੰਕਲਪ ਚੰਗੀ ਤਰ੍ਹਾਂ ਨਹੀਂ ਬਣ ਪਾਉਂਦੇ। ਸਿੱਟੇ ਵਜੋਂ ਉਹ ਔਟਿਜਮ ਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ।

ਸਰੀਰ 'ਤੇ ਕਾਬੂ ਪਾ ਲੈਣ ਅਤੇ ਮੁੱਢਲੀਆਂ ਸਰਗਰਮੀਆਂ ਸਿੱਖਣ ਤੋਂ ਬਾਅਦ ਬੱਚੇ ਸਮਾਜਿਕ ਇਤਿਹਾਸਕ ਅਨੁਭਵ ਦਾ ਗਿਆਨ ਗ੍ਰਹਿਣ ਕਰਨਾ ਸ਼ੁਰੂ ਕਰਦੇ ਹਨ। ਬਾਲਗਾਂ ਦੀ ਨਿਰੰਤਰ ਅਗਵਾਈ ਹੇਠ ਬੱਚੇ ਉਹ ਸਾਰਾ ਅਨੁਭਵ ਹਾਸਲ ਕਰਦੇ ਹਨ ਜਿਸ ਉੱਪਰ ਮਨੁੱਖਜਾਤੀ ਨੇ ਆਪਣੇ ਇਤਿਹਾਸ ਦੌਰਾਨ ਮੁਹਾਰਤ ਹਾਸਲ ਕੀਤੀ ਹੈ ਜਿਵੇਂ ਬੋਲੀ, ਵਿਗਿਆਨ, ਸੋਚ, ਯਾਦਾਸ਼ਤ, ਸਰਗਰਮੀ ਦੇ ਢੰਗ ਆਦਿ। ਇਸ ਸਮੇਂ ਬੱਚਿਆਂ ਵਿੱਚ ਭਾਵਨਾਵਾਂ ਸਿੱਖਣਾ ਅਤੇ ਇਹਨਾਂ 'ਤੇ ਕਾਬੂ ਪਾਉਣਾ ਸਿੱਖਣਾ ਵੀ ਜਰੂਰੀ ਹੁੰਦਾ ਹੈ ਜੋ ਕਿ ਸਮਾਜਕ ਸੰਪਰਕ ਨਾਲ਼ ਹੀ ਸਿੱਖਿਆ ਜਾ ਸਕਦਾ ਹੈ। ਜਦੋਂ ਬੱਚੇ ਸਮੂਹਿਕ ਗਤੀਵਿਧੀਆਂ ਕਰਦੇ ਹਨ ਤਾਂ ਉਹ ਮਨੁੱਖੀ ਭਾਵਨਾਵਾਂ ਨੂੰ ਮਹਿਸੂਸ ਕਰਨਾ ਸਿੱਖਦੇ ਹਨ। ਜਿਵੇਂ ਬਾਕੀ ਬੱਚਿਆਂ ਨਾਲ਼ ਖੇਡਦੇ ਹੋਏ ਬੱਚੇ ਸਮੂਹ ਵਿੱਚ ਰਹਿੰਦੇ ਹਨ, ਉਹ ਇਸ ਸਮੂਹ ਵਿੱਚ ਜਿੱਤਾਂ ਦੇ ਨਾਲ਼-ਨਾਲ਼ ਹਾਰਾਂ ਦਾ ਅਨੁਭਵ ਵੀ ਸਿੱਖਦੇ ਹਨ। ਸਕੂਲ ਲੱਗਣ ਤੋਂ ਪਹਿਲਾਂ ਮਾਪਿਆਂ ਸਾਹਮਣੇ ਕਿਸੇ ਗੱਲੋਂ ਰੋਕਣ ਜਾਂ ਝਿੜਕਣ 'ਤੇ ਬੱਚੇ ਰੁੱਸਣ ਜਾਂ ਜਿੱਦ ਕਰਨ ਲੱਗਦੇ ਹਨ ਪਰ ਸਕੂਲ ਵਿੱਚ ਅਧਿਆਪਕ ਵੱਲੋਂ ਝਿੜਕਣ ਜਾਂ ਰੋਕਣ 'ਤੇ ਉਹ ਸਮਝਣ ਦੀ ਕੋਸ਼ਿਸ਼ ਕਰਦੇ ਹਨ ਅਤੇ ਜਿੱਦ ਨਹੀਂ ਕਰਦੇ, ਨਾ ਰੁੱਸਦੇ ਹਨ ਕਿਉਂਕਿ ਉਹ ਬਾਕੀ ਬੱਚਿਆਂ ਨਾਲ਼ ਰਹਿੰਦੇ ਹੋਏ ਸਿੱਖ ਲੈਂਦੇ ਹਨ ਕਿ ਉਹਨਾਂ ਦਾ ਵਿਵਹਾਰ ਸਹੀ ਨਹੀਂ ਸੀ ਜੋ ਅਧਿਆਪਕ ਨੇ ਉਹਨਾਂ ਨੂੰ ਵਰਜਿਆ। ਇਸ ਤਰ੍ਹਾਂ ਬੱਚੇ ਸਮੂਹ ਵਿੱਚ ਚੰਗੀ ਤਰ੍ਹਾਂ ਵਿਕਸਿਤ ਹੋ ਸਕਦੇ ਹਨ। ਆਨਲਾਇਨ ਪੜ੍ਹਾਈ ਜਾਂ ਸਮਾਰਟ ਫ਼ੋਨ ਬੱਚਿਆਂ ਤੋਂ ਉਹਨਾਂ ਦਾ ਸਮੂਹਿਕ ਜੀਵਨ ਖੋਹ ਲੈਂਦੇ ਹਨ ਅਤੇ ਉਹਨਾਂ ਨੂੰ ਅਲਗਾਅ ਦਾ ਸ਼ਿਕਾਰ ਬਣਾ ਦਿੰਦੇ ਹਨ। ਇਸ ਤਰ੍ਹਾਂ ਬੱਚਿਆਂ ਵਿੱਚ ਭਾਵਨਾਤਮਕ ਤਾਲਮੇਲ ਦਾ ਵਿਗਾੜ ਪੈਦਾ ਹੋ ਜਾਂਦਾ ਹੈ ਅਤੇ ਉਹ ਚਿੜਚਿੜੇ ਅਤੇ ਆਪਹੁਦਰੇ ਬਣ ਜਾਂਦੇ ਹਨ ਜੋ ਬਾਕੀ ਬੱਚਿਆਂ ਨਾਲ਼ ਘੁਲ਼ ਮਿਲ਼ ਨਹੀਂ ਪਾਉਂਦੇ ਲਗਾਤਾਰ ਫ਼ੋਨ ਦੀ ਵਰਤੋਂ ਨਾਲ਼ ਬੱਚਿਆਂ ਦੀਆਂ ਨੀਂਦ ਦੀਆਂ ਆਦਤਾਂ ਵੀ ਵਿਗੜ ਜਾਂਦੀਆਂ ਹਨ। ਫ਼ੋਨ ਦੀ ਸਕਰੀਨ ਤੋਂ ਨਿਕਲ਼ਦੀ ਨੀਲੀ ਰੌਸ਼ਨੀ ਨੀਂਦ ਨੂੰ ਨਿਯਮਿਤ ਕਰਨ ਵਾਲ਼ੇ ਹਾਰਮੋਨ ਮੈਲਾਟੋਨਿਨ ਨੂੰ ਪ੍ਰਭਾਵਿਤ ਕਰਦੀ ਹੈ ਜਿਸ ਨਾਲ਼ ਨੀਂਦ 'ਚ ਵਿਗਾੜ ਆ ਜਾਦਾ ਹੈ। ਚੰਗੀ ਨੀਂਦ ਨਾ ਲੈ ਸਕਣ ਨਾਲ਼ ਬੱਚੇ ਦੇ ਸਰੀਰ ਅਤੇ ਦਿਮਾਗ ਦੋਨਾਂ 'ਤੇ ਬੁਰੇ ਰੁਖ ਪ੍ਰਭਾਵ ਪੈਂਦੇ ਹਨ

ਸਮਾਰਟ ਫੋਨਾਂ ਦਾ ਚਸਕਾ ਬੱਚਿਆਂ ਨੂੰ ਘਰਾਂ ਦੀ ਚਾਰਦਿਵਾਰੀ ਅੰਦਰ ਕੈਦ ਕਰ ਦਿੰਦਾ ਹੈ। ਬੱਚੇ ਦੀ ਤੰਦਰੁਸਤ ਸਿਹਤ ਲਈ ਜਰੂਰੀ ਹੈ ਕਿ ਉਹ ਸਰੀਰਕ ਕਸਰਤਾਂ ਵਾਲੀਆਂ ਖੇਡਾਂ ਵਿੱਚ ਹਿੱਸਾ ਲੈਣ। ਖੇਡਣ ਨਾਲ਼ ਉਹਨਾਂ ਦੀਆਂ ਮਾਸਪੇਸ਼ੀਆਂ ਮਜਬੂਤ ਹੁੰਦੀਆਂ ਹਨ। ਇਸਦੇ ਨਾਲ-ਨਾਲ਼ ਉਹਨਾਂ ਵਿੱਚ ਸਵੈ ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਬੱਚਿਆਂ ਦੀਆਂ ਖੇਡਾਂ ਨੂੰ ਵਾਧੂ ਦੀ ਸਰਗਰਮੀ ਨਹੀਂ ਸਮਝਣਾ ਚਾਹੀਦਾ। ਖੇਡ ਕਿਰਤ ਕਰਨ ਦੇ ਮਨੁੱਖੀ ਗੁਣ ਦਾ ਹੀ ਰੂਪ ਹੈ ਬੱਚੇ ਆਪਣੇ ਆਸ ਪਾਸ ਬਾਲਗਾਂ ਨੂੰ ਕੰਮਾਂ 'ਚ ਲੱਗੇ ਦੇਖਦੇ ਹਨ ਅਤੇ ਉਹ ਖੇਡ ਦੌਰਾਨ ਉਹੀ ਕੰਮ ਕਰਕੇ ਖ਼ੁਦ ਨੂੰ ਕਿਰਤੀ ਪਾਤਰ ਦੇ ਰੂਪ ਵਿੱਚ ਮਹਿਸੂਸਦੇ ਹਨ। ਖੇਡਾਂ ਸਮੇਂ ਹਾਸਲ ਕੀਤੇ ਅਨੁਭਵਾਂ ਨਾਲ਼ ਬੱਚਿਆਂ ਦਾ ਬਹੁਮੁਖੀ ਵਿਕਾਸ ਹੁੰਦਾ ਹੈ। ਖੇਡਾਂ ਬੱਚਿਆਂ ਵੱਲੋਂ ਹਾਸਲ ਕੀਤੇ ਗਿਆਨ ਨੂੰ ਅਮਲੀ ਰੂਪ 'ਚ ਲਾਗੂ ਕਰਨ ਦੀ ਪ੍ਰਯੋਗਸ਼ਾਲਾ ਹੁੰਦੀਆਂ ਹਨ। ਪਰ ਸਮਾਰਟ ਫ਼ੋਨਾਂ ਵਿੱਚ ਉਪਲਬਧ ਗੇਮਾਂ ਬੱਚੇ ਵਿੱਚੋਂ ਇਸ ਉਤਸੁਕਤਾ ਅਤੇ ਜਗਿਆਸਾ ਨੂੰ ਮਾਰ ਦਿੰਦੀਆਂ ਹਨ, ਜਿਸ ਨਾਲ਼ ਉਹ ਸੁਸਤ ਅਤੇ ਆਲਸੀ ਬਣ ਜਾਂਦੇ ਹਨ। ਉਹ ਤੋੜ-ਭੰਨ ਕਰਨਾ, ਬਹਿਸਣਾ, ਖਿਝਣਾ ਜਾਂ ਚੁੱਪ ਰਹਿਣਾ ਸ਼ੁਰੂ ਕਰ ਦਿੰਦੇ ਹਨ ਲਗਾਤਾਰ ਫੋਨ ਵਰਤਣ ਨਾਲ਼ ਸਰੀਰਕ ਸਰਗਰਮੀਆਂ ਬੰਦ ਹੋ ਜਾਂਦੀਆਂ ਹਨ ਅਤੇ ਉਹਨਾਂ ਦੀਆਂ

ਮਾਸਪੇਸ਼ੀਆਂ ਦਾ ਵੀ ਸਹੀ ਵਿਕਾਸ ਨਹੀਂ ਹੋ ਪਾਉਂਦਾ।

ਬੱਚਿਆਂ ਦੀ ਪਰਵਰਿਸ਼ ਵਿੱਚ ਬਹੁਤ ਹੀ ਮਹੱਤਵਪੂਰਨ ਹੈ-ਉਹਨਾਂ ਨੂੰ ਸੋਚਣਾ ਸਿਖਾਉਣਾ। ਇਸ ਵਾਸਤੇ ਬੱਚਿਆਂ ਨੂੰ ਕਹਾਣੀਆਂ ਸੁਣਾਉਣਾ ਬਹੁਤ ਜਰੂਰੀ ਹੁੰਦਾ ਹੈ ਤਾਂ ਕਿ ਬੱਚੇ ਕਲਪਨਾਵਾਂ ਕਰ ਸਕਣ। ਉਹ ਲੰਬਾ ਸਮਾਂ ਕਿਸੇ ਵਿਸ਼ੇ 'ਤੇ ਸੋਚਦੇ ਰਹਿਣ। ਇਸ ਨਾਲ਼ ਉਹਨਾਂ ਵਿੱਚ ਇਕਾਗਰਤਾ ਦਾ ਗੁਣ ਵੀ ਪੈਦਾ ਹੁੰਦਾ ਹੈ। ਪਰ ਫ਼ੋਨਾਂ 'ਤੇ ਕੁੱਝ ਸਕਿੰਟਾਂ ਵਿੱਚ ਹੀ ਲਗਾਤਾਰ ਨਵੀਆਂ-ਨਵੀਆਂ ਵੀਡੀਓ ਸਾਹਮਣੇ ਆਉਂਦੀਆਂ ਹਨ ਜਿਸ ਨਾਲ਼ ਬੱਚੇ ਵਿੱਚ ਇਕਾਗਰਤਾ ਦਾ ਗੁਣ ਪੈਦਾ ਨਹੀਂ ਹੋ ਪਾਉਂਦਾ। ਅਜਿਹੇ ਬੱਚੇ ਕਿਸੇ ਵੀ ਚੀਜ ਬਾਰੇ ਬਹੁਤ ਓਪਰੀ ਜਿਹੀ ਜਾਣਕਾਰੀ ਹੀ ਰੱਖਦੇ ਹਨ। ਉਹ ਨਾ ਤਾਂ ਕਿਸੇ ਵਿਸ਼ੇ ਦੀ ਡੂੰਘਾਈ ਵਿੱਚ ਜਾ ਸਕਦੇ ਹਨ ਅਤੇ ਨਾ ਹੀ ਉਹਨਾਂ ਦੀਆਂ ਭਾਵਨਾਵਾਂ ਵਿੱਚ ਕੋਈ ਗਹਿਰਾਈ ਆਉਂਦੀ ਹੈ ਬੱਚੇ ਦੀ ਯਾਦਾਸ਼ਤ ਕਮਜੋਰ ਹੋ ਜਾਂਦੀ ਹੈ, ਉਹ ਕਾਹਲ਼ ਅਤੇ ਹੋਸ਼ੇਪਣ ਦਾ ਸ਼ਿਕਾਰ ਹੋ ਜਾਂਦੇ ਹਨ। ਫੋਨਾਂ 'ਤੇ ਸਮਾਂ ਬਿਤਾਉਂਦਿਆਂ ਕੋਈ ਦਿਮਾਗੀ ਗਤੀਵਿਧੀ ਨਹੀਂ ਕਰਨੀ ਪੈਂਦੀ। ਇਸ ਸਮੇਂ ਦਿਮਾਗ ਦੇ ਸੈਲ ਹਾਈਬਰਨੇਸ਼ਨ (ਸੁੰਨ) ਵਿੱਚ ਚਲੇ ਜਾਂਦੇ ਹਨ ਜਿਸ ਨਾਲ਼ ਉਸਦੇ ਮਾਨਸਿਕ ਵਿਕਾਸ ਨੂੰ ਖੋਰਾ ਲੱਗਦਾ ਹੈ ਜਦ ਕਿ ਇਸਦੀ ਥਾਂ ਕਹਾਣੀਆਂ ਪੜ੍ਹਣ ਅਤੇ ਸੁਣਨ ਸਮੇਂ ਬੱਚੇ ਦਾ ਦਿਮਾਗ ਲਗਾਤਾਰ ਕਲਪਨਾਵਾਂ ਕਰ ਰਿਹਾ ਹੁੰਦਾ ਹੈ। ਉਹ ਸਾਰੇ ਪਾਤਰ ਖ਼ੁਦ ਸਿਰਜਦੇ ਹਨ, ਸਾਰੇ ਦ੍ਰਿਸ਼ਾਂ ਦੀਆਂ ਕਲਪਨਾਵਾਂ ਕਰਦੇ ਹਨ। ਮਨਚਾਹੇ ਰੰਗ-ਰੂਪ ਨਾਲ਼ ਕਹਾਣੀ ਨੂੰ ਸਜਾਉਂਦੇ ਹਨ। ਚੰਗੇ ਅਤੇ ਮਾੜੇ ਦਾ ਫਰਕ ਕਰਨਾ ਸਿੱਖਦੇ ਹਨ। ਉਹ ਪਾਤਰਾਂ ਦੇ ਦੁੱਖਾਂ-ਸੁੱਖਾਂ, ਤੰਗੀਆਂ-ਤਕਲੀਫਾਂ, ਖ਼ੁਸ਼ੀਆਂ-ਖੇੜਿਆਂ, ਆਪਸੀ ਪਿਆਰ ਆਦਿ ਕਈ ਤਰ੍ਹਾਂ ਦੀਆਂ ਭਾਵਨਾਵਾਂ ਨੂੰ ਮਹਿਸੂਸ ਕਰਦੇ ਹਨ। ਉਹ ਪਾਤਰਾਂ ਦੇ ਆਪਸੀ ਵਾਰਤਾਲਾਪਾਂ ਤੋਂ ਤਰਕ ਕਰਨਾ ਸਿੱਖਦੇ ਹਨ ਜਦ ਕਿ ਫ਼ੋਨਾਂ ਵਿੱਚ ਉਪਲਬਧ ਸਮੱਗਰੀ ਉਹਨਾਂ ਨੂੰ ਸੋਚਣ-ਵਿਚਾਰਨ ਅਤੇ ਤਰਕ ਕਰਨ ਤੋਂ ਰੋਕ ਦਿੰਦੀ ਹੈ।

ਫ਼ੋਨਾਂ ਦੀ ਦੁਨੀਆਂ ਅਸ਼ਲੀਲ ਅਤੇ ਹਿੰਸਾਤਮਕ ਸਮੱਗਰੀ ਨਾਲ਼ ਭਰੀ ਪਈ ਹੈ। ਇਸ ਸਮੱਗਰੀ ਰਾਹੀਂ ਵੱਡੀਆਂ ਵੱਡੀਆਂ ਕੰਪਨੀਆਂ ਦਾ ਕਰੋੜਾਂ ਦੇ ਮੁਨਾਫ਼ਿਆਂ ਦਾ ਕਾਰੋਬਾਰ ਚੱਲਦਾ ਹੈ। ਆਪਣੇ ਮੁਨਾਫ਼ੇ ਦੀ ਖਿੱਚ 'ਚ ਲੱਗੀਆਂ ਇਹ ਕੰਪਨੀਆਂ ਸਾਡੇ ਬੱਚਿਆਂ ਦੀ ਜ਼ਿੰਦਗੀ ਨਾਲ਼ ਵੱਡਾ ਖਿਲਵਾੜ ਕਰ ਰਹੀਆਂ ਹਨ। ਵੀਡਿਓ ਗੇਮਾਂ ਵਿੱਚ ਮਾਰਨਾ ਕੁੱਟਣਾ, ਹਥਿਆਰਾਂ ਦਾ ਉਪਯੋਗ ਸ਼ਰ੍ਹੇਆਮ ਹੈ। ਇਹੋ ਜਿਹੀ ਸਮੱਗਰੀ ਹਾਸਲ ਕਰਨ ਲਈ ਬੱਚੇ ਨੂੰ ਕੋਈ ਖਾਸ ਕੋਸ਼ਿਸ਼ ਨਹੀਂ ਕਰਨੀ ਪੈਂਦੀ। ਨਿੱਕੀ ਉਮਰੇ ਅਜਿਹੀ ਸਮੱਗਰੀ ਦੇਖਣ ਨਾਲ਼ ਬੱਚੇ ਨੂੰ ਗਲਤ ਜਾਣਕਾਰੀਆਂ ਮਿਲ਼ਦੀਆਂ ਹਨ। ਇਹ ਜਾਣਕਾਰੀਆਂ ਬੱਚਿਆਂ ਦੇ ਦਿਮਾਗ 'ਤੇ ਬੋਝ ਬਣਦੀਆਂ ਹਨ ਜੋ ਉਹਨਾਂ ਨੂੰ ਹਿੰਸਾਤਮਕ ਬਣਾ ਸਕਦੀਆਂ ਹਨ। ਅਜਿਹੀਆਂ ਜਾਣਕਾਰੀਆਂ ਉਹਨਾਂ ਅੰਦਰ ਅਨੈਤਿਕਤਾ ਪੈਦਾ ਕਰਦੀਆਂ ਹਨ ਜੋ ਇੱਕ ਚੰਗੇ ਮਨੁੱਖ ਵਜੋਂ ਵਿਕਸਿਤ ਹੋਣ ਦੀ ਥਾਂ ਉਸਦੇ ਨੈਤਿਕ ਪਤਨ ਦਾ ਮੁੱਢ ਬੰਨ੍ਹ ਦਿੰਦੀਆਂ ਹਨ ਜਿਸ ਦੇ ਪ੍ਰਭਾਵ ਉਮਰ ਭਰ ਲਈ ਬੱਚੇ ਦੇ ਨਾਲ਼ ਰਹਿੰਦੇ ਹਨ। ਮਾਹਿਰਾਂ ਦਾ ਤਾਂ ਇੱਥੋਂ ਤੱਕ ਕਹਿਣਾ ਹੈ ਕਿ ਬੱਚਿਆਂ ਨੂੰ ਉਹ ਫਿਲਮਾਂ ਵੀ ਨਹੀਂ ਦਿਖਾਉਣੀਆਂ ਚਾਹੀਦੀਆਂ ਜੋ ਬਾਲਗ ਦੇਖਦੇ ਹਨ ਕਿਉਂਕਿ ਬੱਚੇ ਇਹਨਾਂ ਦਾ ਸਾਰ ਸਹੀ ਤਰ੍ਹਾਂ ਨਹੀਂ ਸਮਝ ਸਕਦੇ ਸਗੋਂ ਉਹ ਇਹਨਾਂ ਨੂੰ ਸਿਰਫ਼ ਬਾਹਰੀ ਰੂਪ ਤੋਂ ਗ੍ਰਹਿਣ ਕਰ ਲੈਂਦੇ ਹਨ। ਅਜਿਹੀ ਜਾਣਕਾਰੀ ਨਾਲ਼ ਉਹ ਸਤਹੀ ਨਤੀਜੇ ਕੱਢ ਲੈਂਦੇ ਹਨ ਜਿਸ ਨਾਲ਼ ਉਹ ਖ਼ੁਦ ਨੂੰ ਜਾਂ ਕਿਸੇ ਦੂਜੇ ਬੱਚੇ ਨੂੰ ਗੰਭੀਰ ਨੁਕਸਾਨ ਵੀ ਪਹੁੰਚਾ ਸਕਦੇ ਹਨ ਜਦ ਕਿ ਸਮਾਰਟ ਫੋਨਾਂ 'ਤੇ ਉਪਲੱਬਧ ਸਮੱਗਰੀ ਤਾਂ ਫਿਲਮਾਂ ਤੋਂ ਕਈ ਗੁਣਾ ਵੱਧ ਖ਼ਤਰਨਾਕ ਹੈ। ਇਸ ਤੋਂ ਇਲਾਵਾ ਸਾਈਬਰ ਬੁਲਿੰਗ ਜਾਂ ਸਾਈਬਰ ਅਪਰਾਧ ਵੀ ਲਗਾਤਾਰ ਵਧ ਰਹੇ ਹਨ, ਜਿਸਦਾ ਸ਼ਿਕਾਰ ਹੋਏ ਬੱਚੇ ਜਾਂ ਤਾਂ ਹਮੇਸ਼ਾ ਲਈ ਆਤਮ ਵਿਸ਼ਵਾਸਹੀਣ ਅਤੇ ਮਾਨਸਿਕ ਰੋਗ ਗ੍ਰਸਤ ਹੋ ਜਾਂਦੇ ਹਨ ਅਤੇ ਜਾਂ ਕਈ ਵਾਰ ਆਤਮ-ਹੱਤਿਆ ਤੱਕ ਦੇ ਮਾੜੇ ਸਿੱਟਿਆਂ ਤੱਕ ਵੀ ਅੱਪੜ ਜਾਂਦੇ ਹਨ।

ਸਮਾਰਟ ਫ਼ੋਨ ਬੱਚਿਆਂ ਤੋਂ ਉਹਨਾਂ ਦੀ ਭਾਸ਼ਾ ਵੀ ਖੋਹ ਰਹੇ ਹਨ। ਸਮਾਰਟ ਫੋਨਾਂ ਦੀ ਦੁਨੀਆਂ ਵਿੱਚ ਆਪਣੀ ਇੱਕ ਵੱਖਰੀ ਭਾਸ਼ਾ ਹੈ, ਜੋ ਬੱਚਿਆਂ ਨੂੰ ਮਾਂ ਬੋਲੀ ਤੋਂ ਸੱਖਣੇ ਕਰਦੀ ਹੈ। ਮਾਂ-ਬੋਲੀ ਤੋਂ ਬਿਨ੍ਹਾਂ ਬੱਚੇ ਦਾ ਸੰਤੁਲਿਤ ਵਿਕਾਸ ਨਹੀਂ ਹੋ ਸਕਦਾ। ਇਸ ਤੋਂ ਬਿਨ੍ਹਾਂ ਅੱਖਾਂ ਦੀ ਰੌਸ਼ਨੀ, ਗਲਤ ਢੰਗ ਨਾਲ਼ ਬੈਠਣ ਦੀ ਆਦਤ, ਮਾਸਪੇਸ਼ੀਆਂ ਦਾ ਤਣਾਅ, ਸਿਰ ਦਰਦ, ਕੰਨਾਂ ਦੀਆਂ ਬਿਮਾਰੀਆਂ ਅਤੇ ਹੋਰ ਅਨੇਕਾਂ ਬਿਮਾਰੀਆਂ ਵੀ ਸਮਾਰਟ ਫੋਨਾਂ ਦੀ ਦੇਣ ਹਨ।

ਬੱਚੇ ਦੀ ਪਰਵਰਿਸ਼ ਦਾ ਕਾਰਜ ਬਹੁਤ ਗੰਭੀਰਤਾ ਅਤੇ ਜ਼ਿੰਮੇਵਾਰੀ ਦੀ ਮੰਗ ਕਰਦਾ ਹੈ ਉਸਦੀ ਪਰਵਰਿਸ਼ ਦੀ ਜ਼ਿੰਮੇਵਾਰੀ ਮਾਪਿਆਂ, ਅਧਿਆਪਕਾਂ ਦੇ ਨਾਲ਼ ਨਾਲ਼ ਉਸਦੇ ਆਸੇ ਪਾਸੇ ਦੇ ਸਾਰੇ ਬਾਲਗਾਂ ਅਤੇ ਸਰਕਾਰ ਦੀ ਸਮੂਹਿਕ ਜ਼ਿੰਮੇਵਾਰੀ ਹੈ ਇਸ ਦੌਰਾਨ ਇਸ ਗੱਲ ਦਾ ਖਾਸ ਖਿਆਲ਼ ਰੱਖਣ ਦੀ ਲੋੜ ਹੁੰਦੀ ਹੈ ਕਿ ਬੱਚੇ ਨੂੰ ਭਵਿੱਖ ਦੇ ਮਨੁੱਖ ਵਜੋਂ

ਦੇਖਿਆ ਜਾਵੇ। ਬੱਚੇ ਦੀਆਂ ਮੁੱਢਲੀਆਂ ਲੋੜਾਂ ਦੀ ਪੂਰਤੀ ਕਰਨਾ ਹੀ ਉਸਦੀ ਪਰਵਰਿਸ਼ ਨਹੀਂ ਹੁੰਦੀ ਸਗੋਂ ਉਸਦੇ ਸਰਵਪੱਖੀ ਵਿਕਾਸ ਵੱਲ ਧਿਆਨ ਦੇਣਾ ਚਾਹੀਦਾ ਹੈ। ਕੰਮਕਾਜੀ ਮਾਪਿਆਂ ਲਈ ਬੱਚਿਆਂ ਦੀ ਪਰਵਰਿਸ਼ ਸਬੰਧੀ ਸਾਰੀਆਂ ਗੱਲਾਂ ਦਾ ਧਿਆਨ ਰੱਖ ਸਕਣਾ ਸੰਭਵ ਨਹੀਂ। ਅਜਿਹੀ ਪਰਵਰਿਸ਼ ਲਈ ਸਮੂਹਿਕ ਬਾਲ ਪਾਲਣ ਘਰ ਬਣਾਏ ਜਾਣੇ ਲਾਜਮੀ ਹਨ ਜਿੱਥੇ ਬੱਚੇ ਵੱਧ ਤੋਂ ਵੱਧ ਸਮਾਂ ਗੁਜਾਰ ਸਕਣ, ਜਿੱਥੇ ਹਰ ਉਮਰ-ਵਰਗ ਦੇ ਬੱਚੇ ਦੀਆਂ ਵੱਖਰੀਆਂ ਮਾਨਸਿਕ ਲੋੜਾਂ ਨੂੰ ਧਿਆਨ 'ਚ ਰੱਖਦੇ ਹੋਏ ਉਹਨਾਂ ਨੂੰ ਸਿਖਾਉਣ ਸਮਝਾਉਣ ਦੀ ਸਮੱਗਰੀ ਅਤੇ ਤਰੀਕੇ ਵੱਖਰੇ ਵੱਖਰੇ ਲਾਗੂ ਕੀਤੇ ਜਾ ਸਕਣ। ਕੰਮਕਾਜੀ ਮਾਂਵਾਂ ਦੇ ਕੰਮ ਸਥਾਨਾਂ 'ਤੇ ਅਜਿਹੇ ਪਾਲਣ ਘਰ ਹੋਣੇ ਲਾਜਮੀ ਹਨ ਤਾਂ ਕਿ ਬੱਚੇ ਚੰਗੀ ਦੇਖ ਰੇਖ 'ਚ ਰਹਿੰਦੇ ਹੋਏ ਚੰਗੇ ਨਾਗਰਿਕ ਦੇ ਤੌਰ 'ਤੇ ਵਿਕਸਿਤ ਹੋਣ ਜੋ ਸਰਵਪੱਖੀ ਗੁਣਾਂ ਦਾ ਮਾਲਕ ਹੋਵੇ। ਪਰ ਬੱਚਿਆਂ ਦੀ ਦੇਖਭਾਲ ਲਈ ਪਾਲਣ ਘਰ, ਪਾਰਕ, ਮੈਦਾਨ ਆਦਿ ਉਪਲਬਧ ਕਰਵਾਉਣ ਦੇ ਮਾਮਲੇ ਵਿੱਚ ਮੌਜੂਦਾ ਸਰਕਾਰਾਂ ਉੱਕਾ ਹੀ ਨਾਕਾਮ ਸਾਬਤ ਹੋਈਆਂ ਹਨ।

ਬੱਚਿਆਂ ਵਿੱਚ ਸਮਾਰਟ ਫ਼ੋਨਾਂ ਦੀ ਅਣਲੋੜੀਦੀ ਵਰਤੋਂ 'ਤੇ ਪਾਬੰਦੀ ਲਗਾਈ ਜਾਣੀ ਚਾਹੀਦੀ ਹੈ ਕਈ ਦੇਸ਼ਾਂ ਵਿੱਚ ਅਜਿਹੇ ਕਾਨੂੰਨ ਵੀ ਬਣਾਏ ਜਾ ਰਹੇ ਹਨ ਪਰ ਸਾਡੇ ਦੇਸ਼ ਵਿੱਚ ਪਿਛਲੇ ਸਮੇਂ ਤੋਂ ਆਨਲਾਇਨ ਪੜ੍ਹਾਈ ਦਾ ਰੁਝਾਨ ਬਹੁਤ ਤੇਜੀ ਨਾਲ਼ ਵਧਿਆ ਹੈ ਜਿਸ ਕਾਰਨ ਬੱਚਿਆਂ ਦੇ ਹੱਥਾਂ ਵਿੱਚ ਸਮਾਰਟ ਫ਼ੋਨ ਦੇਣਾ ਮਾਪਿਆਂ ਦੀ ਮਜਬੂਰੀ ਬਣਾ ਦਿੱਤੀ ਗਈ ਹੈ ਜਿਸਦਾ ਸਭ ਤੋਂ ਵੱਧ ਬੋਝ ਗਰੀਬ ਮਾਪਿਆਂ 'ਤੇ ਪੈਂਦਾ ਹੈ। ਅੱਜ ਇਸ ਬਾਲ ਦੋਖੀ ਪ੍ਰਬੰਧ ਅਤੇ ਸਰਕਾਰਾਂ ਦੀਆਂ ਨੀਤੀਆਂ ਖਿਲਾਫ਼ ਡਟਣਾ ਸਾਡਾ ਸਾਰਿਆਂ ਦਾ ਫਰਜ ਬਣਦਾ ਹੈ। ਅੱਜ ਬੱਚਿਆਂ ਦੀ ਸਮੂਹਿਕ ਪਰਵਰਿਸ਼ ਲਈ ਬਾਲ ਪਾਲਣ ਘਰ ਬਣਵਾਉਣ, ਬੱਚਿਆਂ ਲਈ ਪਾਰਕ, ਖੇਡ ਮੈਦਾਨ, ਲਾਇਬ੍ਰੇਰੀਆਂ ਕਾਇਮ ਕਰਨ, ਬਾਲ ਫਿਲਮਾਂ ਅਤੇ ਬੱਚਿਆਂ ਨੂੰ ਦਿਖਾਈ ਜਾਣ ਵਾਲ਼ੀ ਹੋਰ ਸਮੱਗਰੀ ਨੂੰ ਹਿੰਸਾ, ਅਸ਼ਲੀਲਤਾ ਰਹਿਤ ਅਤੇ ਬਾਲ ਮਨਾਂ ਦੀ ਹਾਣੀ ਬਣਵਾਉਣ ਆਦਿ ਮੰਗਾਂ ਵਾਸਤੇ ਲੋਕਾਂ ਵਿੱਚ ਚੇਤਨਾ ਲੈ ਕੇ ਜਾਣੀ ਚਾਹੀਦੀ ਹੈ ਅਤੇ ਲਾਮਬੰਦ ਹੋ ਕੇ ਸਰਕਾਰ ਤੋਂ ਇਸ ਪ੍ਰਤੀ ਜਵਾਬਦੇਹੀ ਮੰਗਣੀ ਚਾਹੀਦੀ ਹੈ।

ਉਪਰੋਕਤ ਲੋਕ ਲਹਿਰ ਲਈ ਕੋਸਿਸ਼ਾਂ ਕਰਨ ਦੇ ਨਾਲ਼ ਨਾਲ਼ ਨਿੱਜੀ ਪੱਧਰ 'ਤੇ ਸਾਨੂੰ ਇਹ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਮਾਰਟ ਫ਼ੋਨਾਂ ਨੂੰ ਕਿਤਾਬਾਂ ਅਤੇ ਅਮਲੀ ਸਿੱਖਿਆ ਦਾ ਬਦਲ ਨਾ ਬਣਨ ਦੇਈਏ। ਘਰਾਂ ਵਿੱਚ ਵੀ ਅਜਿਹਾ ਮਹੌਲ ਸਿਰਜੀਏ ਕਿ ਸੌਣ ਕਮਰਿਆਂ ਵਿੱਚ ਸਮਾਰਟ ਫ਼ੋਨ ਨਾ ਲਿਜਾਏ ਜਾਣ। ਧਿਆਨ ਰੱਖਿਆ ਜਾਵੇ ਕਿ ਬੱਚੇ ਬਾਲਗਾਂ ਦੀ ਦੇਖ ਰੇਖ ਹੇਠ ਵਿਕਸਿਤ ਹੋਣ। ਸਰੀਰਿਕ ਕਸਰਤਾਂ ਅਤੇ ਖੇਡਾਂ ਨੂੰ ਉਤਸ਼ਾਹਿਤ ਕਰਨ। ਕਿਤਾਬਾਂ ਪੜ੍ਹਣ ਅਤੇ ਕਹਾਣੀਆਂ ਸੁਣਾਉਣ, ਖ਼ੁਦ ਕਲਪਨਾਵਾਂ ਕਰਨ ਦਾ ਮਹੌਲ ਸਿਰਜਣ ਦੀ ਲੋੜ ਹੈ।

---

**... ਪੰਨਾ 8 ਦਾ ਬਾਕੀ** ਰਹੀਆਂ ਹਨ। ਜਸਟਿਸ ਸੁਬਰਾਮਨੀਅਮ ਨੇ ਕਿਹਾ—ਤੁਸੀਂ ਨਹੀਂ ਸਮਝੋਗੇ, ਕਿਉਂਕਿ ਤੁਸੀਂ ਇੱਕ ਧਿਰ ਵੱਲੋਂ ਪੇਸ਼ ਹੋ ਰਹੇ ਹੋ ਪਰ ਇਹ ਕੋਰਟ ਨਾ ਕਿਸੇ ਦੇ ਹੱਕ ਵਿੱਚ ਤੇ ਨਾ ਕਿਸੇ ਦੇ ਵਿਰੁੱਧ ਹੈ। ਅਸੀਂ ਸਿਰਫ਼ ਇਹ ਚਾਹੁੰਦੇ ਹਾਂ ਕਿ ਜਿਹੜਾ ਸਾਡੇ ਕੋਲ ਆਇਆ ਹੈ ਉਸਨੂੰ ਇਨਸਾਫ਼ ਮਿਲੇ।

ਫਾਜ਼ਲ ਜੱਜਾਂ ਨੇ ਧੀਆਂ ਤੇ ਉਨ੍ਹਾਂ ਦੇ ਮਾਪਿਆਂ ਵਿਚਾਲੇ ਦਵੈਖ ਦੀ ਗੱਲ ਕੀਤੀ। ਜਸਟਿਸ ਸੁਬਰਾਮਨੀਅਮ ਨੇ ਧੀਆਂ ਨੂੰ ਕਿਹਾ ਕਿ ਤੁਸੀਂ ਦਾਅਵਾ ਕਰਦੀਆਂ ਹੋ ਕਿ ਰੂਹਾਨੀਅਤ ਦੇ ਰਾਹ 'ਤੇ ਚੱਲ ਰਹੀਆਂ ਹੋ। ਕੀ ਤੁਸੀਂ ਇਹ ਨਹੀਂ ਸੋਚਦੀਆਂ ਕਿ ਮਾਪਿਆ ਨੂੰ ਅਣਗੌਲਣਾ 'ਪਾਪ' ਹੈ ? ਸ਼ਰਧਾ ਦਾ ਸਿਧਾਂਤ ਹੈ ਕਿ ਸਾਰਿਆਂ ਨਾਲ ਪਿਆਰ ਕਰੋ ਤੇ ਕਿਸੇ ਨਾਲ ਨਫ਼ਰਤ ਨਾ ਕਰੋ, ਪਰ ਅਸੀਂ ਦੇਖ ਰਹੇ ਹਾਂ ਕਿ ਤੁਹਾਡੇ ਵਿੱਚ ਮਾਪਿਆਂ ਪ੍ਰਤੀ ਕਿੰਨੀ ਨਫ਼ਰਤ ਹੈ। ਤੁਸੀਂ ਉਨ੍ਹਾਂ ਨੂੰ ਸਤਿਕਾਰ ਨਾਲ ਸੰਬੋਧਨ ਵੀ ਨਹੀਂ ਕਰ ਰਹੀਆਂ। ਪਟੀਸ਼ਨਰ ਦੇ ਵਕੀਲ ਐੱਮ ਪੁਰਸ਼ੋਤਮਣ ਨੇ ਕਿਹਾ ਕਿ ਬੀਤੇ ਵਿੱਚ ਵੀ ਈਸ਼ਾ ਫਾਊਂਡੇਸ਼ਨ ਦੇ ਖਿਲਾਫ਼ ਫ਼ੌਜਦਾਰੀ ਕੇਸ ਦਰਜ ਹੋਏ ਹਨ। ਇਸ ਤੋਂ ਸਾਫ ਹੈ ਕਿ ਉਹ ਕਾਨੂੰਨ ਦੀ ਉਲੰਘਣਾ ਕਰ ਰਹੀ ਹੈ

ਧੀਆਂ ਦੇ ਬਿਆਨਾਂ 'ਤੇ ਈਸ਼ਾ ਫਾਊਂਡੇਸ਼ਨ ਦੀਆਂ ਦਲੀਲਾਂ ਦੇ ਬਾਵਜੂਦ ਕੋਰਟ ਨੇ ਐਡੀਸ਼ਨਲ ਪਬਲਿਕ ਪ੍ਰਾਸੀਕਿਊਟਰ ਈ ਰਾਜ ਤਿਲਕ ਨੂੰ ਹਦਾਇਤ ਕੀਤੀ ਕਿ ਉਹ ਚਾਰ ਅਕਤੂਬਰ ਤੱਕ ਤਫ਼ਸੀਲ ਨਾਲ ਸਥਿਤੀ ਰਿਪੋਰਟ ਪੇਸ ਕਰਨ। ਇਸ ਵਿੱਚ ਫਾਊਂਡੇਸਨ ਖਿਲਾਫ਼ ਸਾਰੇ ਫੌਜਦਾਰੀ ਮਾਮਲਿਆਂ ਦਾ ਵੇਰਵਾ ਹੋਵੇਗਾ। ਇਸੇ ਦੌਰਾਨ ਈਸ਼ਾ ਫਾਊਂਡੇਸ਼ਨ ਨੇ ਕਿਹਾ ਹੈ ਕਿ ਉਹ ਕਿਸੇ ਨੂੰ ਵਿਆਹ ਕਰਾਉਣ ਜਾਂ ਸੰਨਿਆਸੀ ਬਣਨ ਲਈ ਨਹੀਂ ਕਹਿੰਦੀ, ਇਹ ਵਿਅਕਤੀਆਂ ਦੀ ਆਪਣੀ ਪਸੰਦ ਹੈ, ਈਸ਼ਾ ਯੋਗਾ ਕੇਂਦਰ ਵਿੱਚ ਬਹੁਤ ਲੋਕ ਰਹਿੰਦੇ ਹਨ ਪਰ ਕੁੱਝ ਕੁ ਸੰਨਿਆਸੀ ਬਣਦੇ ਹਨ। **(ਨਵਾਂ ਜ਼ਮਾਨਾ)** (02-10-2024)

# ਸਕੂਲ ਮਾਲਕ ਨੇ ਸਕੂਲ ਨੂੰ ਖੁਸ਼ਹਾਲ, ਪ੍ਰਸਿੱਧ ਬਣਾਉਣ ਲਈ ਦਿੱਤੀ -ਦੂਜੀ ਜਮਾਤ ਦੇ ਮਾਸੂਮ ਵਿਦਿਆਰਥੀ ਦੀ ਬਲੀ



- ਸੁਮੀਤ ਸਿੰਘ

ਸਾਡੇ ਸਮਾਜ ਦੇ ਜ਼ਿਆਦਾਤਰ ਲੋਕ ਪੀੜ੍ਹੀ ਦਰ ਪੀੜ੍ਹੀ ਰੂੜੀਵਾਦੀ ਸੋਚ ਰੱਖਦੇ ਹੋਣ ਕਰਕੇ ਕਈ ਤਰ੍ਹਾਂ ਦੇ ਵਹਿਮਾਂ-ਭਰਮਾਂ, ਅੰਧਵਿਸ਼ਵਾਸਾਂ, ਕਾਲੇ ਇਲਮ, ਜਾਦੂ ਟੂਣਿਆਂ, ਭੂਤ ਪ੍ਰੇਤਾਂ, ਧਾਗੇ ਤਵੀਤਾਂ, ਕਿਸਮਤਵਾਦ, ਅਧਿਆਤਮਵਾਦ, ਅਖੌਤੀ ਚਮਤਕਾਰਾਂ, ਰੂੜੀਵਾਦੀ ਰਸਮਾਂ, ਡੇਰਿਆਂ, ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ ਅਤੇ ਜੋਤਸ਼ੀਆਂ ਦੇ ਮੱਕੜਜਾਲ ਵਿੱਚ ਬਹੁਤ ਬੁਰੀ ਤਰ੍ਹਾਂ ਫਸੇ ਹੋਏ ਹਨ। ਅਜਿਹੇ ਅਨਸਰਾਂ ਦੇ ਬਹਿਕਾਵੇ ਅਤੇ ਲਾਲਚ ਹੇਠ ਆ ਕੇ ਲੋਕ ਖ਼ੁਦ ਆਪਣੀ ਅਤੇ ਪਰਿਵਾਰਾਂ ਦੀ ਲੁੱਟ ਤਾਂ ਕਰਵਾਉਂਦੇ ਹੀ ਹਨ, ਪਰ ਕਈ ਵਾਰ ਅਜਿਹੇ ਘਿਨਾਉਣੇ ਅਪਰਾਧ ਵੀ ਕਰ ਬੈਠਦੇ ਹਨ ਜਿਸ ਕਾਰਣ ਉਨ੍ਹਾਂ ਨੂੰ ਸਾਰੀ ਉਮਰ ਜੇਲ੍ਹ ਵਿੱਚ ਰਹਿ ਕੇ ਪਛਤਾਉਣਾ ਪੈਂਦਾ ਹੈ।

ਪਿਛਲੇ ਮਹੀਨੇ ਉੱਤਰ ਪ੍ਰਦੇਸ ਦੇ ਹਾਥਰਸ ਜ਼ਿਲੇ ਵਿੱਚ ਡੀ.ਐਲ. ਪਬਲਿਕ ਸਕੂਲ ਦੇ ਮਾਲਕ ਵੱਲੋਂ ਆਪਣੇ ਸਕੂਲ ਨੂੰ ਪੈਸੇ ਕਮਾਉਣ ਪੱਖੋਂ ਖੁਸ਼ਹਾਲ, ਸਫ਼ਲ ਤੇ ਪ੍ਰਸਿੱਧ ਬਣਾਉਣ ਦੀ ਲਾਲਸਾ ਨੂੰ ਲੈ ਕੇ ਆਪਣੇ ਹੀ ਸਕੂਲ ਦੇ ਦੂਜੀ ਜਮਾਤ ਦੇ ਮਾਸੂਮ ਵਿਦਿਆਰਥੀ ਦੀ ਬਲੀ ਦੇ ਦਿੱਤੀ ਗਈ। ਸਕੂਲ ਦਾ ਮਾਲਕ ਅਖੌਤੀ ਕਾਲੇ ਜਾਦੂ ਅਤੇ ਤਾਂਤਰਿਕ ਵਿੱਦਿਆ ਦੀ ਅੰਧ ਵਿਸ਼ਵਾਸੀ ਮਾਨਸਿਕਤਾ ਦੀ ਦਲਦਲ ਵਿੱਚ ਇਸ ਹੱਦ ਤੱਕ ਧਸਿਆ ਹੋਇਆ ਸੀ ਕਿ ਆਪਣੇ ਲੜਕੇ, ਜੋ ਕਿ ਸਕੂਲ ਦਾ ਡਾਇਰੈਕਟਰ ਵੀ ਸੀ, ਨੂੰ ਆਪਣੇ ਸਕੂਲ ਅਤੇ ਪਰਿਵਾਰ ਨੂੰ ਹੋਰ ਜ਼ਿਆਦਾ ਖੁਸ਼ਹਾਲ ਅਤੇ ਪ੍ਰਸਿੱਧ ਕਰਨ ਲਈ ਕਿਸੇ ਬੱਚੇ ਦੀ ਬਲੀ ਦੇਣ ਲਈ ਉਕਸਾਉਂਦਾ ਰਹਿੰਦਾ ਸੀ।

ਹਾਥਰਸ ਜ਼ਿਲ੍ਹੇ ਦੇ ਪੁਲਿਸ ਸੁਪਰਡੈਂਟ ਨਿਪੁਨ ਅਗਰਵਾਲ ਦੇ ਦੱਸਣ ਅਨੁਸਾਰ ਇਸ ਸਕੂਲ ਦੇ ਇੱਕ ਅਧਿਆਪਕ ਵੱਲੋਂ 23 ਸਤੰਬਰ ਨੂੰ ਕ੍ਰਿਤਾਰਥ ਨਾਂ ਦੇ ਇਸ ਮਾਸੂਮ ਬੱਚੇ ਨੂੰ ਹੋਸਟਲ 'ਚੋਂ ਅਗਵਾ ਕੀਤਾ ਗਿਆ ਅਤੇ ਫਿਰ ਉਸਨੂੰ ਸਕੂਲ ਦੇ ਮਾਲਕ ਜਸੋਦਨ ਸਿੰਘ, ਉਸਦੇ ਪੁੱਤਰ ਦਿਨੇਸ਼ ਬਘੇਲ, ਪ੍ਰਿੰਸੀਪਲ ਲਕਸ਼ਮਣ ਸਿੰਘ ਅਤੇ ਦੋ ਅਧਿਆਪਕਾਂ ਰਾਮ ਪ੍ਰਕਾਸ਼ ਸੋਲੰਕੀ ਅਤੇ ਵੀਰਪਾਲ ਸਿੰਘ ਵੱਲੋਂ ਬਲੀ ਦੇਣ ਦੇ ਇਰਾਦੇ ਨਾਲ ਇਕਾਂਤ ਵਿੱਚ ਲਿਜਾਇਆ ਗਿਆ। ਜਦੋਂ ਉਸ ਬੱਚੇ ਨੇ ਨੀਂਦ 'ਚੋਂ ਉੱਠ ਕੇ ਰੋਣਾ ਸ਼ੁਰੂ ਕੀਤਾ ਤਾਂ ਇਨ੍ਹਾਂ ਸਾਰਿਆਂ ਨੇ ਗਲਾ ਘੁੱਟ ਕੇ ਬੜੀ ਬੇਰਹਿਮੀ ਨਾਲ ਉਸਦੀ ਹੱਤਿਆ ਕਰ ਦਿੱਤੀ ਅਤੇ ਬੱਚੇ ਦੇ ਮਾਪਿਆਂ ਨੂੰ ਉਸਦੇ ਗੰਭੀਰ ਬਿਮਾਰ ਹੋਣ ਦਾ ਝੂਠ ਬੋਲ ਕੇ ਕਈ ਘੰਟੇ ਗੁੰਮਰਾਹ ਕਰਦੇ ਰਹੇ

ਇਨ੍ਹਾਂ ਮੁਲਜ਼ਮਾਂ ਨੇ ਇਸ ਤੋਂ ਪਹਿਲਾਂ 6 ਸਤੰਬਰ ਨੂੰ ਵੀ ਇਕ ਹੋਰ ਬੱਚੇ ਦੀ ਬਲੀ ਦੇਣ ਦੀ ਕੋਸ਼ਿਸ਼ ਕੀਤੀ ਸੀ ਪਰ ਸਫ਼ਲ ਨਹੀਂ ਹੋਏ ਸਨ। ਇਨ੍ਹਾਂ ਸਾਰੇ ਮੁਲਜ਼ਮਾਂ ਨੂੰ ਬੇਸ਼ੱਕ ਬੀ.ਐਨ.ਐਸ. ਦੀ ਧਾਰਾ 103 (A) ਤਹਿਤ ਇਸ ਘਿਨਾਉਣੇ ਕਤਲ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ ਹੈ, ਪਰ ਇਨ੍ਹਾਂ ਪੜ੍ਹੇ ਲਿਖੇ ਅਨਪੜ੍ਹਾਂ ਜ਼ਾਲਮਾਂ ਦੀ ਅੰਧ ਵਿਸ਼ਵਾਸੀ ਮਾਨਸਿਕਤਾ ਨੇ ਇੱਕ ਘਰ ਦਾ ਚਿਰਾਗ ਬੁਝਾ ਦਿੱਤਾ ਹੈ ਅਤੇ ਬਾਕੀ ਪੜ੍ਹਦੇ ਬੱਚਿਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਮਨਾਂ ਵਿੱਚ ਵੀ ਦਹਿਸ਼ਤ ਪੈਦਾ ਕਰ ਦਿੱਤੀ ਹੈ। ਕੀ ਇਨ੍ਹਾਂ ਵਹਿਸ਼ੀ ਦਰਿੰਦਿਆਂ ਨੂੰ ਆਪਣੇ ਸਵਾਰਥ ਲਈ ਇੱਕ ਮਾਸੂਮ ਬਾਲਕ ਨੂੰ ਬੇਰਹਿਮੀ ਨਾਲ ਕਤਲ ਕਰਨ ਲੱਗਿਆਂ ਜ਼ਰਾ ਜਿੰਨਾਂ ਵੀ ਤਰਸ ਨਹੀਂ ਆਇਆ?

ਇਸ ਦਿਲ ਕੰਬਾਊ ਹੱਤਿਆ ਕਾਂਡ ਨੇ ਸਾਡੇ ਸਾਹਮਣੇ ਇਕ ਬੇਹੱਦ ਚਿੰਤਾਜਨਕ ਸਵਾਲ ਖੜ੍ਹਾ ਕਰ ਦਿੱਤਾ ਹੈ ਕਿ ਵਿਦਿਆਰਥੀਆਂ ਵਿੱਚ ਨੈਤਿਕ ਕਦਰਾਂ ਕੀਮਤਾਂ ਅਤੇ ਵਿਗਿਆਨਕ ਚੇਤਨਾ ਜਗਾਉਣ ਲਈ ਜ਼ਿੰਮੇਵਾਰ ਸਕੂਲ ਦੇ ਪ੍ਰਬੰਧਕ, ਪ੍ਰਿੰਸੀਪਲ ਅਤੇ ਅਧਿਆਪਕ ਹੀ ਜੇਕਰ ਘੋਰ ਅੰਧ ਵਿਸ਼ਵਾਸੀ, ਭ੍ਰਿਸ਼ਟ ਅਤੇ ਅਪਰਾਧੀ ਬਣ ਕੇ ਮਾਸੂਮ ਵਿਦਿਆਰਥੀਆਂ ਦੇ ਕਾਤਲ ਜਾਂ ਬਲਾਤਕਾਰੀ ਬਣ ਜਾਣਗੇ ਤਾਂ ਫਿਰ ਭਾਰੀਆਂ ਫੀਸਾਂ ਭਰਨ ਵਾਲੇ ਮਾਪੇ, ਅਜਿਹੇ ਸਕੂਲ ਪ੍ਰਬੰਧਕਾਂ ਅਤੇ ਅਧਿਆਪਕਾਂ ਉੱਤੇ ਆਪਣੇ ਬੱਚਿਆਂ ਦੀ ਸੁਰੱਖਿਆ ਕਰਨ ਦਾ ਭਰੋਸਾ ਕਿਵੇਂ ਕਰ ਸਕਦੇ ਹਨ? ਜਿਹੜੀ ਯੋਗੀ ਸਰਕਾਰ ਇਸੇ ਜੁਲਾਈ ਮਹੀਨੇ ਵਾਪਰੀ ਹਾਥਰਸ ਭਗਦੜ ਘਟਨਾ, ਜਿਸ ਵਿੱਚ 121 ਭੋਲੇ ਭਾਲੇ ਸ਼ਰਧਾਲੂ ਮਾਰੇ ਗਏ, ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਡੇਰਾ ਮੁਖੀ ਸੂਰਜਪਾਲ ਦਾ ਸਿਆਸੀ ਸਰਪ੍ਰਸਤੀ ਕਰਕੇ ਨਾਂ ਐੱਫ.ਆਈ.ਆਰ. 'ਚੋਂ ਬਾਹਰ ਕਢਵਾ ਸਕਦੀ ਹੈ ਤਾਂ ਉਸ ਤੋਂ ਇਹ ਆਸ ਕਦਾਚਿਤ ਨਹੀਂ ਕੀਤੀ ਜਾ ਸਕਦੀ ਕਿ ਉਹ ਇਨ੍ਹਾਂ ਪੰਜ ਹਤਿਆਰਿਆਂ ਨੂੰ ਫਾਸਟ ਟਰੈਕ ਅਦਾਲਤ ਵਿੱਚ ਸਖ਼ਤ ਸਜ਼ਾਵਾਂ ਦਿਵਾਉਣ

ਦੀ ਕੋਈ ਠੋਸ ਕਾਨੂੰਨੀ ਪੈਰਵਾਈ ਕਰੇਗੀ। ਹੋ ਸਕਦਾ ਹੈ ਕਿ ਇਹ ਪੰਜੇ ਮੁਲਜ਼ਮ ਬਿਲਕੀਸ ਬਾਨੋ ਦੇ ਬਲਾਤਕਾਰੀ ਕਾਤਲਾਂ ਵਾਂਗ ਕਿਰਦਾਰ ਪੱਖੋਂ ਅਖੌਤੀ 'ਸੰਸਕਾਰੀ' ਕਹਿ ਕੇ ਬੇਇਜ਼ੱਤ ਬਰੀ ਕਰ ਦਿੱਤੇ ਜਾਣ

ਇਸੇ ਤਰ੍ਹਾਂ ਛੱਤੀਸਗੜ੍ਹ, ਝਾਰਖੰਡ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਅਤੇ ਬਿਹਾਰ ਆਦਿ ਸੂਬਿਆਂ ਦੇ ਕਈ ਪਿਛੜੇ ਇਲਾਕਿਆਂ ਵਿੱਚ ਮੰਦ ਬੁੱਧੀ ਔਰਤਾਂ ਨੂੰ ਚੁੜੇਲ ਜਾਂ ਬੁਰੀ ਆਤਮਾ ਸਮਝ ਕੇ ਕੁੱਟ-ਕੁੱਟ ਕੇ ਜਾਨੋਂ ਮਾਰਨ ਦੀਆਂ ਘਟਨਾਵਾਂ ਵੀ ਅਕਸਰ ਵਾਪਰਦੀਆਂ ਹਨ ਪਰ ਕੇਂਦਰੀ ਹਕੂਮਤ ਅਤੇ ਰਾਜ ਸਰਕਾਰਾਂ ਆਪਣੀ ਫ਼ਿਰਕੂ ਸਿਆਸਤ ਕਾਰਨ ਇਨ੍ਹਾਂ ਉੱਤੇ ਸਖ਼ਤ ਰੋਕ ਲਾਉਣ ਵਿੱਚ ਨਾਕਾਮ ਸਾਬਤ ਹੋਈਆਂ ਹਨ। ਪਿਛਲੇ ਕੁੱਝ ਸਾਲਾਂ ਵਿੱਚ ਪੰਜਾਬ ਵਿੱਚ ਵੀ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਸਿਆਣਿਆਂ, ਜੋਤਸ਼ੀਆਂ ਵੱਲੋਂ ਕਿਸੇ ਮਾਨਸਿਕ ਰੋਗ ਨਾਲ ਪੀੜਤ ਵਿਅਕਤੀ 'ਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਬਲਾਤਕਾਰ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ। ਬੀਤੇ ਅਗਸਤ ਮਹੀਨੇ ਗੁਰਦਾਸਪੁਰ ਅਧੀਨ ਥਾਣਾ ਧਾਰੀਵਾਲ ਦੇ ਪਿੰਡ ਸਿੰਘਪੁਰਾ ਦੇ ਨੌਜਵਾਨ ਸੈਮੂਅਲ ਮਸੀਹ ਨੂੰ ਇਕ ਪਾਦਰੀ ਅਤੇ ਉਸਦੇ ਸਾਥੀਆਂ ਵੱਲੋਂ ਅਖੌਤੀ ਭੂਤ, ਪ੍ਰੇਤ, ਬੁਰੀ ਆਤਮਾ ਕੱਢਣ ਦੇ ਬਹਾਨੇ ਹੇਠ ਉਸਦੇ ਪਰਿਵਾਰਿਕ ਮੈਂਬਰਾਂ ਦੇ ਸਾਹਮਣੇ ਕੁੱਟ ਕੁੱਟ ਕੇ ਜਾਨੋਂ ਮਾਰ ਦਿੱਤਾ ਗਿਆ। ਦੋ ਸਾਲ ਪਹਿਲਾਂ ਅਕਤੂਬਰ 2022 ਵਿੱਚ ਖੰਨਾ (ਲੁਧਿਆਣਾ) ਨੇੜਲੇ ਪਿੰਡ ਅਲੌੜ ਵਿਖੇ ਇੱਕ ਵਿਅਕਤੀ ਵੱਲੋਂ ਕਿਸੇ ਦੇਵੀ ਦੇਵਤੇ ਦੀ ਪੂਜਾ ਦੇ ਨਾਮ ਹੇਠ ਇੱਕ ਤਾਂਤਰਿਕ ਦੇ ਕਹਿਣ 'ਤੇ ਚਾਰ ਸਾਲਾਂ ਮਾਸੂਮ ਲੜਕੇ ਰਵੀ ਰਾਜ ਦੀ ਬਹੁਤ ਬੇਰਹਿਮੀ ਨਾਲ ਹੱਤਿਆ ਕਰਕੇ ਬਲੀ ਦੇ ਦਿੱਤੀ ਗਈ। ਬੇਸ਼ੱਕ ਖੰਨਾ ਪੁਲਿਸ ਵੱਲੋਂ ਮੁਲਜ਼ਮ ਨੂੰ ਕੁੱਝ ਘੰਟਿਆਂ ਵਿੱਚ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਹੱਤਿਆ ਲਈ ਉਕਸਾਉਣ ਵਾਲੇ ਤਾਂਤਰਿਕ ਨੂੰ ਹਾਲੇ ਤੱਕ ਪੁਲੀਸ ਗ੍ਰਿਫ਼ਤਾਰ ਨਹੀਂ ਕਰ ਸਕੀ।

ਇਸੇ ਤਰ੍ਹਾਂ ਦੀ ਦਿਲ ਕੰਬਾਊ ਘਟਨਾ ਵਿੱਚ ਪਿਛਲੇ ਸਾਲ 11 ਜੁਲਾਈ ਨੂੰ ਅੰਮ੍ਰਿਤਸਰ ਜ਼ਿਲੇ ਦੇ ਪਿੰਡ ਮੂਧਲ (ਅੰਮ੍ਰਿਤਸਰ) ਵਿਖੇ ਸਕੇ ਰਿਸ਼ਤੇਦਾਰਾਂ ਵੱਲੋਂ ਆਪਣਾ ਕਾਰੋਬਾਰ ਵਧਾਉਣ ਲਈ ਕਿਸੇ ਤਾਂਤਰਿਕ ਦੇ ਕਹਿਣ 'ਤੇ 9 ਸਾਲਾਂ ਮਾਸੂਮ ਲੜਕੀ ਸੁਖਮਨਦੀਪ ਕੌਰ ਦੀ ਬਹੁਤ ਬੇਰਹਿਮੀ ਨਾਲ ਬਲੀ ਦੇ ਨਾਂ ਹੇਠ ਹੱਤਿਆ ਕਰ ਦਿੱਤੀ ਗਈ। ਇਸ ਤਾਂਤਰਿਕ ਨੇ ਉਨ੍ਹਾਂ ਨੂੰ ਕਿਹਾ ਸੀ ਕਿ ਤੁਹਾਡੇ ਵਪਾਰ ਉੱਤੇ ਕਿਸੇ ਸ਼ੈਤਾਨ ਦਾ ਸਾਇਆ ਹੈ ਅਤੇ ਕਿਸੇ ਮਾਸੂਮ ਬੱਚੀ ਦੀ ਬਲੀ ਦੇਣ ਤੋਂ ਬਾਅਦ ਤੁਹਾਡੇ ਕਾਰੋਬਾਰ ਵਿਚ ਲਹਿਰਾਂ ਬਹਿਰਾਂ ਹੋ ਜਾਣਗੀਆਂ। ਬੇਸ਼ੱਕ ਚਾਰੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਪਰ ਮੁੱਖ ਮੁਲਜ਼ਮ ਅਜੇ ਵੀ ਕਾਨੂੰਨੀ ਗ੍ਰਿਫ਼ਤ 'ਚੋਂ ਬਾਹਰ ਹੈ

ਇਸੇ ਤਰ੍ਹਾਂ ਸੰਨ 2017 ਵਿੱਚ ਬਠਿੰਡਾ ਜ਼ਿਲ੍ਹੇ ਦੇ ਪਿੰਡ ਕੋਟ ਫ਼ੱਤਾ ਵਿਖੇ ਕਿਸੇ ਪਾਖੰਡੀ ਤਾਂਤਰਿਕ ਦੇ ਪਿੱਛਲੱਗੂ ਬਣ ਕੇ ਪਰਿਵਾਰ ਦੇ ਛੇ ਜੀਆਂ ਵੱਲੋਂ ਆਪਣੇ ਹੀ ਸਕੇ ਤਿੰਨ ਅਤੇ ਪੰਜ ਸਾਲਾਂ ਦੇ ਦੋ ਮਾਸੂਮ ਬੱਚਿਆਂ ਦੀ ਬਲੀ ਦਿੱਤੀ ਗਈ ਸੀ ਅਤੇ ਇਸ ਅਤਿ ਘਿਨਾਉਣੇ ਅਪਰਾਧ ਕਾਰਣ ਪਿਛਲੇ 23 ਮਾਰਚ 2024 ਨੂੰ ਮਾਨਯੋਗ ਅਦਾਲਤ ਵੱਲੋਂ ਤਾਂਤਰਿਕ ਸਮੇਤ ਇਨ੍ਹਾਂ ਸੱਤੇ ਦੋਸ਼ੀਆਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹ। ਕੁੱਝ ਸਾਲ ਪਹਿਲਾਂ ਪਿੰਡ ਭਿੰਡਰ ਕਲਾਂ (ਮੋਗਾ) ਦੀ ਸਰਪੰਚ, ਜੋ ਕਿ ਕਿਸੇ ਵਿਸ਼ੇਸ ਦਿਨ ਤੇ ਚੌਕੀ ਲਗਾ ਕੇ ਪੁੱਛਾਂ ਦੇਣ ਦਾ ਗ਼ੈਰ ਕਾਨੂੰਨੀ ਧੰਦਾ ਵੀ ਕਰਦੀ ਸੀ, ਵੱਲੋਂ ਆਪਣੀ ਹੀ ਇਕ ਰਿਸ਼ਤੇਦਾਰ ਮਾਸੂਮ ਲੜਕੀ ਵਿੱਚੋਂ ਅਖੌਤੀ ਭੂਤ ਪ੍ਰੇਤ ਕੱਢਣ ਦੇ ਬਹਾਨੇ ਚਿਮਟਿਆਂ ਨਾਲ ਕੁੱਟ ਕੁੱਟ ਕੇ ਉਸਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਮਹਿਜ ਕੋਈ ਸਾਧਾਰਨ ਕਤਲ ਨਹੀਂ ਹਨ ਬਲਕਿ ਇੱਕ ਖ਼ਤਰਨਾਕ ਅੰਧ ਵਿਸ਼ਵਾਸੀ ਮਾਨਸਿਕਤਾ ਤਹਿਤ ਮਾਸੂਮ ਬੱਚਿਆਂ ਨੂੰ ਫੁਸਲਾ ਕੇ ਇਕ ਯੋਜਨਾਬੱਧ ਸਾਜ਼ਿਸ਼ ਹੇਠ ਬੇਰਹਿਮੀ ਨਾਲ ਕੀਤੀਆਂ ਗਈਆਂ ਹੱਤਿਆਵਾਂ ਹਨ। ਬੇਹੱਦ ਅਫ਼ਸੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਜਾਂ ਉਸਦੀ ਸਰਕਾਰ ਨੇ ਅਜਿਹੀਆਂ ਵਹਿਸ਼ੀ ਹੱਤਿਆਵਾਂ ਨੂੰ ਬੰਦ ਕਰਵਾਉਣ ਲਈ ਸੰਵਿਧਾਨ ਦੀ ਧਾਰਾ 51ਏ (ਐੱਚ) ਅਨੁਸਾਰ ਆਮ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਨੂੰ ਸਿੱਖਿਅਤ ਕਰਨ ਲਈ ਕੋਈ ਵਿਗਿਆਨਕ ਚੇਤਨਾ ਪ੍ਰੋਗਰਾਮ ਅਮਲ ਵਿੱਚ ਲਿਆਉਣ ਅਤੇ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕਰਨ ਦੀ ਅੱਜ ਤੱਕ ਸੰਵਿਧਾਨਕ ਜ਼ਿੰਮੇਵਾਰੀ ਨਹੀਂ ਨਿਭਾਈ।

ਇਹ ਬੇਹੱਦ ਚਿੰਤਾ ਦਾ ਵਿਸ਼ਾ ਹੈ ਕਿ ਸਮਾਜ ਵਿੱਚ ਧਾਰਮਿਕ ਆਸਥਾ ਦੇ ਅੰਧ ਵਿਸ਼ਵਾਸ ਹੇਠ ਮਾਸੂਮ ਬੱਚਿਆਂ ਦੀ ਬਲੀ ਦੇਣ ਦੀਆਂ ਅਣਮਨੁੱਖੀ ਘਟਨਾਵਾਂ ਦਿਨੋਂ ਦਿਨ ਵਧਦੀਆਂ ਜਾ ਰਹੀਆਂ ਹਨ। ਭੋਲੇ ਭਾਲੇ ਲਾਈਲੱਗ ਲੋਕਾਂ ਨੂੰ ਅੰਧ ਵਿਸ਼ਵਾਸਾਂ ਰਾਹੀਂ ਗੁੰਮਰਾਹ ਕਰਕੇ ਲੁੱਟਣ, ਔਰਤਾਂ ਦੀ ਬੇਪਤੀ ਕਰਨ ਅਤੇ ਮਾਸੂਮ ਬੱਚਿਆਂ ਦੀ ਬਲੀ ਦੇਣ ਲਈ ਉਕਸਾਉਣ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਪੁੱਛਾ

ਦੇਣ ਵਾਲਿਆਂ ਦੀਆਂ ਗੈਰ ਕਾਨੂੰਨੀ ਦੁਕਾਨਾਂ ਅਤੇ ਡੇਰੇ ਸ਼ਰੇਆਮ ਖੁੱਲ੍ਹੇ ਹਨ ਪਰ ਸਿਆਸੀ ਪਾਰਟੀਆਂ ਸਮੇਤ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਇਸਦੀ ਕੋਈ ਪਰਵਾਹ ਨਹੀਂ ਹੈ। ਜ਼ਾਹਿਰ ਹੈ ਕਿ ਕਰੋੜਾਂ ਰੁਪਏ ਦੇ ਇਸ ਗੋਰਖ ਧੰਦੇ ਦੇ ਵਧਣ ਫੁੱਲਣ ਪਿੱਛੇ ਸਰਕਾਰੀ ਤੰਤਰ, ਉੱਚ ਪੁਲੀਸ ਅਧਿਕਾਰੀਆਂ ਅਤੇ ਭ੍ਰਿਸ਼ਟ ਸਿਆਸਤਦਾਨਾਂ ਦੀ ਮਿਲੀਭੁਗਤ ਸ਼ਾਮਿਲ ਹੈ।

ਦਰਅਸਲ ਲੋਕਾਂ ਵਿਚ ਅੰਧਵਿਸ਼ਵਾਸ, ਵਹਿਮ ਭਰਮ ਫੈਲਣ, ਆਪਣੀਆਂ ਸਮੱਸਿਆਵਾਂ, ਬਿਮਾਰੀਆਂ ਦੇ ਖਾਤਮੇ ਲਈ ਕਿਸੇ ਅਖੌਤੀ ਦੈਵੀ ਸ਼ਕਤੀ, ਚਮਤਕਾਰ ਤੇ ਪਾਠ-ਪੂਜਾ ਉੱਤੇ ਟੇਕ ਰੱਖਣ ਅਤੇ ਉਨ੍ਹਾਂ ਦੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਜੋਤਸ਼ੀਆ ਅਤੇ ਡੇਰਿਆਂ ਦੇ ਝਾਸੇ ਵਿਚ ਫਸਣ ਪਿੱਛੇ ਕਈ ਤਰ੍ਹਾਂ ਦੇ ਆਰਥਿਕ, ਸਮਾਜਿਕ ਅਤੇ ਮਨੋਵਿਗਿਆਨਕ ਕਾਰਨ ਜ਼ਿੰਮੇਵਾਰ ਹਨ ਪਰ ਹਕੂਮਤਾਂ ਦੀਆਂ ਕਾਰਪੋਰਟ ਪੱਖੀ ਨੀਤੀਆਂ, ਮਿਆਰੀ ਸਿੱਖਿਆ ਤੇ ਸਿਹਤ ਸਹੂਲਤਾਂ ਦੀ ਅਣਹੋਂਦ, ਸਿੱਖਿਆ ਦਾ ਭਗਵਾਂਕਰਨ, ਗੈਰ ਵਿਗਿਆਨਕ, ਭ੍ਰਿਸ਼ਟ ਅਤੇ ਲੋਕ ਵਿਰੋਧੀ ਸਿਆਸੀ ਰਾਜ ਪ੍ਰਬੰਧ ਉਸ ਤੋਂ ਵੀ ਵੱਧ ਜ਼ਿੰਮੇਵਾਰ ਹੈ ਜੋ ਅਜਿਹੇ ਡੇਰਿਆਂ, ਪਾਖੰਡੀਆਂ ਅਤੇ ਫਿਰਕੂ ਸੰਗਠਨਾਂ ਵੱਲੋਂ ਕੀਤੇ ਜਾਂਦੇ ਘਿਨਾਉਣੇ ਅਪਰਾਧਾਂ, ਅੰਧ ਵਿਸ਼ਵਾਸਾਂ ਅਤੇ ਨੰਗੀ ਚਿੱਟੀ ਲੁੱਟ ਦੀ ਸਰਪ੍ਰਸਤੀ ਕਰਦਾ ਹੈ।

ਕਈ ਧਰਮਾਂ ਦੇ ਧਾਰਮਿਕ ਸੰਗਠਨ ਅਤੇ ਪ੍ਰਚਾਰਕ ਵੀ ਭੋਲੇ ਭਾਲੇ ਲੋਕਾਂ ਵਿੱਚ ਕਿਸੇ ਜੀਵਨ ਦੀ ਬਲੀ ਦੇਣ ਉੱਤੇ ਹਰ ਮੰਨਤ ਖਾਹਿਸ਼ ਪੂਰੀ ਹੋਣ ਦੀਆਂ ਮਿਥਿਹਾਸਕ ਕਥਾ ਕਹਾਣੀਆਂ ਦਾ ਝੂਠਾ ਪ੍ਰਚਾਰ ਕਰਕੇ ਅਜਿਹੀਆਂ ਅਣਮਨੁੱਖੀ ਹੱਤਿਆਵਾਂ ਕਰਵਾਉਣ ਲਈ ਉਕਸਾਉਂਦੇ ਹਨ। ਸਾਡੇ ਦੇਸ਼ ਦਾ ਵਿੱਦਿਅਕ ਢਾਂਚਾ ਵੀ ਲੋਕਾਂ ਵਿੱਚ ਵਿਗਿਆਨ ਚੇਤਨਾ, ਸਵੈ ਵਿਸ਼ਵਾਸ ਅਤੇ ਸੰਘਰਸ਼ ਦੀ ਭਾਵਨਾ ਪੈਦਾ ਕਰਨ ਦੀ ਥਾਂ ਉਲਟਾ ਉਨ੍ਹਾਂ ਨੂੰ ਅੰਧਵਿਸ਼ਵਾਸੀ, ਅਧਿਆਤਮਵਾਦੀ, ਰੂੜੀਵਾਦੀ ਅਤੇ ਕਿਸਮਤਵਾਦੀ ਬਨਾਉਣ ਲਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਸਾਨੂੰ ਸਾਮਰਾਜੀ ਹਕੂਮਤਾਂ ਅਤੇ ਲੋਕ ਵਿਰੋਧੀ ਸਿਆਸੀ ਪਾਰਟੀਆਂ ਦੀ ਅਜਿਹੀ ਸਾਜਿਸ਼ ਨੂੰ ਸਮਝਣ ਅਤੇ ਜਮਾਤੀ ਪੱਧਰ 'ਤੇ ਆਮ ਲੋਕਾਂ ਨੂੰ ਸਮਝਾਉਣ ਦੀ ਲੋੜ ਹੈ।

ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਧਾਰਮਿਕ ਆਸਥਾ ਹੇਠ ਮਨੁੱਖੀ ਬਲੀ ਦੇਣ ਦੀਆਂ ਅਜਿਹੀਆਂ ਵਹਿਸ਼ੀ ਹੱਤਿਆਵਾਂ ਜਿੱਥੇ ਆਪਣੇ ਆਪ ਨੂੰ ਸੱਭਿਅਕ ਕਹਾਉਂਦੇ ਭਾਰਤੀ ਸਮਾਜ ਅਤੇ ਮਨੁੱਖਤਾ ਦੇ ਮੱਥੇ 'ਤੇ ਕਲੰਕ ਹਨ, ਉੱਥੇ ਹੀ ਕੇਂਦਰ ਤੇ ਪੰਜਾਬ ਸਰਕਾਰ ਅਤੇ ਪੁਲੀਸ ਪ੍ਰਸ਼ਾਸਨ ਦੀ ਘੋਰ ਨਲਾਇਕੀ, ਪਾਖੰਡੀ ਬਾਬਿਆਂ, ਤਾਂਤਰਿਕਾਂ ਦੀ ਸਿਆਸੀ ਸਰਪ੍ਰਸਤੀ ਅਤੇ ਲੋਕ ਵਿਰੋਧੀ ਤੇ ਸਾਮਰਾਜ ਪੱਖੀ ਆਰਥਿਕ ਅਤੇ ਸਮਾਜਿਕ ਨੀਤੀਆਂ ਦਾ ਨਤੀਜਾ ਵੀ ਹੈ।

ਆਮ ਲੋਕਾਂ ਨੂੰ ਖਾਸ ਕਰਕੇ ਇਹ ਵਿਗਿਆਨਕ ਤੱਥ ਸਮਝਣ ਦੀ ਲੋੜ ਹੈ ਕਿ ਮੈਡੀਕਲ ਰਜਿਸਟ੍ਰੇਸ਼ਨ ਐਕਟ ਤਹਿਤ ਕਿਸੇ ਵੀ ਵਿਅਕਤੀ ਵੱਲੋਂ ਡਾਕਟਰੀ ਦੀ ਮਾਨਤਾ ਪ੍ਰਾਪਤ ਡਿਗਰੀ ਤੋਂ ਬਗੈਰ ਧਾਰਮਿਕ ਆਸਥਾ ਹੇਠ ਕਿਸੇ ਕਥਿਤ ਦੈਵੀ ਸ਼ਕਤੀ ਜਾਂ ਪਾਠ ਪੂਜਾ ਨਾਲ ਕਿਸੇ ਦੀ ਸਰੀਰਕ ਜਾਂ ਮਾਨਸਿਕ ਬਿਮਾਰੀ ਦਾ ਇਲਾਜ ਕਰਨਾ ਸਰਾਸਰ ਗ਼ੈਰ ਕਾਨੂੰਨੀ ਅਤੇ ਸਜ਼ਾਯੋਗ ਅਪਰਾਧ ਹੈ। ਪਾਠ ਪੂਜਾ ਅਤੇ ਪ੍ਰਾਰਥਨਾ ਨਾਲ ਕਿਸੇ ਗੰਭੀਰ ਬਿਮਾਰੀ ਦੇ ਮਰੀਜ਼ ਨੂੰ ਸਿਹਤਯਾਬ ਨਹੀਂ ਕੀਤਾ ਜਾ ਸਕਦਾ ਅਤੇ ਨਾ ਹੀ ਕਿਸੇ ਦੀ ਖਾਹਿਸ਼ ਦੀ ਪੂਰਤੀ ਜਾਂ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ।

ਪੰਜਾਬ ਸਰਕਾਰ ਅਤੇ ਪੁਲੀਸ ਨੂੰ ਇਹ ਤੱਥ ਭਲੀ ਭਾਂਤ ਪਤਾ ਹੈ ਕਿ ਅਜਿਹੇ ਪਾਖੰਡੀ ਬਾਬਿਆਂ, ਤਾਂਤਰਿਕਾਂ, ਡੇਰਿਆਂ ਦੀਆਂ ਅਪਰਾਧਿਕ ਗਤੀਵਿਧੀਆਂ ਅਤੇ ਝੂਠੀ ਗੈਰ ਕਾਨੂੰਨੀ ਇਸ਼ਤਿਹਾਰਬਾਜ਼ੀ ਡਰਗੱਜ਼ ਤੇ ਮੈਜ਼ਿਕ ਰੈਮਡੀਜ਼ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਐਕਟ 1954, ਕੇਬਲ ਟੈਲੀਵਿਜ਼ਨ ਰੈਗੂਲੇਸ਼ਨ ਐਕਟ 1994 ਅਤੇ ਖਾਸ ਕਰਕੇ ਮੈਡੀਕਲ ਰਜਿਸਟ੍ਰੇਸ਼ਨ ਐਕਟ ਦੀ ਸਖਤ ਉਲੰਘਣਾ ਹੈ ਪਰ ਇਸਦੇ ਬਾਵਜੂਦ ਇਨ੍ਹਾਂ ਪਾਖੰਡੀਆਂ ਅਤੇ ਸੰਬੰਧਿਤ ਮੀਡੀਏ ਦੇ ਵਿਰੁੱਧ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾ ਰਹੀ।

ਇਥੇ ਸਭ ਤੋਂ ਵੱਧ ਚਿੰਤਾਜਨਕ ਸਵਾਲ ਇਹ ਹੈ ਕਿ ਮੌਜੂਦਾ ਭ੍ਰਿਸ਼ਟ ਢਾਂਚੇ ਹੇਠ ਕਈ ਸਾਲਾਂ ਦੀ ਨੁਕਸਦਾਰ ਅਤੇ ਮਹਿੰਗੀ ਨਿਆਂਇਕ ਪ੍ਰਕਿਰਿਆ ਤੋਂ ਬਾਅਦ ਜੇਕਰ ਅਜਿਹੀਆਂ ਬੇਰਹਿਮ ਹੱਤਿਆਵਾਂ ਦੇ ਮੁਲਜ਼ਮਾਂ ਨੂੰ ਕੋਈ ਸਜ਼ਾ ਮਿਲ ਵੀ ਗਈ ਤਾਂ ਕੀ ਮਾਪਿਆਂ ਨੂੰ ਉਨ੍ਹਾਂ ਦੇ ਮਾਸੂਮ ਬੱਚੇ ਜਿੰਦਾ ਵਾਪਸ ਦਿਲਾਏ ਜਾ ਸਕਦੇ ਹਨ? ਇਸ ਲਈ ਮੌਜੂਦਾ ਹੁਕਮਰਾਨਾਂ ਅਤੇ ਉੱਚ ਪੁਲੀਸ ਤੇ ਸਿਵਲ ਅਧਿਕਾਰੀਆਂ ਨੂੰ ਮਨੁੱਖੀ ਬਲੀ ਦੀਆਂ ਅਣਮਨੁੱਖੀ ਘਟਨਾਵਾਂ ਵਾਪਰਨ ਦੇ ਕਾਰਨਾਂ ਦੀ ਡੂੰਘਾਈ ਨਾਲ ਜਾਂਚ ਪੜਤਾਲ ਕਰਕੇ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾਉਣ ਅਤੇ ਸਖਤੀ ਨਾਲ ਲਾਗੂ ਕਰਨ ਦੀ ਨੇਕ ਨੀਅਤ ਵਿਖਾਉਣੀ ਚਾਹੀਦੀ ਹੈ ਤਾਂ ਕਿ ਅਜਿਹੇ ਅਣਮਨੁੱਖੀ ਅਪਰਾਧਾਂ ਦੇ ਦੋਸ਼ੀਆਂ ਵਿਰੁੱਧ ਫਾਸਟ ਟਰੈਕ ਅਦਾਲਤਾਂ ਵਿੱਚ ਕੇਸ ਚਲਾ ਕੇ ਸਖ਼ਤ ਸਜ਼ਾ ਦਿਵਾਈ ਜਾ ਸਕੇ ਅਤੇ ਭਵਿੱਖ ਵਿੱਚ ਇਨ੍ਹਾਂ ਘਟਨਾਵਾਂ ਦੇ ਵਾਪਰਨ ਉੱਤੇ ਸਦੀਵੀ ਰੋਕ ਲਗਾਈ ਜਾ ਸਕੇ

ਇਹ ਆਮ ਲੋਕਾਂ ਵਿਚ ਵਿਗਿਆਨਕ ਚੇਤਨਾ ਦੀ ਘਾਟ ਦਾ ਹੀ ਨਤੀਜਾ ਹੈ ਕਿ ਰਵਾਇਤੀ ਮਾਨਸਿਕਤਾ ਦੇ ਧਾਰਨੀ ਲੋਕ ਧਾਰਮਿਕ ਬੇਅਦਬੀ ਦੇ ਮੁੱਦਿਆਂ ਉੱਤੇ ਤਾਂ ਕੋਈ ਕਾਨੂੰਨੀ ਪ੍ਰਕਿਰਿਆ ਅਪਣਾਏ ਬਿਨ੍ਹਾਂ ਜਾਨੋਂ ਮਾਰਨ 'ਤੇ ਉਤਾਰੂ ਹੋ ਜਾਂਦੇ ਹਨ (ਜੋ ਕਿ ਸਰਾਸਰ ਗੈਰ ਕਾਨੂੰਨੀ ਅਤੇ ਅਣਮਨੁੱਖੀ ਹੈ ਅਤੇ ਅਜਿਹਾ ਬਿਲਕੁਲ ਨਹੀਂ ਹੋਣਾ ਚਾਹੀਦਾ), ਪਰ ਜਦੋਂ ਸਮਾਜ ਵਿੱਚ ਧਾਰਮਿਕ ਅੰਧ ਵਿਸ਼ਵਾਸਾਂ ਹੇਠ ਕਿਸੇ ਮਾਸੂਮ ਦੀ ਬਲੀ ਦੇਣ ਜਾਂ ਸਮੂਹਿਕ ਬਲਾਤਕਾਰ ਦੀ ਵਹਿਸ਼ੀ ਘਟਨਾ ਵਾਪਰਦੀ ਹੈ ਤਾਂ ਉਸ ਵਕਤ ਅਜਿਹੇ ਲੋਕਾਂ ਦੀਆ ਵਹਿਸ਼ੀ ਦਰਿੰਦਿਆਂ, ਪਾਖੰਡੀ ਤਾਂਤਰਿਕਾਂ, ਅਤੇ ਭ੍ਰਿਸ਼ਟ ਰਾਜ ਪ੍ਰਬੰਧ ਦੇ ਖਿਲਾਫ਼ ਭਾਵਨਾਵਾਂ ਕਿਉਂ ਨਹੀਂ ਭੜਕਦੀਆਂ ? ਉਹ ਅਜਿਹੇ ਵਹਿਸ਼ੀ ਅਪਰਾਧਾਂ ਦੇ ਖਿਲਾਫ ਸੜਕਾਂ ਉੱਤੇ ਨਿਕਲ ਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਫੈਸਲਾਕੁੰਨ ਸੰਘਰਸ਼ ਕਿਉਂ ਨਹੀਂ ਕਰਦੇ ? ਅਜਿਹੀਆਂ ਦਿਲ ਕੰਬਾਊ ਘਟਨਾਵਾਂ ਸਮੇਂ ਉਨ੍ਹਾਂ ਦਾ ਚੁੱਪ ਰਹਿਣਾ ਜਾਂ ਇਨ੍ਹਾਂ ਦਾ ਕਿਸੇ ਅਖੌਤੀ ਪਰਮਾਤਮਾ ਦਾ ਭਾਣਾ ਮੰਨ ਕੇ ਬੈਠ ਜਾਣਾ ਦਰਅਸਲ ਦੋਸ਼ੀਆਂ, ਭ੍ਰਿਸ਼ਟ ਹਕੂਮਤਾਂ ਤੇ ਫ਼ਿਰਕੂ ਸਿਆਸਤਦਾਨਾਂ ਦੇ ਪੱਖ ਵਿੱਚ ਹੋ ਨਿਬੜਦਾ ਹੈ। ਮੁਰਦਾ ਸ਼ਾਂਤੀ ਨਾਲ ਭਰੀ ਅਜਿਹੀ 'ਚੁੱਪ', ਸਮਾਜਿਕ ਨਿਆਂ ਦੇ ਸੰਕਲਪ ਅਤੇ ਸਮੁੱਚੇ ਸਮਾਜ ਲਈ ਬੇਹੱਦ ਖ਼ਤਰਨਾਕ ਹੈ ਜਿਸਨੂੰ ਵਿਗਿਆਨਕ ਸੋਚ, ਜੱਥੇਬੰਦਕ ਏਕਤਾ ਅਤੇ ਸੰਘਰਸ਼ ਕਰਨ ਦੇ ਜਜ਼ਬੇ ਨਾਲ ਤੋੜਨ ਲਈ ਠੋਸ ਅਮਲੀ ਪਹਿਲਕਦਮੀਆਂ ਕਰਨ ਦੀ ਲੋੜ ਹੈ।

ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਪਹਿਲੀਆਂ ਅਕਾਲੀ-ਭਾਜਪਾ ਅਤੇ ਕਾਂਗਰਸੀ ਸਰਕਾਰਾਂ ਨੂੰ ਦਿੱਤੇ ਮੰਗ ਪੱਤਰਾਂ ਤੋਂ ਇਲਾਵਾ ਪਿਛਲੇ ਸਾਲ ਅਤੇ ਇਸ ਫ਼ਰਵਰੀ ਦੇ ਮਹੀਨੇ ਪੰਜਾਬ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਸਮੇਤ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਵਿਧਾਇਕਾਂ ਨੂੰ ਪੰਜਾਬ ਕਾਲਾ ਜਾਦੂ ਮੰਤਰ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨੀ ਦੇ ਖਰੜੇ ਸਮੇਤ ਮੰਗ ਪੱਤਰ ਦਿੱਤੇ ਗਏ ਸਨ ਪਰ ਮੌਜੂਦਾ ਪੰਜਾਬ ਸਰਕਾਰ ਵੱਲੋਂ ਵੀ ਪਹਿਲੀਆਂ ਸਰਕਾਰਾਂ ਵਾਂਗ ਹੀ ਇਹ ਲੋਕ ਪੱਖੀ ਕਾਨੂੰਨ ਬਣਾਉਣ ਤੋਂ ਜਾਣ ਬੁੱਝ ਕੇ ਟਾਲਾ ਵੱਟਿਆ ਜਾ ਰਿਹਾ ਹੈ।

ਭੋਲੇ ਭਾਲੇ ਲੋਕਾਂ ਨੂੰ ਅੰਧ ਵਿਸ਼ਵਾਸ, ਵਹਿਮਾਂ ਭਰਮਾਂ ਵਿੱਚ ਫਸਾ ਕੇ ਉਨ੍ਹਾਂ ਦਾ ਆਰਥਿਕ, ਮਾਨਸਿਕ ਅਤੇ ਸਰੀਰਕ ਸ਼ੋਸ਼ਣ ਕਰਨ, ਬਲਾਤਕਾਰ, ਕਤਲ ਅਤੇ ਮਨੁੱਖੀ ਬਲੀ ਦੇਣ ਵਰਗੇ ਵਹਿਸ਼ੀ ਅਪਰਾਧ ਕਰਨ ਵਾਲੇ ਪਾਖੰਡੀ ਬਾਬਿਆਂ, ਤਾਂਤਰਿਕਾਂ ਅਤੇ ਉਨ੍ਹਾਂ ਦੇ ਸਿਆਸੀ ਸਰਪ੍ਰਸਤਾਂ ਦੀਆਂ ਗੈਰ ਕਾਨੂੰਨੀ ਗਤੀਵਿਧੀਆਂ ਉੱਤੇ ਪਾਬੰਦੀ ਲਾਉਣ ਲਈ ਬਿਨ੍ਹਾਂ ਕਿਸੇ ਦੇਰੀ ਦੇ ਪੰਜਾਬ ਵਿੱਚ ਠੋਸ ਅੰਧ ਵਿਸ਼ਵਾਸ ਰੋਕੂ ਕਾਨੂੰਨ ਬਣਾ ਕੇ ਲਾਗੂ ਕਰਨਾ ਚਾਹੀਦਾ ਹੈ। ਮੁੱਖ ਤੌਰ 'ਤੇ ਸਿੱਖਿਆ ਦਾ ਭਗਵਾਂਕਰਨ, ਨਿੱਜੀਕਰਨ ਅਤੇ ਵਪਾਰੀਕਰਨ ਖ਼ਤਮ ਕਰਕੇ ਅਧਿਆਪਕਾਂ, ਵਿਦਿਆਰਥੀਆਂ ਅਤੇ ਪਿਛੜੇ ਇਲਾਕਿਆਂ ਦੇ ਲੋਕਾਂ ਵਿੱਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਲੋੜ ਹੈ। ਇਸ ਦੇ ਇਲਾਵਾ ਲੋਕ ਪੱਖੀ ਤੇ ਅਗਾਂਹਵਧੂ ਜਮਹੂਰੀ ਅਤੇ ਤਰਕਸ਼ੀਲ ਸੰਸਥਾਵਾਂ ਨੂੰ ਪੰਜਾਬ ਦੇ ਹਰ ਵਰਗ ਦੇ ਲੋਕਾਂ ਨੂੰ ਅਜਿਹੇ ਅਣਮਨੁੱਖੀ ਅਤੇ ਗ਼ੈਰ ਵਿਗਿਆਨਕ ਵਰਤਾਰਿਆਂ ਦੇ ਵਿਰੁੱਧ ਚੇਤਨ ਕਰਕੇ ਇੱਕ ਸਥਾਈ ਵਿਸ਼ਾਲ ਲੋਕ ਲਹਿਰ ਖੜ੍ਹੀ ਕਰਨ ਦੀ ਜ਼ਿੰਮੇਵਾਰੀ ਵੀ ਨਿਭਾਉਣੀ ਚਾਹੀਦੀ ਹੈ। **76960 30173**

---

**... ਪੰਨਾ 12 ਦਾ ਬਾਕੀ** ਇੱਕ ਵਾਰ ਫਿਰ ਸਿੱਧ ਕੀਤਾ ਕਿ ਸੰਘਰਸ਼ ਦੇ ਹਿੰਸਕ ਅਤੇ ਅਹਿੰਸਕ ਰੂਪ ਹਾਲਤਾਂ ਵਿਚੋਂ ਨਿਕਲਦੇ ਹਨ ਅਤੇ ਇੱਕ ਦੂਜੇ ਦੇ ਪੂਰਕ ਹੁੰਦੇ ਹਨ।

ਪੁਸਤਕ ਦੇ ਆਖਰੀ ਤਿੰਨ ਚੈਪਟਰ ਦੇਸ਼ ਅਤੇ ਲੋਕਾਂ ਲਈ ਜੂਝਣ ਵਾਲੀਆਂ ਤਿੰਨ ਮਹਾਨ ਸ਼ਖ਼ਸੀਅਤਾਂ ਕਰਤਾਰ ਸਿੰਘ ਸਰਾਭਾ, ਭਗਤ ਸਿੰਘ ਅਤੇ ਬਾਬਾ ਭਗਤ ਸਿੰਘ ਬਿਲਗਾ ਬਾਰੇ ਹਨ। ਕਰਤਾਰ ਸਿੰਘ ਸਰਾਭਾ ਬਾਰੇ ਆਰਟੀਕਲ ਉਨ੍ਹਾਂ ਦੇ ਜੀਵਨ ਅਤੇ ਸ਼ਖ਼ਸੀਅਤ ਬਾਰੇ ਭਰਪੂਰ ਜਾਣਕਾਰੀ ਦਿੰਦਾ ਹੈ। 'ਭਗਤ ਸਿੰਘ ਦੀ ਪਛਾਣ' ਚੈਪਟਰ ਸ਼ਹੀਦ ਏ ਆਜਮ ਦੇ ਵਿਚਾਰਾਂ ਅਤੇ ਵਿਚਾਰਾਂ ਦੇ ਮਹੱਤਵ ਨੂੰ ਗੁੰਦਵੇਂ ਰੂਪ ਵਿੱਚ ਪੇਸ਼ ਕਰਦਾ ਹੈ। ਆਖਰੀ ਚੈਪਟਰ ਬਾਬਾ ਭਗਤ ਸਿੰਘ ਬਿਲਗਾ ਬਾਰੇ ਬਹੁਤ ਖ਼ੂਬਸੂਰਤ ਢੰਗ ਨਾਲ ਜਾਣਕਾਰੀ ਦਿੰਦਾ ਹੈ। ਇਸ ਚੈਪਟਰ ਵਿਚੋਂ ਇੱਕ ਸਤਰ ਹੀ ਉਨ੍ਹਾਂ ਬਾਰੇ ਬਹੁਤ ਕੁਝ ਕਹਿ ਜਾਂਦੀ ਹੈ; ਵਰਿਆਮ ਸੰਧੂ ਲਿਖਦੇ ਹਨ 'ਪਹਿਲੇ ਭਗਤ ਸਿੰਘ ਨੇ ਸ਼ਹੀਦ ਹੋ ਕੇ ਇਹ ਦੱਸਿਆ ਕਿ ਮਰਿਆ ਕਿਵੇਂ ਜਾ ਸਕਦਾ ਹੈ ਤਾਂ ਦੂਜੇ ਭਗਤ ਸਿੰਘ (ਬਿਲਗਾ) ਨੇ 102 ਸਾਲ ਦਾ ਸੰਘਰਸ਼ ਭਰਿਆ ਜੀਵਨ ਜਿਉਂ ਕੇ ਇਹ ਸਾਬਤ ਕੀਤਾ ਕਿ ਇੱਕ ਇਨਕਲਾਬੀ ਨੂੰ ਜਿਉਣਾ ਕਿਵੇਂ ਚਾਹੀਦਾ ਹੈ। ਇੱਕ ਨੇ ਸਾਨੂੰ ਮਰਨ ਦੀ ਜਾਚ ਦੱਸੀ ਤਾਂ ਦੂਜੇ ਨੇ ਜਿਉਣ ਦੀ।'

ਇਸ ਤਰ੍ਹਾਂ ਇਹ ਪੁਸਤਕ ਗ਼ਦਰ ਲਹਿਰ ਬਾਰੇ ਵੱਡਮੁੱਲੀ ਜਾਣਕਾਰੀ ਦਿੰਦੀ ਹੋਈ ਬਹੁਤ ਸਾਰੇ ਮਹੱਤਵਪੂਰਨ ਸਵਾਲਾਂ ਨੂੰ ਸੰਬੋਧਿਤ ਹੁੰਦੀ ਹੈ।

---

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ**

# ਔਤ ਨਾਲ ਆਢਾ

ਗੁਰਪ੍ਰੀਤ ਸ਼ਹਿਣਾ



ਸਕੂਲ ਵਿੱਚ ਨਲਕੇ ਤੋਂ ਪਾਣੀ ਪੀਣ ਗਿਆ ਨੌਂਵੀਂ ਜਮਾਤ ਵਿੱਚ ਪੜ੍ਹਦਾ ਅਮਨ ਅਚਾਨਕ ਡਿੱਗ ਕੇ ਬੇਹੋਸ਼ ਹੋ ਗਿਆ। ਹੋਸ਼ ਵਿੱਚ ਆਇਆ ਤਾਂ ਚੀਕਾਂ ਮਾਰਨ ਲੱਗ ਪਿਆ। ਸਕੂਲ ਵਿੱਚ ਰੌਲਾ ਪੈ ਗਿਆ। ਵਿਦਿਆਰਥੀ ਕਲਾਸਾਂ ਵਿੱਚੋਂ ਬਾਹਰ ਨਿਕਲ ਆਏ। ਅਧਿਆਪਕਾਂ ਨੇ ਅਮਨ ਨੂੰ ਚੁੱਕਿਆ ਤੇ ਤੁਰੰਤ ਡਾਕਟਰੀ ਸਹਾਇਤਾ ਦਿਵਾ ਕੇ ਘਰ ਭੇਜ ਦਿੱਤਾ। ਸ਼ਾਮ ਤੱਕ ਸਾਰੇ ਪਿੰਡ ਵਿੱਚ ਇਹ ਖ਼ਬਰ ਫੈਲ ਗਈ। ਢਾਣੀ ਵਾਲਿਆਂ ਦਾ ਇਕਲੌਤਾ ਮੁੰਡਾ ਔਤ ਦੀ ਕ੍ਰੋਪੀ ਦਾ ਸ਼ਿਕਾਰ ਹੋ ਗਿਆ ਹੈ। ਘਰ ਘਰ ਇਹ ਗੱਲ ਚੱਲੀ। ਸਕੂਲ ਪੜ੍ਹਨ ਵਾਲੇ ਬੱਚੇ ਸਹਿਮ ਗਏ। ਮਾਵਾਂ ਚਿੰਤਾ ਵਿੱਚ ਡੁੱਬੀਆਂ। ਇਹ ਔਤ ਪਿੰਡ ਦੇ ਬੱਚਿਆਂ ਤੋਂ ਕੀ ਭਾਲਦਾ ਹੈ?

ਅਗਲੇ ਦਿਨ ਪਿੰਡ ਵਿੱਚ ਚੱਲੀ ਚਰਚਾ ਅਧਿਆਪਕਾਂ ਕੋਲ ਵੀ ਪਹੁੰਚੀ। ਉਹ ਹੈਰਾਨ ਸਨ। ਅਚਾਨਕ ਬੇਹੋਸ਼ ਹੋ ਕੇ ਡਿੱਗੇ ਵਿਦਿਆਰਥੀ ਨੂੰ ਕ੍ਰੋਪੀ ਨਾਲ ਕਾਹਤੋਂ ਜੋੜਿਆ ਜਾ ਰਿਹਾ? ਸਕੂਲ ਦੇ ਚੌਕੀਦਾਰ ਨੇ ਪਿੰਡ ਦੀ ਚਰਚਾ ਦਾ ਸਾਰ ਸਮਝਾਇਆ। "ਸਾਅਬ ਜੀ, ਇਹ ਸਕੂਲ ਵਾਲੀ ਜਗ੍ਹਾ ਪਿੰਡ ਦੇ ਇੱਕ ਸਰਦੇ ਪੁੱਜਦੇ ਕਿਸਾਨ ਬੰਤ ਸਿੰਹੁ ਦੀ ਸੀ। ਉਸਦੇ ਕੋਈ ਔਲਾਦ ਨਹੀਂ ਸੀ। ਉਸਨੇ ਆਪਣੇ ਭਤੀਜੇ ਨੂੰ ਪੁੱਤ ਬਣਾ ਕੇ ਪਾਲਿਆ। ਉਹ ਜੁਆਨ ਜਹਾਨ ਪੁੱਤ ਹਾਦਸੇ ਦਾ ਸ਼ਿਕਾਰ ਹੋ ਗਿਆ। ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਪਿਆ। ਬੰਤ ਸਿੰਹੁ ਦੁੱਖ ਜਰਨ ਲਈ ਨਸ਼ੇ ਦਾ ਸਹਾਰਾ ਲੈਣ ਲੱਗਾ। ਹੌਲੀ ਹੌਲੀ ਨਸ਼ੇ ਦਾ ਆਦੀ ਹੋ ਗਿਆ। ਪਤੀ ਪਤਨੀ ਦੋਵਾਂ ਦੇ ਗੁਜ਼ਰ ਜਾਣ ਮਗਰੋਂ ਜ਼ਮੀਨ ਭੈਣ ਭਰਾਵਾਂ ਨੇ ਸਾਂਭ ਲਈ। ਇਹ ਨਿਆਈਂ ਵਾਲੀ ਜਗ੍ਹਾ ਸਕੂਲ ਨੂੰ ਮਿਲ ਗਈ। ਲੋਕਾਂ ਦਾ ਮੰਨਣਾ ਹੈ ਔਤ ਬੰਤ ਸਿੰਹੁ ਗਤੀ ਨਾ ਹੋਣ ਕਰਕੇ ਏਥੇ ਸਕੂਲ ਦੇ ਆਸ ਪਾਸ ਹੀ ਘੁੰਮਦਾ ਹੈ। ਸਕੂਲ ਵਿੱਚ ਕੋਈ ਵੀ ਘਟਨਾ ਵਾਪਰ ਜਾਣ 'ਤੇ ਉਹ ਇਸ ਨੂੰ ਔਤ ਦੀ ਕ੍ਰੋਪੀ ਆਖਣ ਲਗਦੇ ਹਨ।"

ਸਕੂਲ ਵਿੱਚ ਬੱਚਿਆਂ ਦੀ ਗਿਣਤੀ ਘਟਣ ਲੱਗੀ ਤਾਂ ਪ੍ਰਿੰਸੀਪਲ ਨੂੰ ਫ਼ਿਕਰ ਹੋਇਆ। ਉਸਨੇ ਅਧਿਆਪਕਾਂ ਨਾਲ ਰਾਇ ਮਸ਼ਵਰਾ ਕੀਤਾ। ਜ਼ਿਆਦਾਤਰ ਅਧਿਆਪਕ ਪਿੰਡ ਦੀ ਚਰਚਾ ਨਾਲ ਸਹਿਮਤ ਸਨ। ਸਕੂਲ ਵਿੱਚ ਨਵੇਂ ਆਏ ਇੱਕ ਅਧਿਆਪਕ ਨੇ ਪ੍ਰਿੰਸੀਪਲ ਕੋਲ ਆਪਣਾ ਮਤ ਰੱਖਿਆ। "ਆਪਾਂ ਨੂੰ ਆਪਣੇ ਤੌਰ 'ਤੇ ਪੜਤਾਲ ਕਰਨੀ ਚਾਹੀਦੀ ਹੈ ਸਰ। ਪਿੰਡ ਵਾਲੇ ਤਾਂ ਪ੍ਰਚਲਿਤ ਧਾਰਨਾ ਦੀ ਗੱਲ ਕਰਦੇ ਹਨ। ਪੜਤਾਲ ਕਰਕੇ ਹੀ ਸੱਚ ਸਾਹਮਣੇ ਆਵੇਗਾ। ਮੈਂ ਇਹ ਕੋਸ਼ਿਸ਼ ਅੱਜ ਤੋਂ ਹੀ ਸ਼ੁਰੂ ਕਰਦਾ ਹਾਂ।"

ਬੇਹੋਸ਼ ਹੋ ਕੇ ਡਿੱਗਣ ਵਾਲਾ ਵਿਦਿਆਰਥੀ ਅਮਨ ਸਕੂਲੋਂ ਗੈਰਹਾਜ਼ਰ ਰਹਿਣ ਲੱਗਾ। ਪਰਿਵਾਰ ਉਸ ਨੂੰ ਔਤ ਦੀ ਕ੍ਰੋਪੀ ਤੋਂ ਬਚਾਉਣ ਲਈ ਚੇਲਿਆਂ ਦੇ ਦਰਾਂ 'ਤੇ ਮੱਥੇ ਰਗੜਣ ਲੱਗਾ। ਡੇਰਿਆਂ ਵਿੱਚ ਭਟਕਣ ਲੱਗਾ।

ਸਕੂਲ ਦੇ ਅਧਿਆਪਕ ਨੇ ਅਮਨ ਦੇ ਵਰਤ ਵਿਹਾਰ ਬਾਰੇ ਉਸ ਦੀ ਕਲਾਸ ਦੇ ਵਿਦਿਆਰਥੀਆਂ ਤੋਂ ਪੁੱਛ ਪੜਤਾਲ ਆਰੰਭੀ। ਅਮਨ ਆਪਣੀ ਜਮਾਤ ਦਾ ਹੁਸ਼ਿਆਰ ਵਿਦਿਆਰਥੀ ਸੀ। ਸਕੂਲ ਵਿੱਚ ਬਹੁਤਾ ਬੋਲਦਾ ਚਲਦਾ ਨਹੀਂ ਸੀ। ਉਸ ਦਾ ਘਰ ਪਿੰਡੋਂ ਬਾਹਰਵਾਰ ਢਾਣੀ ਵਿੱਚ ਹੋਣ ਕਰਕੇ ਨਾਲ ਪੜ੍ਹਦੇ ਵਿਦਿਆਰਥੀਆਂ ਨੂੰ ਉਸ ਦੇ ਪਰਿਵਾਰਕ ਮਾਹੌਲ ਬਾਰੇ ਕੋਈ ਜਾਣਕਾਰੀ ਨਹੀ ਸੀ।

ਉਸ ਅਧਿਆਪਕ ਨੇ ਮਸਲੇ ਦੇ ਹੱਲ ਲਈ ਸੁਸਾਇਟੀ ਤੋਂ ਸਹਾਇਤਾ ਮੰਗੀ। ਸਾਡੇ ਕਹਿਣ 'ਤੇ ਉਸਨੇ ਅਮਨ ਦੇ ਮਾਂ ਬਾਪ ਨੂੰ ਪ੍ਰਿੰਸੀਪਲ ਦੇ ਦਫ਼ਤਰ ਬੁਲਾਇਆ। ਉਹ ਵੀ ਅਮਨ ਦੇ ਇਲਾਜ ਲਈ ਓਹੜ ਪੋਹੜ ਕਰਦਿਆਂ ਚੇਲਿਆਂ, ਤਾਂਤਰਿਕਾਂ ਤੋਂ ਅੱਕ ਚੁੱਕੇ ਸਨ। ਉਹ ਅਮਨ ਦੇ ਇਲਾਜ ਲਈ ਗੱਲਬਾਤ ਵਾਸਤੇ ਸਹਿਜੇ ਹੀ ਸਹਿਮਤ ਹੋ ਗਏ। ਮਿਥੇ ਦਿਨ 'ਤੇ ਅਸੀਂ ਉਨ੍ਹਾਂ ਦੇ ਘਰ ਗਏ। ਅਮਨ ਦੀ ਮਾਂ ਤੋਂ ਘਰ ਪਰਿਵਾਰ ਦੇ ਮਾਹੌਲ ਬਾਰੇ ਪੁੱਛਿਆ ਤਾਂ ਉਹ ਕਹਿਣ ਲੱਗੀ, "ਘਰ ਦਾ ਮਾਹੌਲ ਕੋਈ ਬਹੁਤਾ ਵਧੀਆ ਤਾਂ ਨਹੀਂ ਕਿਹਾ ਜਾ ਸਕਦਾ। ਠੀਕ ਠਾਕ ਹੀ ਹੈ। ਅਸੀਂ ਘਰ ਦੇ ਤਿੰਨ ਹੀ ਜੀਅ ਹਾਂ। ਵੱਡੀ ਬੇਟੀ ਵਿਆਹੀ ਵਰ੍ਹੀ ਹੈ ਤੇ ਆਪਣੇ ਘਰ ਸੁਖੀ ਵਸਦੀ ਹੈ। ਸਾਡੇ ਕੋਲ ਗੁਜ਼ਾਰੇ ਜੋਗੀ ਜ਼ਮੀਨ ਹੈ ਸਿਰ ਕੁੱਝ ਕਰਜ਼ਾ ਵੀ ਹੈ ਅਮਨ ਦਾ ਪਾਪਾ ਘੱਟ ਆਮਦਨ ਹੋਣ 'ਤੇ ਫ਼ਿਕਰਮੰਦ ਰਹਿੰਦਾ ਹੈ। ਅਮਨ ਨੂੰ ਸਕੂਲੋਂ ਹਟਾ ਕੇ ਖੇਤੀ ਦੇ ਕੰਮ ਵਿੱਚ ਲਾਉਣਾ ਚਾਹੁੰਦਾ ਹੈ ਤਾਂ ਜੋ ਜ਼ਮੀਨ ਵਿੱਚੋਂ ਚਾਰ ਪੈਸੇ ਬਚਣ 'ਤੇ ਕਰਜ਼ਾ ਲੱਥੇ। ਜਦ ਕਦ ਦਾਰੂ ਪਾਣੀ ਛਕਿਆ ਹੋਵੇ ਤਾਂ ਉੱਚੀ ਵੀ ਬੋਲਦਾ ਹੈ। ਕਈ ਵਾਰ ਸਾਨੂੰ ਗਾਲ੍ਹ ਮੰਦਾ ਵੀ ਸੁਣਨਾ ਪੈਂਦਾ ਹੈ। ਅਮਨ ਹੁਣ ਸੁੱਖ ਨਾਲ ਜੁਆਨ ਹੋਣ ਲੱਗਾ ਹੈ। ਉਹ ਆਪਣੇ ਪਾਪਾ ਮੂਹਰੇ ਤਾਂ ਨੀਂ ਬੋਲਦਾ ਪਰ ਮਹਿਸੂਸ ਬਹੁਤ ਕਰਦਾ ਹੈ।

ਅਸੀਂ ਘਰ ਦੀ ਗੱਲ ਬਾਹਰ ਕਿਸੇ ਨੂੰ ਦੱਸ ਨੀਂ ਸਕਦੇ। ਬੱਸ, ਵਕਤ ਲੰਘਾਈ ਜਾਂਦੇ ਹਾਂ।" ਇਹ ਦਸਦਿਆਂ ਉਸ ਦੇ ਚਿਹਰੇ ਤੋਂ ਨਿਰਾਸ਼ਾ ਤੇ ਬੇਵਸੀ ਦੀ ਝਲਕ ਸਾਫ਼ ਨਜ਼ਰ ਆ ਰਹੀ ਸੀ। ਕੁੱਝ ਪਲਾਂ ਬਾਅਦ ਫਿਰ ਬੋਲੀ, "ਵੀਰ ਜੀ, ਮੈਨੂੰ ਤਾਂ ਕੁੱਝ ਸਮਝ ਨੀਂ ਆਉਂਦਾ। ਪਿੰਡ ਵਾਲੇ ਕਹਿਣ ਨੂੰ ਤਾਂ ਅਮਨੇ 'ਤੇ ਔਤ ਦੀ ਕ੍ਰੋਪੀ ਦੱਸਦੇ ਆ। ਆਹੀ ਕੁਸ਼ ਚੇਲਿਆਂ ਬਾਬਿਆਂ ਨੇ ਦੱਸਿਆ। ਪਰ ਇਸ ਦਾ ਕੋਈ ਹੱਲ ਨੀਂ ਕੀਤਾ। ਸਾਡੇ ਤੋਂ ਮੋਟੀ ਦਾਨ ਦਕਸ਼ਣਾ ਲੈ ਕੇ ਆਂਹਦੇ, ਅਸੀਂ ਔਤ ਨਾਲ ਆਢਾ ਨੀਂ ਲੈ ਸਕਦੇ। ਸਾਡੇ ਵੱਸੋਂ ਬਾਹਰੀ ਗੱਲ ਐ। ਹੁਣ ਤੁਸੀਂ ਸਾਡੇ ਹਮਦਰਦ ਬਣ ਬਹੁੜੇ ਹੋ। ਸ਼ਾਇਦ ਤੁਹਾਡੇ ਹੱਥੋਂ ਸਾਡੇ ਘਰ ਦਾ ਭਲਾ ਹੋ ਜੇ। ਅਸੀਂ ਉਸਨੂੰ ਵਿਸ਼ਵਾਸ ਦਿਵਾਇਆ ਕਿ ਸਾਡਾ ਸਹਿਯੋਗ ਕਰਿਓ। ਔਤ ਨਾਲ ਆਢਾ ਅਸੀਂ ਲਾਵਾਂਗੇ ਤੇ ਮਸਲਾ ਵੀ ਹੱਲ ਕਰਾਂਗੇ।"

ਅਮਨ ਦੇ ਪਾਪਾ ਨਾਲ ਗੱਲਬਾਤ ਸ਼ੁਰੂ ਕੀਤੀ। ਗੱਲਾਂ ਗੱਲਾਂ ਵਿੱਚ ਉਸਨੇ ਅਮਨ ਨੂੰ ਸਕੂਲੋਂ ਹਟਾ ਕੇ ਆਪਣੇ ਨਾਲ ਖੇਤੀ ਦੇ ਕੰਮ ਵਿੱਚ ਲਾਉਣ ਦੀ ਇੱਛਾ ਜਤਾਈ। ਉਸਦਾ ਆਪਣਾ ਤਰਕ ਸੀ, "ਮੈਂ ਸੀਰੀ ਸਾਂਝੀ ਨੂੰ ਮਿਹਨਤ ਦਾ ਮੁੱਲ ਦੇਣ ਦੀ ਹਾਲਤ ਨਹੀਂ ਹਾਂ। ਮਸਾਂ ਆਈ ਚਲਾਈ ਚਲਦੀ ਹੈ। ਕੁੜੀ ਦੇ ਵਿਆਹ 'ਤੇ ਚੁੱਕਿਆ ਕਰਜ਼ਾ ਅਜੇ ਵੀ ਸਿਰ ਖੜ੍ਹਾ ਹੈ।

ਅਮਨ ਦੇ ਬੀਮਾਰ ਹੋਣ 'ਤੇ ਬਚਾ ਕੇ ਰੱਖੇ ਪੈਸੇ ਵੀ ਖਰਚ ਹੋ ਗਏ ਹਨ। ਕੋਈ ਫਾਇਦਾ ਵੀ ਨੀਂ ਹੋਇਆ! ਪਤਾ ਨੀਂ ਇਹ ਸਾੜਸਤੀ ਸਾਡੇ ਹੀ ਘਰ ਕਿਉਂ ਆਈ ਹੈ?"

ਅਮਨ ਨਾਲ ਪੁੱਛ ਪੜਤਾਲ ਨੇ ਮਸਲੇ ਦੇ ਹੱਲ ਵੱਲ ਤੋਰਿਆ। "ਸਰ ਜੀ, ਮੈਨੂੰ ਕਿਸੇ ਚੀਜ਼ ਤੋਂ ਡਰ ਨੀਂ ਲਗਦਾ। ਆਪਣੇ ਘਰ ਦੀ ਹਾਲਤ ਨੂੰ ਸੁਧਾਰਨ ਬਾਰੇ ਸੋਚਦਾ ਰਹਿਨਾ। ਮੈਂ ਪੜ੍ਹ ਲਿਖ ਕੇ ਕੁਸ਼ ਬਣਨਾ ਚਾਹੁਨਾ। ਪਾਪਾ ਮੇਰਾ ਰਾਹ ਰੋਕਦੇ ਹਨ। ਮੰਦਾ ਚੰਗਾ ਵੀ ਬੋਲਦੇ ਹਨ। ਉਹ ਤਾਂ ਨਸ਼ੇ ਦੀ ਲੋਰ ਵਿੱਚ ਬੋਲ ਕੇ ਸੌਂ ਜਾਂਦੇ ਹਨ, ਮੈਂ ਤੇ ਮੰਮੀ ਸਾਰੀ ਰਾਤ ਪਾਸੇ ਪਲਟਦੇ ਰਹਿੰਦੇ ਹਾਂ। ਸਵੇਰੇ ਸਕੂਲ ਜਾ ਕੇ ਪੜ੍ਹਾਈ ਵਿੱਚ ਮਨ ਨੀਂ ਲਗਦਾ। ਜੇਕਰ ਤੁਸੀਂ ਪਾਪਾ ਨੂੰ ਸਮਝਾ..." ਆਖਦਾ ਅਮਨ ਚੁੱਪ ਕਰ ਗਿਆ ਤੇ ਅੱਖਾਂ ਪੂੰਝਣ ਲੱਗਾ। ਅਸੀਂ ਉਸਨੂੰ ਹੌਂਸਲਾ ਦਿੱਤਾ ਤੇ ਨਾਲ ਹੀ ਸਭ ਠੀਕ ਹੋਣ ਦਾ ਵਿਸ਼ਵਾਸ ਵੀ ਦਿਵਾਇਆ।

ਗੱਲ ਸਾਫ਼ ਹੋ ਗਈ ਸੀ। ਅਮਨ ਦਾ ਬੇਹੋਸ਼ ਹੋ ਕੇ ਡਿੱਗਣਾ ਆਮ ਵਰਤਾਰਾ ਸੀ। ਜਿਸ ਪਿੱਛੇ ਉਸਦੇ ਮਨ 'ਤੇ ਚੜ੍ਹਿਆ ਬੋਝ ਸੀ। ਔਤ ਦੀ ਕ੍ਰੋਪੀ ਪਿੰਡ ਵਾਲਿਆਂ ਦੀ ਅੰਧਵਿਸ਼ਵਾਸੀ ਮਾਨਤਾ ਮਾਤਰ ਹੀ ਸੀ। ਜਿਸ ਦਾ ਸੱਚਾਈ ਨਾਲ ਕੋਈ ਵਾਹ ਵਾਸਤਾ ਨਹੀਂ ਸੀ।

ਮਸਲੇ ਦੇ ਹੱਲ ਲਈ ਅਮਨ ਦੇ ਪਾਪਾ ਨੇ ਸਹਿਯੋਗੀ ਰੁਖ ਅਪਣਾਇਆ। ਘਰ ਦੇ ਚੰਗੇ ਭਵਿੱਖ ਲਈ ਉਸਨੇ ਅਮਨ ਦੀ ਪੜ੍ਹਾਈ ਜਾਰੀ ਰੱਖਣ ਤੇ ਮਾਹੌਲ ਬਦਲਣ ਵਿੱਚ ਸਾਥ ਦੇਣ ਦਾ ਪੂਰਾ ਭਰੋਸਾ ਦਿੱਤਾ। ਕਈ ਘੰਟੇ ਪਰਿਵਾਰ ਨਾਲ ਹੋਈ ਚਰਚਾ ਨੇ ਮਸਲੇ ਦਾ ਹੱਲ ਤਲਾਸ਼ਿਆ। ਹਫ਼ਤੇ ਤੱਕ ਅਮਨ ਸਕੂਲ ਜਾਣ ਲੱਗ ਪਿਆ। ਸਾਰੇ ਪਰਿਵਾਰ ਦੇ ਸਹਿਯੋਗ ਦਾ ਅਸਰ ਇਹ ਹੋਇਆ ਕਿ ਔਤ ਨਾਲ ਆਢੇ ਵਿੱਚ ਤਰਕਸ਼ੀਲ ਚੇਤਨਾ ਨੂੰ ਸਫਲਤਾ ਹਾਸਲ ਹੋਈ। ਪਰਿਵਾਰ ਦਾ ਮਾਹੌਲ ਬਦਲ ਗਿਆ। ਇੱਕ ਅਧਿਆਪਕ ਤੇ ਪ੍ਰਿੰਸੀਪਲ ਦੇ ਉੱਦਮ ਨੇ ਸਕੂਲ ਵਿਚਲੇ ਡਰ ਦੇ ਮਾਹੌਲ ਨੂੰ ਸੁਖਾਵੇਂ ਰੁਖ ਬਦਲਣ ਵਿੱਚ ਚੰਗਾ ਰੋਲ ਨਿਭਾਇਆ। **98150 14532**

## ਗਰੀਬੀ



ਪ੍ਰੋ. ਜਸਵੰਤ ਸਿੰਘ

ਗਰੀਬੀ ਕਿਸਮਤ ਨਹੀਂ,
ਨਾ ਹੀ ਸਰਾਪ ਨਸੀਬਾਂ ਦਾ।
ਉੱਦਮ ਨਾਲ ਬਦਲ ਸਕਦਾ ਏ,
ਹਾਲ ਗਰੀਬਾਂ ਦਾ।
ਲੋਕਾਂ ਨੂੰ ਪਾਏ ਭੁਲੇਖੇ ਨੇ,
ਸਭ ਧਰਮ ਚੜ੍ਹਾਏ ਠੇਕੇ ਨੇ।
ਜਾਤਾਂ ਦੇ ਝਗੜੇ ਝੇੜੇ ਨੇ,
ਕਿਤੇ ਦੰਗਿਆਂ ਵਾਲੇ ਸੇਕੇ ਨੇ।
ਕੁਰਬਾਨੀ ਨਾਲ ਲਾਲ ਹੋਇਆ,
ਇੱਥੇ ਰੰਗ ਸਲੀਬਾਂ ਦਾ।
ਉੱਦਮ ਨਾਲ---
ਤਖਤਾਂ ਦੀ ਬੇਈਮਾਨੀ ਏ,
ਤਾਹੀਓਂ ਰੁਲਦੀ ਫਿਰੇ ਜਵਾਨੀ ਏ।
ਕੰਧਾਂ ਵੀ ਹੋਈਆਂ ਕਾਤਲ ਨੇ,
ਬੱਚਿਆਂ ਦੀ ਵੱਡੀ ਕੁਰਬਾਨੀ ਏ।
ਕੋਈ ਨਾ ਇੱਥੇ ਮਿੱਤਰ ਬਣਦਾ,
ਆ ਕੇ ਹਬੀਬਾਂ ਦਾ।
ਉੱਦਮ ਨਾਲ ---
ਦਿਨ ਵਾਰ ਸਾਰੇ ਚੰਗੇ ਨੇ, ਨਾ ਕੋਈ ਮਾੜਾ ਏ,
ਕੁਦਰਤ ਦਾ ਹੀ ਰੂਪ ਸੂਰਜ, ਚੰਨ, ਹਰ ਤਾਰਾ ਏ,
ਉੱਦਮ ਕਰੋ ਤਾਂ ਘਰ ਪਹੁੰਚੇ ਆਹਾਰ ਜੀਭਾਂ ਦਾ।
ਉੱਦਮ ਨਾਲ ਬਦਲ ਸਕਦਾ ਏ
ਹਾਲ ਗਰੀਬਾਂ ਦਾ **94634 31882**

# ਗ਼ਦਰ ਪਾਰਟੀ ਦੇ ਅਣਗੌਲੇ ਨਾਇਕ

ਰਾਕੇਸ਼ ਕੁਮਾਰ



ਗ਼ਦਰ ਪਾਰਟੀ ਦੇ ਸੱਦੇ 'ਤੇ ਹਜ਼ਾਰਾਂ ਹਿੰਦੋਸਤਾਨੀ ਦੁਨੀਆਂ ਭਰ ਤੋਂ ਗ਼ਦਰ ਕਰਨ ਲਈ ਹਿੰਦੋਸਤਾਨ ਪਹੁੰਚੇ। ਹਿੰਦੁਸਤਾਨ ਪਹੁੰਚ ਕੇ ਗ਼ਦਰੀਆਂ ਨੇ ਆਪਸ ਵਿੱਚ ਸੰਪਰਕ ਬਣਾਉਣ ਲਈ ਅੱਡੇ ਕਾਇਮ ਕੀਤੇ ਅਤੇ ਲੋਕਾਂ ਤੇ ਫੌਜ ਵਿੱਚ ਪ੍ਰਚਾਰ ਕਰਨ ਲਈ ਇਲਾਕੇ ਵੰਡ ਕੇ ਜਥੇਬੰਦੀ ਉਸਾਰਨ ਅਤੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਪ੍ਰਦੇਸ਼ਾਂ ਤੋਂ ਮੁੜ ਰਹੇ ਗ਼ਦਰੀ ਇਨਕਲਾਬੀਆਂ ਨੂੰ ਬਰਤਾਨਵੀ ਰਾਜ ਨੂੰ ਉਲਟਾਉਣ ਦਾ ਇੱਕੋ ਰਾਹ ਦਿਸਦਾ ਸੀ- ਹਿੰਦੋਸਤਾਨੀ ਫ਼ੌਜਾਂ ਵਿੱਚ ਬਗ਼ਾਵਤ। ਉਹ ਆਪ ਬਹੁਤੇ ਕਿਸਾਨ ਸਨ ਤੇ ਫੌਜ ਵਿੱਚ ਵੀ ਬਹੁਗਿਣਤੀ ਕਿਸਾਨਾਂ ਦੀ ਹੀ ਸੀ। ਹਿੰਦੋਸਤਾਨੀ ਫੌਜੀਆਂ ਨੂੰ ਉਨ੍ਹਾਂ ਦਿਨਾਂ ਵਿੱਚ ਯੂਰਪ ਤੇ ਏਸ਼ੀਆ ਦੇ ਲੜਾਈ ਦੇ ਮੈਦਾਨ ਵਿੱਚ ਭੇਜਿਆ ਜਾ ਰਿਹਾ ਸੀ। ਉਹ ਉਹਨਾਂ ਨਾਲ ਕੁੱਤਿਆਂ ਵਾਲਾ ਸਲੂਕ ਕਰਦੇ ਸਨ, ਸੋ ਜਦੋਂ ਗ਼ਦਰੀ ਇਨਕਲਾਬੀ ਉਨ੍ਹਾਂ ਨੂੰ ਮਿਲੇ ਉਹ ਜਲਦੀ ਹੀ ਬਗ਼ਾਵਤ ਵਿੱਚ ਸ਼ਾਮਿਲ ਹੋਣ ਲਈ ਰਜ਼ਾਮੰਦ ਹੋ ਗਏ।

'ਗ਼ਦਰ ਸੰਦੇਸ਼ਾ' ਤੇ 'ਐਲਾਨੇ ਜੰਗ' ਹਜ਼ਾਰਾਂ ਦੀ ਗਿਣਤੀ ਵਿੱਚ ਛਾਪ ਕੇ ਲੋਕਾਂ ਤੇ ਫੌਜ 'ਚ ਵੰਡੇ ਗਏ। ਫੌਜੀ ਛਾਉਣੀਆਂ ਵਿਚਲੇ ਭਾਰਤੀ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਆਪਣੇ ਨਾਲ ਜੋੜਿਆ। ਫੌਜ ਦੀਆਂ ਨੌਂ ਡਵੀਜ਼ਨਾਂ ਵਿੱਚੋਂ ਲਾਹੌਰ, ਰਾਵਲਪਿੰਡੀ, ਮੇਰਠ, ਲਖਨਊ, ਪਿਸ਼ਾਵਰ ਤੇ ਬਨੂੰ ਵਿਚਲੀਆਂ ਦੇਸ਼ੀ ਫੌਜਾਂ ਨਾਲ ਗ਼ਦਰੀਆਂ ਦਾ ਸੰਪਰਕ ਸੀ।

ਯੋਜਨਾ ਅਨੁਸਾਰ ਬਗ਼ਾਵਤ ਪਹਿਲਾਂ ਲਾਹੌਰ ਤੋਂ ਹੋਣੀ ਸੀ ਕਿਉਂਕਿ ਡਵੀਜਨ ਹੈੱਡਕੁਆਟਰ ਹੋਣ ਕਰਕੇ ਪੰਜਾਬ ਦੀਆਂ ਸਾਰੀਆਂ ਛਾਉਣੀਆਂ ਇਸਦੇ ਅਧੀਨ ਆਉਂਦੀਆਂ ਸਨ। ਇਸ 'ਤੇ ਕਬਜਾ ਕਰਕੇ ਸੂਬੇ ਦੀ ਸਰਕਾਰ ਉਲਟਾਈ ਜਾ ਸਕਦੀ ਸੀ।

ਗ਼ਦਰੀਆਂ ਵੱਲੋਂ 12 ਫਰਵਰੀ 1915 ਨੂੰ ਫੈਸਲਾ ਕੀਤਾ ਗਿਆ ਕਿ 21 ਫਰਵਰੀ ਨੂੰ ਗ਼ਦਰ ਮਚਾ ਦਿੱਤਾ ਜਾਵੇ। ਇਸ ਅਨੁਸਾਰ 21 ਦੀ ਰਾਤ ਨੂੰ ਲਾਹੌਰ ਦੀ ਫੌਜੀ ਛਾਉਣੀ ਮੀਆਂ ਮੀਰ ਉੱਤੇ ਕਬਜਾ ਕਰਨਾ ਅਤੇ ਕਰਤਾਰ ਸਿੰਘ ਸਰਾਭਾ ਦੀ ਅਗਵਾਈ ਵਾਲੀ ਟੀਮ ਨੇ ਫਿਰੋਜ਼ਪੁਰ ਫੌਜੀ ਛਾਉਣੀ 'ਤੇ ਕਬਜਾ ਕਰਨਾ ਸੀ। ਉਸੇ ਰਾਤ ਮੇਰਠ ਵਿੱਚ ਰੈਜਮੈਂਟ 'ਚ ਵਿਦਰੋਹ ਦੀ ਸਕੀਮ ਸੀ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੇ ਇੱਥੇ ਮੋਰਚਾ ਲਾਉਣਾ ਸੀ।

ਫਿਰੋਜ਼ਪੁਰ ਛਾਉਣੀ ਵਿਖੇ 26 ਨੰਬਰ ਪਲਟਨ ਸੀ। ਇੱਥੇ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਿਆ, ਛੁੰਮਣ ਸਿੰਘ, ਲਾਭ ਸਿੰਘ ਚੱਕ ਵਾਲੀਆ, ਖੁਸ਼ਹਾਲ ਸਿੰਘ, ਤੇਜਾ ਸਿੰਘ ਆਦਿ ਗ਼ਦਰ ਪਾਰਟੀ ਦੇ ਪ੍ਰਭਾਵ ਹੇਠ ਆ ਗਏ ਸੀ। ਜਦੋਂ ਇਹਨਾਂ ਦੀ ਪਲਟਨ ਹਾਂਗਕਾਂਗ ਵਿੱਚ ਸੀ, ਉੱਥੇ ਇਹਨਾਂ ਦਾ ਸੰਪਰਕ ਭਗਵਾਨ ਸਿੰਘ ਨਾਲ ਹੋਇਆ ਜਿਹੜੇ ਹਾਂਗਕਾਂਗ ਗੁਰਦੁਆਰੇ ਦੇ ਗ੍ਰੰਥੀ ਸਨ। ਉਹ ਇਨਕਲਾਬੀ ਲੈਕਚਰ ਦਿੰਦੇ ਸੀ। ਇਹ ਲੈਕਚਰ ਸੁਣਨ ਜਾਂਦੇ ਸਨ। ਜਦੋਂ "ਗ਼ਦਰ" ਅਖ਼ਬਾਰ ਸ਼ੁਰੂ ਹੋਇਆ ਤਾਂ ਇਹ ਵੀ ਇਹਨਾਂ ਕੋਲ ਪਹੁੰਚਣ ਲੱਗਿਆ। "ਗ਼ਦਰ" ਅਖ਼ਬਾਰ ਇਹ ਆਪ ਪੜ੍ਹਦੇ ਤੇ ਹੋਰਾਂ ਨੂੰ ਵੀ ਵੰਡਦੇ ਸਨ।

ਅੰਗਰੇਜ਼ ਸਰਕਾਰ ਨੂੰ ਪਤਾ ਲੱਗਣ 'ਤੇ ਕਿਰਪਾ ਸਿੰਘ, ਛੁੰਮਣ ਸਿੰਘ, ਹਰਨਾਮ ਸਿੰਘ, ਖੁਸ਼ਹਾਲ ਸਿੰਘ, ਈਸ਼ਰ ਸਿੰਘ, ਲਾਭ ਸਿੰਘ, ਮੱਘਰ ਸਿੰਘ ਤੇ ਤੇਜਾ ਸਿੰਘ ਨੂੰ ਵਿਦਰੋਹੀ ਸਰਗਰਮੀਆਂ ਕਰਕੇ ਕਰਾਚੀ ਡੀਪੂ ਭੇਜ ਦਿੱਤਾ। ਇਹਨਾਂ ਨੂੰ ਕਰਾਚੀ ਡਿਸਚਾਰਜ ਕਰਨ ਵਾਸਤੇ ਭੇਜਿਆ ਗਿਆ ਸੀ ਪਰ ਕਰਾਚੀ ਦੇ ਜਨਰਲ ਕਮਾਂਡਿਗ ਅਫਸਰ ਨੇ ਡਿਸਚਾਰਜ ਨਾ ਮਨਜੂਰ ਕਰ ਦਿੱਤਾ। ਬਾਅਦ ਵਿੱਚ ਇਹਨਾਂ ਨੂੰ ਫਿਰੋਜ਼ਪੁਰ ਛਾਉਣੀ ਭੇਜ ਦਿੱਤਾ।

ਇੱਥੇ 26 ਨੰਬਰ ਪਲਟਨ ਸੀ। ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ ਤੇ ਹੋਰ ਗ਼ਦਰੀ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਿਆ, ਛੁੰਮਣ ਸਿੰਘ, ਲਾਭ ਸਿੰਘ ਆਦਿ ਨੂੰ ਆ ਕੇ ਮਿਲਣ ਲੱਗੇ ਤੇ ਗ਼ਦਰੀ ਸੰਦੇਸ਼ਾ ਫੌਜ ਵਿੱਚ ਵੰਡਿਆਂ ਜਾਣ ਲੱਗਿਆ। ਕਈ ਦੇਸੀ ਫੌਜੀ ਪਲਟਨ ਵਿੱਚ ਗ਼ਦਰ ਕਰਨ ਲਈ ਤਿਆਰ ਹੋ ਗਏ।

15 ਫਰਵਰੀ 1915 ਨੂੰ ਕਰਤਾਰ ਸਿੰਘ ਨੇ ਸੱਜਣ ਸਿੰਘ, ਕਿਰਪਾ ਸਿੰਘ ਤੇ ਉਸਦੇ ਸਾਥੀਆਂ ਨੂੰ ਦੱਸਿਆ ਕਿ ਕਿਰਪਾਲ ਸਿੰਘ ਕਰਕੇ, ਜਿਸ ਨੇ ਅੰਗਰੇਜ਼ਾਂ ਨੂੰ ਗ਼ਦਰੀਆਂ ਦੀ ਗ਼ਦਰ ਕਰਨ ਦੀ ਤਾਰੀਖ 21 ਫਰਵਰੀ ਦੱਸ ਦਿੱਤੀ ਸੀ,

ਹੁਣ ਗ਼ਦਰ ਕਰਨ ਦੀ ਤਾਰੀਖ ਬਦਲ ਕੇ 19 ਫਰਵਰੀ ਕਰ ਦਿੱਤੀ ਗਈ ਹੈ।

ਕਰਤਾਰ ਸਿੰਘ ਸਰਾਭਾ ਦਾ ਅੰਦਾਜ਼ਾ ਸੀ ਕਿ ਫਿਰੋਜ਼ਪੁਰ ਦੀ ਸਾਰੀ ਪਲਟਨ ਉਨ੍ਹਾਂ ਨਾਲ ਰਲਣ ਨੂੰ ਤਿਆਰ ਸੀ। ਵਿਸ਼ਨੂੰ ਗਣੇਸ਼ ਪਿੰਗਲੇ, ਜੋ ਫਿਰੋਜ਼ਪੁਰ ਵਿੱਚ ਆਮ ਆਉਂਦੇ ਜਾਂਦੇ ਰਹਿੰਦੇ ਸਨ, ਅਨੁਸਾਰ ਵੀ ਫਿਰੋਜ਼ਪੁਰ ਵਿੱਚ 300 ਫੌਜੀ ਉਹਨਾਂ ਨਾਲ ਰਲਣ ਨੂੰ ਤਿਆਰ ਸਨ।

ਫਿਰੋਜ਼ਪੁਰ ਛਾਉਣੀ ਦੇ ਹਮਲੇ ਲਈ ਬਣਾਈ ਕਮੇਟੀ ਦੀ 19 ਨਵੰਬਰ ਨੂੰ ਲੋਹਟਵਾਲ ਵਿਖੇ ਮੀਟਿੰਗ ਕੀਤੀ ਗਈ। ਗਾਂਧਾ ਸਿੰਘ ਕੱਚਰਭੰਨ, ਉੱਤਮ ਸਿੰਘ ਹਾਂਸ, ਪ੍ਰੇਮ ਸਿੰਘ ਸੁਰ ਸਿੰਘ, ਬੰਤਾ ਸਿੰਘ ਸੰਘਵਾਲ ਫਿਰੋਜ਼ਪੁਰ ਤੇ ਲਾਹੌਰ ਛਾਉਣੀ 'ਤੇ ਹਮਲਾ ਕਰਨ ਲਈ ਬੰਦੇ ਲਿਆਉਣ ਤੇ ਲੋੜੀਂਦੇ ਹਥਿਆਰਾਂ ਦਾ ਬੰਦੋਬਸਤ ਕਰਨ ਵਾਸਤੇ ਪਿੰਡਾਂ 'ਚ ਦਿਨ ਰਾਤ ਘੁੰਮ ਰਹੇ ਸਨ।

19 ਫਰਵਰੀ 1915 ਨੂੰ ਗਾਂਧਾ ਸਿੰਘ ਕੱਚਰਭੰਨ, ਭਾਈ ਉੱਤਮ ਸਿੰਘ, ਅਰਜਨ ਖੁਖਰਾਣਾ ਆਦਿ ਗ਼ਦਰੀ ਲੀਡਰ ਅਤੇ ਭਾਈ ਰਣਧੀਰ ਸਿੰਘ ਦਾ 50 60 ਇਨਕਲਾਬੀਆਂ ਦਾ ਜਥਾ ਫਿਰੋਜ਼ਪੁਰ ਪਹੁੰਚਿਆ।

ਉੱਧਰ 19 ਫਰਵਰੀ ਦੀ ਤਾਰੀਖ ਦਾ ਵੀ ਅੰਗਰੇਜ਼ਾਂ ਨੂੰ ਪਤਾ ਲੱਗ ਗਿਆ। ਉਹਨਾਂ ਦੇਸੀ ਫੌਜੀਆਂ ਤੋਂ ਅਸਲੇਖਾਨੇ ਦੀਆਂ ਚਾਬੀਆਂ ਤੇ ਹਥਿਆਰ ਲੈ ਲਏ 26 ਨੰਬਰ ਪਲਟਨ ਦੇ ਚੱਪੇ-ਚੱਪੇ 'ਤੇ ਹਥਿਆਰਬੰਦ ਗੋਰੇ ਫੌਜੀਆਂ ਦਾ ਪਹਿਰਾ ਲਗਾ ਦਿੱਤਾ। 19 ਤਾਰੀਖ ਨੂੰ ਸਵੇਰੇ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਿਆ, ਡੁੰਮਣ ਸਿੰਘ, ਈਸ਼ਰ ਸਿੰਘ, ਲਾਭ ਸਿੰਘ ਲੀਲਾ ਚੱਕਵਾਲੀਆ, ਮੱਘਰ ਸਿੰਘ ਸਿਆਲਕੋਟੀਆ, ਲਾਭ ਸਿੰਘ ਸਿਆਲਕੋਟੀਆ ਤੇ ਖੁਸ਼ਹਾਲ ਸਿੰਘ ਨੂੰ ਬਰਖਾਸਤ ਕਰਕੇ ਜਬਰੀ ਪਿੰਡਾਂ ਲਈ ਗੱਡੀ ਚੜ੍ਹਾ ਦਿੱਤਾ।

ਕਿਰਪਾ ਸਿੰਘ ਅਗਲੇ ਸਟੇਸ਼ਨ ਤੋਂ ਉੱਤਰ ਕੇ ਵਾਪਸ ਫਿਰੋਜ਼ਪੁਰ ਛਾਉਣੀ ਆਇਆ ਤੇ ਕਰਤਾਰ ਸਿੰਘ ਸਰਾਭਾ ਨੂੰ ਮਿਲਿਆ। ਰਾਤ ਨੂੰ ਕਿਰਪਾ ਸਿੰਘ ਜਦੋਂ ਪਲਟਨ ਵਿੱਚ ਹਾਲਾਤ ਦੇਖਣ ਗਿਆ ਤਾਂ ਉਸ ਨੂੰ ਫੜ ਲਿਆ ਗਿਆ। ਬਾਅਦ ਵਿੱਚ ਕਰਤਾਰ ਸਿੰਘ ਸਰਾਭਾ ਜਦੋਂ ਪਲਟਨ ਵਿੱਚ ਹਥਿਆਰ ਤੇ ਗੋਲੀ ਸਿੱਕਾ ਲੈਣ ਗਿਆ, ਕਾਫੀ ਦੇਰ ਬਾਅਦ ਕਰਤਾਰ ਸਿੰਘ ਮੁੜ ਆਇਆ ਤੇ ਆ ਕੇ ਦੱਸਿਆ ਕਿ ਸਰਕਾਰ ਨੂੰ ਇਸ ਤਾਰੀਖ ਦਾ ਵੀ ਪਤਾ ਲੱਗ ਗਿਆ ਹੈ, ਤੇ ਉਸਨੇ ਸਾਡੇ ਹਮਦਰਦ ਤੇ ਗ਼ਦਰ ਲਈ ਹਥਿਆਰ ਦੇਣ ਵਾਲੇ ਸਭ ਵਰਕਰਾਂ ਨੂੰ ਫੌਜ 'ਚੋਂ ਕੱਢ ਕੇ ਘਰੋਂ ਘਰੀ ਭੇਜ ਦਿੱਤਾ ਹੈ। ਹੁਣ ਸਾਨੂੰ ਇੱਥੋਂ ਹਥਿਆਰ ਦੇਣ ਵਾਲਾ ਕੋਈ ਨਹੀਂ, ਇਸ ਲਈ ਹੁਣ ਛੇਤੀ ਹੀ ਜਿੱਧਰ ਕਿਸੇ ਨੂੰ ਰਾਹ ਲੱਭਦਾ ਹੈ ਏਥੋਂ ਨਿੱਕਲ ਜਾਓ ।

ਗ਼ਦਰੀਆਂ ਦੀ ਗ਼ਦਰ ਕਰਨ ਦੀ ਸਕੀਮ ਫੇਲ੍ਹ ਹੋ ਗਈ। ਫੌਜੀ ਛਾਉਣੀ 'ਤੇ ਹਮਲਾ ਕਰਕੇ ਹਥਿਆਰ ਸੁੱਟ ਕੇ ਗ਼ਦਰੀ ਆਪਣੇ-ਆਪਣੇ ਟਿਕਾਣਿਆਂ ਨੂੰ ਚਲੇ ਗਏ। ਬਾਅਦ 'ਚ ਕਰਤਾਰ ਸਿੰਘ ਸਰਾਭਾ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਫੜ੍ਹ ਕੇ ਫਾਂਸੀ ਦੀ ਸਜ਼ਾ ਦਿੱਤੀ ਗਈ। 26 ਨੰਬਰ ਪਲਟਨ ਦੇ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਿਆ, ਲਾਭ ਸਿੰਘ ਚੱਕਵਾਲੀਆ, ਡੁੰਮਣ ਸਿੰਘ ਨੂੰ ਪਹਿਲੇ ਲਾਹੌਰ ਸਪਲੀਮੈਂਟਰੀ ਕੇਸ਼ ਵਿੱਚ ਸ਼ਾਮਿਲ ਕਰਕੇ ਮੁਕੱਦਮਾ ਚਲਾਇਆ ਗਿਆ। ਡੁੰਮਣ ਸਿੰਘ ਨੂੰ ਸਬੂਤ ਦੀ ਘਾਟ ਕਰਕੇ ਛੱਡ ਦਿੱਤਾ ਗਿਆ ਤੇ ਬਾਕੀ ਤਿੰਨਾਂ ਨੂੰ ਉਮਰ ਕੈਦ ਤੇ ਜਾਇਦਾਦ ਜਬਤੀ ਦੀ ਸਜ਼ਾ ਦਿੱਤੀ ਗਈ।

**ਗ਼ਦਰ ਪਾਰਟੀ**



21 ਅਪ੍ਰੈਲ 1913 ਨੂੰ ਅਸਟੋਰੀਆ (ਅਮਰੀਕਾ) ਦੀ ਇੱਕ ਆਰਾ ਮਿੱਲ ਵਿੱਚ ਹਿੰਦੋਸਤਾਨੀਆਂ ਦਾ ਇੱਕ ਇੱਕਠ ਹੋਇਆ ਜਿਸ ਵਿੱਚ ਜਥੇਬੰਦੀ ਬਣਾਉਣ ਸੰਬੰਧੀ ਬੁਨਿਆਦੀ ਮਤਾ ਪਾਸ ਕੀਤਾ ਗਿਆ। ਇਸ ਜਥੇਬੰਦੀ ਨੇ ਆਪਣਾ 'ਗ਼ਦਰ' ਨਾਮ ਦਾ ਹਫਤਾਵਾਰੀ ਅਖ਼ਬਾਰ ਸ਼ੁਰੂ ਕੀਤਾ ਤੇ ਬਾਅਦ 'ਚ ਇਹ ਗ਼ਦਰ ਪਾਰਟੀ ਦੇ ਨਾਮ ਨਾਲ ਮਸ਼ਹੂਰ ਹੋ ਗਈ।

ਗ਼ਦਰ ਪਾਰਟੀ ਦਾ ਉਦੇਸ਼ ਸਭ ਦੇਸ਼ ਭਗਤ ਜਥੇਬੰਦੀਆਂ ਨੂੰ ਇੱਕਠਾ ਕਰਕੇ ਇੱਕ ਝੰਡੇ ਹੇਠ ਲਿਆਉਣਾ ਅਤੇ ਹਥਿਆਰਬੰਦ ਇਨਕਲਾਬ ਨਾਲ ਅੰਗਰੇਜ਼ੀ ਗੁਲਾਮੀ ਤੋਂ ਹਿੰਦੁਸਤਾਨ ਨੂੰ ਛਡਾਉਣਾ ਅਤੇ ਆਜ਼ਾਦੀ ਤੇ ਬਰਾਬਰੀ ਦੀਆਂ ਬੁਨਿਆਦਾਂ ਉੱਤੇ ਕੌਮੀ ਜਮੂਹਰੀਅਤ ਕਾਇਮ ਕਰਨਾ ਸੀ।

**ਗ਼ਦਰੀਆਂ ਨੂੰ ਫਿਰੋਜ਼ਪੁਰ ਛਾਉਣੀ 'ਤੇ ਹਮਲਾ ਕਰਨ ਦੀ ਸਾਜ਼ਿਸ਼ ਰਚਣ ਕਾਰਨ ਅੰਗਰੇਜ਼ ਸਰਕਾਰ ਨੇ ਪਹਿਲੇ ਲਾਹੌਰ ਸਪਲੀਮੈਂਟਰੀ ਸਾਜ਼ਿਸ ਕੇਸ ਵਿੱਚ ਸ਼ਾਮਿਲ ਕਰਕੇ ਸਜ਼ਾਵਾਂ**

ਦਿੱਤੀਆਂ:

1. ਅਤਰ ਸਿੰਘ ਪੁੱਤਰ ਹੀਰਾ ਨੰਦ, ਪਿੰਡ ਧੀਕਮਪੁਰ, ਜਿਲ੍ਹਾ ਜੇਹਲਮ, 10 ਸਾਲ ਕੈਦ।

2 ਦਲੀਪ ਸਿੰਘ ਪੁੱਤਰ ਹਮੀਰ ਸਿੰਘ, ਪਿੰਡ ਫੂਲੇਵਾਲ, ਜਿਲ੍ਹਾ ਲੁਧਿਆਣਾ, 3 ਸਾਲ ਸਖ਼ਤ ਕੈਦ।

3. ਇੰਦਰ ਸਿੰਘ ਪੁੱਤਰ ਫੁੰਮਣ ਸਿੰਘ, ਪਿੰਡ ਸ਼ੇਖ ਦੌਲਤ, ਜਿਲ੍ਹਾ ਲੁਧਿਆਣਾ, 7 ਸਾਲ ਕੈਦ।

4. ਜਗਤ ਸਿੰਘ ਪੁੱਤਰ ਦੇਵਾ ਸਿੰਘ, ਪਿੰਡ ਗੁਜਰਵਾਲ, ਜਿਲ੍ਹਾ ਲੁਧਿਆਣਾ, 2 ਸਾਲ ਸਖ਼ਤ ਸਜ਼ਾ।

5. ਕਰਮ ਸਿੰਘ ਪੁੱਤਰ ਸੁੰਦਰ ਸਿੰਘ, ਪਿੰਡ ਕੋਟਲਾ ਅਜਨੇਰ, ਜਿਲ੍ਹਾ ਲੁਧਿਆਣਾ, ਉਮਰ ਕੈਦ ਤੇ ਜਾਇਦਾਦ ਜ਼ਬਤੀ।

6. ਕਰਤਾਰ ਸਿੰਘ ਉਰਫ ਨਰਾਇਣ ਸਿੰਘ ਪੁੱਤਰ ਬਿਸ਼ਨ ਸਿੰਘ, ਪਟਿਆਲ਼ਾ, ਪਟਿਆਲਾ ਰਿਆਸਤ, ਉਮਰ ਕੈਦ।

7. ਲਾਲ ਸਿੰਘ ਪੁੱਤਰ ਊਧੋ ਸਿੰਘ, ਪਿੰਡ ਨਾਰੰਗਵਾਲ, ਜਿਲ੍ਹਾ ਲੁਧਿਆਣਾ, 10 ਸਾਲ ਕੈਦ।

8. ਮਹਿੰਦਰ ਸਿੰਘ ਪੁੱਤਰ ਨਰੈਣ ਸਿੰਘ, ਪਿੰਡ ਮਾਜਰੀ, ਜਿਲ੍ਹਾ ਲੁਧਿਆਣਾ, 5 ਸਾਲ ਸਖ਼ਤ ਕੈਦ।

9. ਮਸਤਾਨ ਸਿੰਘ ਪੁੱਤਰ ਮਹਿਤਾਬ ਸਿੰਘ, ਪਿੰਡ ਨਾਰੰਗਵਾਲ, ਜਿਲ੍ਹਾ ਲੁਧਿਆਣਾ, 14 ਸਾਲ ਕੈਦ।

10. ਨਾਹਰ ਸਿੰਘ ਪੁੱਤਰ ਠਾਕਰ ਸਿੰਘ, ਪਿੰਡ ਗੁਜਰਵਾਲ, ਜਿਲ੍ਹਾ ਲੁਧਿਆਣਾ, 5 ਸਾਲ ਸਖ਼ਤ ਕੈਦ ।

11. ਰਾਮ ਸਿੰਘ ਪੁੱਤਰ ਸਾਹਿਬ ਸਿੰਘ, ਪਿੰਡ ਪੱਖੋਵਾਲ, ਜਿਲ੍ਹਾ ਲੁਧਿਆਣਾ, 2 ਸਾਲ ਸਖ਼ਤ ਕੈਦ।

12. ਰਣਧੀਰ ਸਿੰਘ ਪੁੱਤਰ ਨੱਥਾ ਸਿੰਘ, ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ, ਉਮਰ ਕੈਦ ਤੇ ਜਾਇਦਾਦ ਜਬਤੀ।

13. ਸੰਤਾ ਸਿੰਘ ਪੁੱਤਰ ਚੂਹੜ ਸਿੰਘ, ਪਿੰਡ ਨੰਦਪੁਰ ਕਲੌੜ, ਪਟਿਆਲਾ ਰਿਆਸਤ, 5 ਸਾਲ ਸਖ਼ਤ ਕੈਦ ।

14. ਸੁਰਜਨ ਸਿੰਘ ਪੁੱਤਰ ਮਹਾਂ ਸਿੰਘ, ਪਿੰਡ ਗੁਜਰਵਾਲ, ਜਿਲ੍ਹਾ ਲੁਧਿਆਣਾ, 5 ਸਾਲ ਸਖ਼ਤ ਕੈਦ।

**26 ਵੀਂ ਪੰਜਾਬੀ ਪਲਟਨ ਦੇ ਜਿੰਨ੍ਹਾਂ ਸਿਪਾਹੀਆਂ ਨੂੰ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਿਲ ਕੀਤਾ ਗਿਆ:**

ਅੰਗਰੇਜ਼ ਸਰਕਾਰ ਨੇ ਕਿਰਪਾ ਸਿੰਘ, ਹਰਨਾਮ ਸਿੰਘ ਕਾਲਾ ਸੰਘਿਆ, ਲਾਭ ਸਿੰਘ ਤੇ ਫੁੰਮਣ ਸਿੰਘ ਅਜੀਤ ਨੂੰ ਬਗ਼ਾਵਤ ਦੀ ਸਾਜ਼ਿਸ਼ ਕਰਨ ਦੇ ਦੋਸ਼ ਵਿੱਚ ਪਹਿਲੇ ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਸ਼ਾਮਿਲ ਕੀਤਾ ।

**ਕਿਰਪਾ ਸਿੰਘ**



ਕਿਰਪਾ ਸਿੰਘ ਪੁੱਤਰ ਜਵਾਹਰ ਸਿੰਘ, ਵਾਸੀ ਲੰਗ ਮਜਾਰੀ, ਪੋਸਟ ਆਫਿਸ ਆਨੰਦਪੁਰ ਸਾਹਿਬ, ਜ਼ਿਲ੍ਹਾ ਹੁਸ਼ਿਆਰਪੁਰ 26 ਨੰਬਰ ਪਲਟਨ ਦਾ ਸਿਪਾਹੀ ਜਿਹੜਾ ਹਾਂਗਕਾਂਗ ਵਿੱਚ ਵਿਦਰੋਹੀ ਹੋ ਗਿਆ ਸੀ ਅਤੇ ਉਸ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਉਹ ਫਿਰੋਜ਼ਪੁਰ ਵਿੱਚ ਕਰਤਾਰ ਸਿੰਘ ਸਰਾਭੇ ਤੇ ਵਿਸ਼ਨੂੰ ਗਣੇਸ਼ ਪਿੰਗਲੇ ਨਾਲ ਮੌਜੂਦ ਸੀ। ਉਹ 19 ਫਰਵਰੀ ਦੇ ਗ਼ਦਰ ਵਿੱਚ ਹਿੱਸਾ ਲੈਣ ਲਈ ਫਿਰੋਜ਼ਪੁਰ ਗਿਆ। ਉਸ ਨੂੰ ਪਹਿਲੇ ਲਾਹੌਰ ਸਪਲੀਮੈਂਟਰੀ ਕੇਸ ਵਿੱਚ ਸ਼ਾਮਿਲ ਕਰਕੇ ਉਮਰ ਕੈਦ ਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ। ਉਸ ਨੂੰ 3 ਜੂਨ 1932 ਨੂੰ ਰਿਹਾਅ ਕਰ ਦਿੱਤਾ ਗਿਆ ਤੇ ਦੋ ਸਾਲ ਪਿੰਡ ਵਿੱਚ ਜੂਹਬੰਦੀ ਕੀਤੀ ਗਈ ।

**ਹਰਨਾਮ ਸਿੰਘ ਕਾਲਾ ਸੰਘਿਆ**



ਹਰਨਾਮ ਸਿੰਘ ਪੁੱਤਰ ਸੁੰਦਰ ਸਿੰਘ, ਵਾਸੀ ਕਾਲਾ ਸੰਘਿਆ, ਥਾਨਾ ਕੋਤਵਾਲੀ ਕਪੂਰਥਲਾ ਰਿਆਸਤ 26 ਨੰਬਰ ਪੰਜਾਬੀ ਪਲਟਨ ਦਾ ਸਾਬਕਾ ਸਿਪਾਹੀ ਜਿਸ ਨੂੰ ਕਿ 19 ਫਰਵਰੀ 1915 ਨੂੰ ਵਿਦਰੋਹੀ ਸਰਗਰਮੀਆਂ ਕਾਰਨ ਬਰਖਾਸਤ ਕੀਤਾ ਗਿਆ ਸੀ। ਇਹ ਪਲਟਨ ਅੰਦਰ ਵਿਦਰੋਹੀ ਸਰਗਰਮੀਆਂ ਦੇ ਆਗੂਆਂ ਵਿੱਚੋਂ ਇੱਕ ਸੀ । ਸਪਲੀਮੈਂਟਰੀ ਲਾਹੌਰ ਸਾਜ਼ਿਸ਼ ਕੇਸ ਵਿੱਚ ਚਲਾਏ ਗਏ ਮੁੱਕਦਮੇ ਨਾਲ ਇਸ ਨੂੰ ਸਾਲ 1916 ਵਿੱਚ ਉਮਰ ਕੈਦ ਤੇ ਜਾਇਦਾਦ ਜਬਤੀ ਦੀ ਸਜ਼ਾ ਸੁਣਾਈ ਗਈ ਸੀ ।

**ਲਾਭ ਸਿੰਘ ਚੱਕਵਾਲੀਆ**

ਲਾਭ ਸਿੰਘ ਪੁੱਤਰ ਰਾਮ ਸਿੰਘ, ਵਾਸੀ ਚੱਕਵਾਲੀਆ, ਪੁਲਿਸ ਸਟੇਸ਼ਨ ਕਸੂਰ, ਲਾਹੌਰ। ਇਹਨਾਂ ਦੀ ਉਮਰ ਉਸ ਵੇਲੇ 30 ਸਾਲ ਦੇ ਕਰੀਬ ਸੀ। ਇਹ 26ਵੀਂ ਪੰਜਾਬੀ ਪਲਟਨ ਦੇ ਸਿਪਾਹੀ ਸਨ। ਬੂਟਾ ਸਿੰਘ ਜਮਾਦਾਰ ਨੇ ਬਿਆਨ ਦਿੱਤਾ ਸੀ ਕਿ ਇਹ ਹਾਂਗਕਾਂਗ ਵਿੱਚ ਗੁਰਦੁਆਰੇ ਵਿੱਚ ਹੁੰਦੇ ਦੇਸ਼ ਵਿਰੋਧੀ ਲੈਕਚਰਾਂ ਵਿੱਚ ਸ਼ਾਮਿਲ ਹੁੰਦਾ ਸੀ। ਗ਼ਦਰੀਆਂ ਨਾਲ ਸੰਪਰਕ ਕਰਕੇ 19 ਫਰਵਰੀ 1915 ਨੂੰ ਫਿਰੋਜ਼ਪੁਰ ਸਥਿਤ 26ਵੀਂ ਪੰਜਾਬੀ ਪਲਟਨ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ। ਅਗਲੇ **... ਬਾਕੀ ਪੰਨਾ 38 'ਤੇ**

# ਬੱਚਿਆਂ ਨੂੰ ਬਣਾਇਆ ਜਾ ਰਿਹਾ - ਹਿੰਦੂ, ਸਿੱਖ, ਮੁਸਲਿਮ, ਈਸਾਈ

ਸ਼ਾਹਨਵਾਜ

ਲੰਬੇ ਸਮੇਂ ਬਾਅਦ ਮੈਂ ਕੁੱਝ ਦਿਨ ਪਹਿਲਾਂ ਹੀ ਘਰ ਵਾਲਿਆ ਦੇ ਨਾਲ ਪਿੰਡ ਗਿਆ ਸੀ। ਸਾਡਾ ਪਿੰਡ ਸਟੇਸ਼ਨ ਤੋਂ ਬਹੁਤ ਦੂਰ ਹੈ, ਇਸ ਲਈ ਸਟੇਸ਼ਨ ਦੇ ਨੇੜੇ ਵੱਡੀ ਭੈਣ ਦੇ ਘਰ ਵਿੱਚ ਅਸੀਂ ਰੁਕੇ। ਭੈਣ ਦੇ 2 ਬੱਚੇ ਹਨ ਜਿਹਨਾਂ ਦੀ ਉਮਰ ਵਿੱਚ 10 ਸਾਲਾਂ ਦਾ ਗੈਪ ਹੈ। ਛੋਟੇ ਪੁੱਤਰ ਦੀ ਉਮਰ ਲਗਭਗ 3 ਸਾਲ ਹੈ ਘਰ ਪੁੱਜਦੇ ਸਾਰ ਮੇਰੇ ਛੋਟੇ ਭਾਣਜੇ ਨੇ ਤੁਤਲਾਦੀ ਜਬਾਨ ਵਿੱਚ ਸਾਨੂੰ ਸਭ ਨੂੰ ਸਲਾਮ ਕੀਤਾ। ਇਹ ਦੇਖ ਕੇ ਪਿਤਾ ਜੀ ਅਤੇ ਮਾਂ ਬੇਹੱਦ ਖੁਸ਼ ਹੋਏ ਅਤੇ ਉਸ ਦੀ ਸਲਾਮ ਦਾ ਜਵਾਬ ਦਿੰਦੇ ਹੋਏ ਉਸ ਨੂੰ ਗੋਦੀ ਵਿੱਚ ਚੁੱਕ ਕੇ ਪਿਆਰ ਕਰਨ ਲੱਗੇ। ਮੈਨੂੰ ਇਹ ਦੇਖ ਕੇ ਥੋੜ੍ਹਾ ਜਿਹਾ ਅਜੀਬ ਲੱਗਿਆ ਉਸ ਸਮੇਂ ਮੇਰੇ ਦਿਮਾਗ ਵਿੱਚ ਆਇਆ ਕਿ ਏਨਾ ਛੋਟਾ ਬੱਚਾ, ਜਿਹੜਾ ਹਾਲੇ ਤੱਕ, ਸ਼ਾਇਦ, ਆਪਣੇ ਮਾਂ-ਬਾਪ ਦਾ ਨਾਂ ਤੱਕ ਨਹੀਂ ਜਾਣਦਾ ਹੋਵੇਗਾ ਅਤੇ ਸ਼ਾਇਦ, ਆਪਣੇ ਨਾਂ ਤੋਂ ਵੀ ਚੰਗੀ ਤਰ੍ਹਾਂ ਵਾਕਫ਼ ਨਾ ਹੋਵੇਗਾ, ਉਸ ਨੂੰ ਇਹ ਪਤਾ ਹੈ ਕਿ ਕੋਈ ਘਰ ਵਿੱਚ ਆਉਂਦਾ ਹੈ ਤਾਂ ਉਸ ਨੂੰ ਕੀ ਬੋਲਣਾ ਹੈ। ਅਸੀਂ ਨਹਾ ਕੇ ਖਾਣਾ ਖਾਣ ਬੈਠੇ ਹੀ ਸੀ ਅਤੇ ਮੇਰੇ ਮੂੰਹ ਤੱਕ ਪਹਿਲੀ ਬੁਰਕੀ ਪੁਹੰਚੀ ਹੀ ਸੀ ਕਿ ਛੋਟੇ ਭਾਣਜੇ ਨੇ ਮੈਨੂੰ ਟੋਕ ਦਿੱਤਾ, 'ਮਾਮਾ, ਕੀ ਖਾਣੇ ਤੋਂ ਪਹਿਲਾਂ ਦੁਆ ਨਹੀਂ ਕਰੋਗੇ ?' ਮੈਂ ਕੁੱਝ ਬੋਲਦਾ, ਇਸ ਤੋਂ ਪਹਿਲਾਂ ਭੈਣ ਨੇ ਭਾਣਜੇ ਨੂੰ ਝਿੜਕਦੇ ਹੋਏ ਕਿਹਾ ਕਿ 'ਏਨੀ ਦੂਰ ਤੋਂ ਆਏ ਹਨ, ਚੁੱਪਚਾਪ ਸ਼ਾਂਤੀ ਨਾਲ ਖਾਣ ਦੇ ਅਤੇ ਤੂੰ ਬਾਹਰ ਜਾ ਕੇ ਖੇਡ।'

ਇੱਥੇ ਤੱਕ ਤਾਂ ਠੀਕ ਸੀ, ਪਰ ਸ਼ਾਮ ਨੂੰ ਨਮਾਜ਼ ਦੇ ਸਮੇਂ ਮੈਂ ਦੇਖਿਆ ਕਿ ਉਹੀ ਭਾਣਜਾ ਆਪਣੇ ਪਿਤਾ ਦੇ ਨਾਲ ਨਮਾਜ਼ ਪੜ੍ਹਨ ਦੇ ਲਈ ਬੈਠਾ ਹੈ। ਇਹ ਤਾਂ ਮੈਨੂੰ ਪਤਾ ਹੀ ਸੀ ਕਿ ਏਨਾ ਛੋਟਾ ਬੱਚਾ ਹੈ, ਉਸ ਨੂੰ ਕੀ ਪੜ੍ਹਨਾ ਆਉਂਦਾ ਹੋਵੇਗਾ ਉਹ ਬਸ, ਆਪਣੇ ਪਿਤਾ ਦੀ ਨਕਲ ਕਰ ਰਿਹਾ ਸੀ। ਪਰੰਤੂ ਉਸ ਦਾ ਆਪਣੇ ਪਿਤਾ ਦੇ ਨਾਲ ਨਮਾਜ਼ ਪੜ੍ਹਨ ਦੇ ਲਈ ਬੈਠਣਾ ਦੇਖ ਕੇ ਮੇਰੇ ਦਿਮਾਗ ਵਿੱਚ ਸਵਾਲਾਂ ਦਾ ਵਾ-ਵਰੋਲਾ ਜਿਹਾ ਬਣਨ ਲੱਗਾ। ਏਨੇ ਛੋਟੇ ਬੱਚੇ ਨੂੰ ਏਨਾ ਸਭ ਕੁੱਝ ਕਰਦਾ ਦੇਖ ਕੇ ਮੇਰੇ ਮਨ ਵਿੱਚ ਉਤਸੁਕਤਾ ਦਾ ਹੜ੍ਹ ਆ ਗਿਆ ਸੀ। ਮੇਰੀ ਭੈਣ ਨੇ ਗੱਲਾਂ ਹੀ ਗੱਲਾਂ ਵਿੱਚ ਦੱਸਿਆ ਕਿ ਉਹ ਆਪਣੇ ਛੋਟੇ ਪੁੱਤਰ ਨੂੰ ਵੱਡਾ ਹੋ ਕੇ ਮੌਲਵੀ ਦੇ ਰੂਪ ਵਿੱਚ ਦੇਖਣਾ ਚਾਹੁੰਦੀ ਹੈ, ਇਸੇ ਲਈ ਉਹ ਹੁਣੇ ਤੋਂ ਹੀ ਉਸ ਨੂੰ ਬੇਸਿਕ ਚੀਜ਼ਾਂ (ਮੁਢਲੀਆਂ ਗੱਲਾਂ) ਘਰ ਵਿੱਚ ਸਿਖਾ ਰਹੀ ਹੈ ਲੋਕਾਂ ਦੇ ਘਰ ਆਉਣ 'ਤੇ ਕੀ ਬੋਲਣਾ ਹੈ, ਖੇਡ ਵਿੱਚ ਜਾਂ ਫਿਰ ਉਂਝ ਹੀ ਕਿਸੇ ਦੇ ਪੈਰ ਲੱਗ ਜਾਵੇ ਤਾਂ ਕੀ ਬੋਲਣਾ ਹੈ, ਖਾਣਾ ਖਾਣ ਤੋਂ ਪਹਿਲਾਂ ਕੀ ਪੜ੍ਹਨਾ ਹੈ ਅਤੇ ਹੋਰ ਵੀ ਚੀਜ਼ਾਂ ਦੇ ਬਾਰੇ ਵਿੱਚ ਘਰ ਵਾਲੇ ਉਸ ਛੋਟੇ ਜਿਹੇ ਬੱਚੇ ਨੂੰ ਪਹਿਲਾਂ ਤੋਂ ਹੀ ਟਰੇਨਿੰਗ ਦੇ ਰਹੇ ਹਨ।

**ਬੱਚੇ ਨੂੰ ਪਰਿਵਾਰ ਬਣਾਉਂਦੇ ਹਨ ਧਾਰਮਿਕ :** 17ਵੀਂ ਸਦੀ ਦੇ ਫਿਲਾਸਫਰ ਜੌਨ ਲੌਕ ਨੇ ਇਕ ਆਰਟੀਕਲ ਵਿੱਚ ਲਿਖਿਆ ਸੀ ਕਿ ਜਦ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਦਾ ਦਿਮਾਗ ਖਾਲੀ ਬਲੈਕ ਬੋਰਡ ਹੁੰਦਾ ਹੈ ਵੱਡਾ ਹੋਣ ਦੇ ਦੌਰਾਨ ਉਹ ਆਪਣੇ ਪਰਿਵਾਰ, ਉਸ ਤੋਂ ਬਾਅਦ ਸਮਾਜ, ਤੋਂ ਚੀਜ਼ਾਂ ਸਿੱਖਦਾ ਹੈ ਅਤੇ ਉਸੇ ਅਨੁਸਾਰ ਬੰਦੇ ਦੀ ਉਸਾਰੀ ਹੁੰਦੀ ਹੈ। ਬੱਚੇ ਦਾ ਦਿਮਾਗ ਕਿਉਂਕਿ ਕਾਗਜ਼ ਦੇ ਖਾਲੀ ਪੰਨੇ ਦੇ ਸਮਾਨ ਹੁੰਦਾ ਹੈ, ਇਸ ਲਈ ਬਚਪਨ ਵਿੱਚ ਸਿਖਾਈ ਹੋਈ ਹਰੇਕ ਚੀਜ਼ ਉਹ ਆਪਣੀ ਪਛਾਣ ਦੇ ਨਾਲ ਜੋੜ ਲੈਂਦਾ ਹੈ। ਕੁੱਝ ਅਜਿਹਾ ਹੀ ਕੰਮ ਸਾਡਾ ਸਮਾਜ ਘਰ ਦੇ ਬੱਚਿਆਂ ਦੇ ਨਾਲ ਕਰਦਾ ਹੈ।

ਪਿੰਡ ਵਿੱਚ ਕੁੱਝ ਦਿਨ ਬਤੀਤ ਕਰਨ ਦੇ ਬਾਅਦ ਵਾਪਸ ਦਿੱਲੀ ਦੇ ਲਈ ਚੱਲੇ ਤਾਂ ਬਸ ਵਿੱਚ ਸਵਾਰ ਹੋਣ ਦੇ ਬਾਅਦ ਵੀ ਕੁੱਝ ਅਜਿਹਾ ਹੀ ਦੇਖਣ ਨੂੰ ਮਿਲਿਆ। ਬਸ ਅੱਡੇ ਉੱਤੇ ਲੋਕਾਂ ਦੀ ਭੀੜ ਸੀ ਜਿਹੜੀ ਸ਼ਹਿਰਾਂ ਵਿੱਚ ਕੰਮ ਦੀ ਭਾਲ ਕਰਨ ਦੇ ਲਈ ਆਪਣੇ ਘਰਾਂ ਤੋਂ ਨਿਕਲੀ ਸੀ। ਜਿਹੜੀ ਬਸ ਵਿੱਚ ਅਸੀਂ ਬੈਠੇ ਸੀ, ਉਸ ਵਿੱਚ ਕੁੱਝ ਬੱਚੇ ਵੀ ਆਪਣੇ ਪਰਿਵਾਰ ਵਾਲਿਆਂ ਦੇ ਨਾਲ ਸਨ। ਸਫ਼ਰ ਦੇ ਦੌਰਾਨ ਬਸ ਕਈ ਵਾਰ ਮੰਦਰਾਂ ਅਤੇ ਮਸਜਿਦਾਂ ਦੇ ਸਾਹਮਣੇ ਤੋਂ ਹੁੰਦੀ ਹੋਈ ਲੰਘੀ ਬੱਚਿਆਂ ਨੇ ਆਪਣੇ ਆਪਣੇ ਧਰਮ ਨਾਲ ਸੰਬੰਧ ਰੱਖਣ ਵਾਲੇ ਧਾਰਮਿਕ ਸਥਾਨਾਂ ਦੇ ਸਾਹਮਣੇ ਮੱਥਾ ਝੁਕਾਇਆ। ਇਹੀ ਨਹੀਂ, ਅਜਿਹਾ ਕਰਨ ਵਾਲਿਆਂ ਵਿੱਚ ਸਿਰਫ਼ ਬੱਚੇ ਹੀ ਨਹੀਂ ਸਨ ਸਗੋਂ ਜ਼ਿਆਦਾਤਰ ਵੱਡੇ (ਹਰੇਕ ਉਮਰ ਦੇ) ਵੀ ਮੱਥਾ ਝੁਕਾਉਂਦੇ, ਹੱਥ ਜੋੜਦੇ ਅਤੇ ਕੁੱਝ ਹੌਲੀ-ਹੌਲੀ ਬੋਲਦੇ ਦਿਸੇ ਆਖਰ, ਇਹ ਮੱਥਾ ਝੁਕਾਉਣ, ਹੱਥ ਜੋੜਨ ਜਾਂ ਫਿਰ ਕੁੱਝ ਮੂੰਹ ਵਿੱਚ ਬੋਲਣ ਦਾ ਬੋਧ/ਸਹਿਜ

ਬੁੱਧੀ ਬੱਚਿਆਂ ਵਿੱਚ ਕਿੱਥੋਂ ਆਉਂਦਾ ਹੈ?

ਅਸਲ ਵਿੱਚ ਜਦ ਬੱਚਾ ਛੋਟੀ ਉਮਰ ਦਾ ਹੁੰਦਾ ਹੈ, ਜਦ ਉਹ ਆਪਣੇ ਜੀਵਨ ਵਿੱਚ ਭਾਸ਼ਾ ਸਿੱਖਣ ਦੇ ਸਭ ਤੋਂ ਪਹਿਲੇ ਪੱਧਰ ਉੱਤੇ ਹੁੰਦਾ ਹੈ, ਉਦੋਂ ਇਹ ਸਭ ਕਿਰਿਆਵਾਂ ਬੱਚੇ ਦੇ ਮਾਤਾ-ਪਿਤਾ ਵੱਲੋਂ ਉਸ ਨੂੰ ਸਿਖਾ ਦਿੱਤੀਆਂ ਜਾਂਦੀਆਂ ਹਨ। ਬੱਚਾ ਆਪਣੇ ਆਪ ਇਹ ਤੈਅ ਨਹੀਂ ਕਰਦਾ ਕਿ ਉਸ ਨੇ ਇਹ ਸਭ ਕਰਨਾ ਹੈ ਜਾਂ ਨਹੀਂ, ਉਸ ਨੂੰ ਜਿਹੋ ਜਿਹਾ ਸਿਖਾਇਆ ਜਾਂਦਾ ਹੈ, ਉਹ ਉਵੇਂ ਹੀ ਕਰਦਾ ਹੈ ਅਤੇ ਜੇਕਰ ਜੀਵਨ ਵਿੱਚ ਸਿੱਖਿਆ, ਤਰਕਸ਼ੀਲਤਾ ਅਤੇ ਗਿਆਨ ਦੀ ਘਾਟ ਰਹੀ ਹੋਵੇ ਤਾਂ ਉਹ ਬੱਚਾ ਵੱਡਾ ਹੋ ਕੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ, ਆਪਣੇ ਬੱਚਿਆਂ ਨੂੰ ਵੀ ਇਹ ਸਭ ਕਰਨਾ ਸਿਖਾਉਂਦਾ ਹੈ। ਜਦ ਇਹ ਸਵਾਲ ਕੀਤਾ ਜਾਦਾ ਹੈ ਕਿ ਇਹ ਸਭ ਕੁੱਝ ਕਰਨ ਨਾਲ ਆਖਰ ਕੀ ਹੋਵੇਗਾ, ਤਾਂ ਆਮ ਤੌਰ 'ਤੇ ਹਰ ਧਰਮ ਦੇ ਲੋਕਾਂ ਤੋ ਜਵਾਬ ਇਹ ਮਿਲਦਾ ਹੈ ਕਿ ਇਹ ਸਭ ਧਰਮ ਦਾ ਮਾਮਲਾ ਹੈ, ਸ਼ਰਧਾ ਦਾ ਮਾਮਲਾ ਹੈ, ਇਸ ਲਈ ਇਸ ਉੱਤੇ ਸਵਾਲ ਨਹੀਂ ਚੁੱਕਿਆ ਜਾ ਸਕਦਾ ਸੱਚਾਈ ਤਾਂ ਇਹ ਹੈ ਕਿ ਉਹਨਾਂ ਦੇ ਕੋਲ ਤਰਕ ਨਹੀਂ ਹੁੰਦਾ

**ਤਰਕ ਸ਼ਕਤੀ ਨੂੰ ਕਰਦਾ ਹੈ ਇਹ ਸਭ ਕੁੱਝ ਕਮਜ਼ੋਰ** :- ਧਾਰਮਿਕ ਕਿਰਿਆਵਾਂ ਦਾ ਸਭ ਤੋਂ ਡੂੰਘਾ ਅਸਰ ਬੱਚੇ ਦੇ ਸਵਾਲ ਕਰਨ ਦੀ ਤਾਕਤ ਉੱਤੇ ਪੈਂਦਾ ਹੈ ਜਿਸ ਦੇ ਕਾਰਨ ਹੋ ਸਕਦਾ ਹੈ ਬੱਚਾ ਸਾਰਾ ਜੀਵਨ ਆਪਣੇ ਨਾਲ ਹੋਣ ਵਾਲੀ ਬੇਇਨਸਾਫ਼ੀ ਦੇ ਵਿਰੁੱਧ ਵੀ ਸਵਾਲ ਨਾ ਉਠਾਵੇ। ਕੀ, ਕਿਵੇਂ ਅਤੇ ਕਿਉਂ ਵਰਗੇ ਸ਼ਬਦਾਂ ਤੋਂ ਬੱਚੇ ਕਿਨਾਰਾ ਕਰ ਲੈਂਦੇ ਹਨ ਸਕੂਲ ਦੇ ਦਿਨਾਂ ਵਿੱਚ ਆਮ ਤੌਰ 'ਤੇ ਮੀਂਹ ਪੈਣ 'ਤੇ ਦੋਸਤਾਂ ਨੂੰ ਕਹਿੰਦੇ ਹੋਏ ਸੁਣਿਆ ਹੈ ਕਿ 'ਇੰਦਰ ਦੇਵਤਾ ਮੀਂਹ ਵਰਸਾ ਰਹੇ ਹਨ।' ਇਸ ਵਿੱਚ ਮੈਂ ਵੀ ਸ਼ਾਮਲ ਸੀ। ਅਜਿਹਾ ਇਸ ਤੱਥ ਦੇ ਬਾਵਜੂਦ ਕਿਹਾ, ਕਿ ਜਿਹੜੀ ਜਮਾਤ ਵਿੱਚ ਅਸੀਂ ਪੜ੍ਹ ਰਹੇ ਸੀ ਉਸ ਦੀਆਂ ਸਾਇੰਸ ਦੀਆਂ ਕਿਤਾਬਾਂ ਵਿੱਚ ਵਰਖਾ ਕਿਵੇਂ ਹੁੰਦੀ ਹੈ, ਇਸ ਦਾ ਵਰਣਨ ਮੌਜੂਦ ਸੀ। ਵਰਖਾ ਤੋਂ ਬਾਅਦ ਕਦੇ ਕਦੇ ਨਿਕਲਣ ਵਾਲੀ ਸਤਰੰਗੀ ਪੀਂਘ ਤੋਂ ਬੱਚੇ ਆਪਣੇ ਮਨ ਦੀ ਇੱਛਾ ਦੀ ਪੂਰਤੀ ਦੀ ਮੰਗ ਕਰ ਲਿਆ ਕਰਦੇ ਸਨ। ਭਾਵੇਂ ਕਿ, ਇਸ ਦਾ ਲੋਕਾਂ ਦੇ ਜੀਵਨ ਨਾਲ ਕੁੱਝ ਲੈਣਾ ਦੇਣਾ ਨਹੀਂ ਹੈ ਬਚਪਨ ਵਿੱਚ ਇਮਤਿਹਾਨ ਦੇ ਸਮੇਂ ਜਦ ਸਾਨੂੰ ਲਿਖਣ ਦੇ ਲਈ ਉੱਤਰ-ਪੱਤਰੀਆਂ ਮਿਲਿਆ ਕਰਦੀਆਂ ਸਨ, ਤਾਂ ਉਹਨਾਂ ਵਿੱਚ ਨਾਂ, ਕਲਾਸ, ਰੋਲ ਨੰਬਰ, ਵਿਸ਼ਾ ਲਿਖ ਲੈਣ ਦੇ ਬਾਅਦ ਅਖੌਤੀ ਭਗਵਾਨਾਂ ਦੇ ਚਿੰਨ੍ਹ ਬਣਾਇਆ ਕਰਦੇ ਸੀ। ਮੈਂ ਆਪਣੇ ਸਮੇਂ ਵਿੱਚ ਦੋਸਤਾਂ ਤੋਂ ਸੁਣਿਆ ਸੀ ਕਿ ਇਹ ਸਭ ਕਰਨ ਨਾਲ ਪ੍ਰੀਖਿਆ ਚੰਗੀ ਹੁੰਦੀ ਹੈ।

ਅਜਿਹੇ ਹੀ ਪਤਾ ਨਹੀਂ ਕਿੰਨੇ ਕਿੱਸੇ ਬਚਪਨ ਦੇ ਯਾਦ ਆਉਣਗੇ ਜੋ ਸਾਨੂੰ ਸਾਡੀ ਤਰਕਸ਼ੀਲਤਾ ਦੀ ਘਾਟ ਨੂੰ ਦਰਸਾਉਣਗੇ। ਜੇਕਰ ਪਰਿਵਾਰ ਦੇ ਮੈਂਬਰਾਂ ਅਤੇ ਸਮਾਜ ਦੇ ਲੋਕਾਂ ਦੁਆਰਾ ਸਾਡੇ ਦਿਮਾਗ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ, ਤਰਕ ਅਤੇ ਵਿਵਹਾਰਕ ਸਮਝ ਪੈਦਾ ਕੀਤੀ ਗਈ ਹੁੰਦੀ ਤਾਂ ਸ਼ਾਇਦ ਸਮਾਜ ਵਿੱਚ ਫੈਲਿਆ ਅੰਧਵਿਸ਼ਵਾਸ, ਧਾਰਮਕ ਕੱਟੜਤਾ ਅਤੇ ਇਸ ਨਾਲ ਜੁੜੀਆਂ ਹੋਰ ਸਮੱਸਿਆਵਾਂ ਅੱਜ ਪ੍ਰਧਾਨ ਨਾ ਹੁੰਦੀਆਂ। ਸਿੱਖਿਆ ਤੋਂ ਵਾਂਝੇ ਲੋਕ ਹੀ ਨਹੀਂ, ਪੜ੍ਹੇ ਲਿਖੇ ਲੋਕ ਵੀ ਇਸ ਦੀ ਪਕੜ ਵਿੱਚ ਹਨ। ਸਾਡੇ ਸਕੂਲ ਵਿੱਚ ਜੋ ਅਧਿਆਪਕ ਸਾਡੀ ਕਲਾਸ ਨੂੰ ਵਿਗਿਆਨ ਪੜ੍ਹਾਇਆ ਕਰਦੇ ਸਨ, ਉਹਨਾਂ ਦੇ ਹੱਥਾਂ ਦੀਆਂ ਸਾਰੀਆ ਉਂਗਲੀਆਂ ਵਿੱਚ ਨਗਾ ਵਾਲੀਆਂ ਅੰਗੂਠੀਆਂ ਸਨ। ਰੁਦਰਾਕਸ਼ ਦੀ ਇਕ ਮੋਟੀ ਮਾਲਾ ਉਹਨਾਂ ਦੇ ਗਲੇ ਵਿੱਚ ਦਿਖਾਈ ਦਿੰਦੀ ਸੀ। ਅਜਿਹੇ ਵਿਗਿਆਨ ਦੇ ਅਧਿਆਪਕ ਤੋਂ ਕੀ ਅਸੀਂ ਇਹ ਉਮੀਦ ਕਰ ਸਕਦੇ ਹਾਂ ਕਿ ਉਹ ਬੱਚਿਆਂ ਦੇ ਧਾਰਮਿਕ ਅੰਧਵਿਸ਼ਵਾਸਾਂ ਨੂੰ ਤੋੜਨਗੇ ? ਸਪੱਸ਼ਟ ਜਿਹੀ ਗੱਲ ਹੈ ਕਿ ਕਿਤੇ ਨਾ ਕਿਤੇ ਪੜ੍ਹੇ ਲਿਖੇ ਲੋਕ ਵੀ ਧਰਮ ਦੇ ਅੰਧਵਿਸ਼ਵਾਸਾਂ ਨੂੰ ਤੋੜਨ ਵਿੱਚ ਨਾਕਾਮ ਹਨ ਜੋ ਉਹ ਪੜ੍ਹਦੇ ਹਨ, ਉਸ ਨੂੰ ਪੂਰੀ ਤਰ੍ਹਾਂ ਆਪਣੇ ਜੀਵਨ ਵਿੱਚ ਉਤਾਰਨ ਤੋਂ ਕਿਤੇ ਨਾ ਕਿਤੇ ਸੰਕੋਚ ਕਰਦੇ ਹਨ। ਇਸ ਦਾ ਖਾਮਿਆਜ਼ਾ ਨਵੀਂ ਪੀੜ੍ਹੀ ਨੂੰ ਭੁਗਤਣਾ ਪੈਂਦਾ ਹੈ।

**ਕੁੱਝ ਇੰਝ ਭੁਗਤਣਾ ਪੈਂਦਾ ਹੈ ਨਤੀਜਾ** :- ਬੱਚਿਆਂ ਨੂੰ ਜਾਂ ਆਖੀਏ ਨਵੀਂ ਪੀੜ੍ਹੀ ਨੂੰ ਧਾਰਮਿਕ ਬਣਾਉਣ ਨਾਲ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਸਮਾਜ ਦੇ ਹੀ ਲੋਕਾਂ ਨੂੰ ਕਰਨਾ ਪੈਂਦਾ ਹੈ। ਲੋਕਾਂ ਦਾ ਵਿਗਿਆਨਕ ਦ੍ਰਿਸ਼ਟੀਕੋਣ ਨਾ ਹੋਣਾ ਇੱਕ ਉੱਨਤੀਸ਼ੀਲ ਸਮਾਜ ਦੀ ਉਸਾਰੀ ਵਿੱਚ ਸਭ ਤੋਂ ਵੱਡੀ ਰੁਕਾਵਟ ਹੈ। 'ਕੀ, ਕਿਉਂ ਅਤੇ ਕਿਵੇਂ' ਭਾਵ ਸਵਾਲਾਂ ਦਾ ਨਾ ਪੁੱਛਿਆ ਜਾਣਾ ਸਮਾਜ ਦੇ ਮ੍ਰਿਤਕ ਜਿਹਾ ਹੋਣ ਦੀ ਵਜਹ ਹੈ। ਨਵੀਂ ਪੀੜ੍ਹੀ ਦੇ ਦਿਮਾਗ ਵਿੱਚ ਧਰਮ ਦਾ ਬੀਜ ਬੀਜਣ ਦਾ ਨਤੀਜਾ ਇਹ ਹੁੰਦਾ ਹੈ ਕਿ ਇਸ ਦਾ ਸਭ ਤੋਂ ਵੱਡਾ ਲਾਭ ਧਰਮ ਦੇ ਠੇਕੇਦਾਰ ਅਤੇ ਲੀਡਰ ਉਠਾ ਲੈਂਦੇ ਹਨ ਜਿਹੜੇ ਸਮਾਜ ਨੂੰ ਵੰਡਣ ਦਾ ਕੰਮ ਕਰਦੇ ਹਨ। ਧਰਮ ਦਾ ਬੀਜ ਲੋਕਾਂ ਦੇ ਦਿਮਾਗ ਵਿੱਚ ਬੀਜਣ ਨਾਲ ਲੋਕ ਨਾ ਤਾਂ ਆਪਣੇ ਹੱਕ ਦੇ ਲਈ ਆਵਾਜ਼ **... ਬਾਕੀ ਪੰਨਾ 33 'ਤੇ**

ਵਿਰਸੇ ਦੀ ਲੋਅ:

## ਗ਼ਦਰੀ ਸੂਰਬੀਰਾਂ ਨੂੰ ਯਾਦ ਕਰਦਿਆਂ

### ਸ਼ਹੀਦ ਕਰਤਾਰ ਸਿੰਘ ਸਰਾਭਾ



"ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ" ਜਿਹੇ ਅਮਰ ਬੋਲ ਬੋਲਣ ਵਾਲਾ ਨਾਇਕ ਹੈ ਸ਼ਹੀਦ ਕਰਤਾਰ ਸਿੰਘ ਸਰਾਭਾ ਜਿਸ ਨੂੰ ਇਤਿਹਾਸ ਦੇ ਪੰਨਿਆਂ 'ਤੇ ਗ਼ਦਰ ਪਾਰਟੀ ਦੇ ਛੋਟੀ ਉਮਰ ਦੇ ਜਰਨੈਲ ਵਜੋਂ ਜਾਣਿਆ ਜਾਂਦਾ ਹੈ। ਬੁਲੰਦ ਜਜ਼ਬਿਆਂ ਦਾ ਮਾਲਕ ਤੇ ਆਜ਼ਾਦੀ ਲਈ ਮਰ ਮਿਟਣ ਦੀ ਭਾਵਨਾ ਵਾਲਾ। ਗ਼ਦਰ ਨੂੰ ਹਰ ਦਰ 'ਤੇ ਲਿਜਾਣ ਦਾ ਇਛੁੱਕ। ਗ਼ਦਰ ਲਹਿਰ ਦਾ ਅਣਥੱਕ ਤੇ ਜੁਝਾਰੂ ਨੌਜਵਾਨ। ਭਰ ਜਵਾਨੀ ਵਿੱਚ ਫ਼ਾਂਸੀ ਦਾ ਰੱਸਾ ਚੁੰਮਣ ਵਾਲਾ ਇਹ ਦੇਸ਼ ਭਗਤ ਗੱਭਰੂ ਦੇਸ਼, ਦੁਨੀਆਂ ਲਈ ਮਿਸਾਲ ਬਣਿਆ। ਜਿਸਨੂੰ ਸ਼ਹੀਦ ਏ ਆਜ਼ਮ ਭਗਤ ਸਿੰਘ ਆਪਣਾ ਨਾਇਕ ਮੰਨਦਾ ਸੀ।

ਗ਼ਦਰ ਪਾਰਟੀ ਨੇ 'ਗ਼ਦਰ' ਅਖ਼ਬਾਰ ਛਾਪਣ ਦਾ ਫੈਸਲਾ ਲਿਆ। ਇਹ ਅਖਬਾਰ ਚਲਾਉਣ ਵਿੱਚ ਸਰਾਭੇ ਦੀ ਅਹਿਮ ਭੂਮਿਕਾ ਰਹੀ। ਉਹ ਇਸ ਅਖ਼ਬਾਰ ਵਿੱਚ ਦੇਸ਼ ਭਗਤੀ ਦੇ ਲੇਖ, ਗ਼ੀਤ ਤੇ ਕਵਿਤਾਵਾਂ ਲਿਖਦਾ।

1914 ਵਿੱਚ ਭਾਰਤ ਪਰਤ ਕੇ ਆਜ਼ਾਦੀ ਲਈ ਅੰਗਰੇਜ਼ ਹਕੂਮਤ ਖ਼ਿਲਾਫ਼ ਸੰਘਰਸ਼ ਵਿੱਢਿਆ। ਲੋਕਾਂ ਨੂੰ ਆਜ਼ਾਦੀ ਲਈ ਪ੍ਰੇਰਨ ਲੱਗਾ। ਲਾਹੌਰ ਤੇ ਫਿਰੋਜ਼ਪੁਰ ਵਿੱਚ ਗ਼ਦਰ ਕਰਨ ਦੀ ਕੋਸ਼ਿਸ਼ ਸਫਲ ਨਾ ਹੋ ਸਕੀ। ਕਰਤਾਰ ਸਿੰਘ ਸਰਾਭਾ ਸਾਥੀਆਂ ਸਮੇਤ ਅੰਗਰੇਜ਼ ਪੁਲਿਸ ਦੇ ਹੱਥ ਆ ਗਿਆ। ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿੱਚ ਸੰਗੀਨ ਧਾਰਾਵਾਂ ਲਗਾ ਕੇ ਕਰਤਾਰ ਸਿੰਘ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। 16 ਨਵੰਬਰ 1915 ਨੂੰ ਸਾਢੇ ਉੱਨੀ ਵਰ੍ਹਿਆਂ ਦੇ ਨੌਜਵਾਨ ਕਰਤਾਰ ਸਿੰਘ ਸਰਾਭਾ ਨੂੰ ਅੰਗਰੇਜ਼ ਹਕੂਮਤ ਨੇ ਉਸਦੇ ਛੇ ਹੋਰ ਸਾਥੀਆਂ ਸਮੇਤ ਲਾਹੌਰ ਜੇਲ੍ਹ ਵਿੱਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ।

ਬਾਬਾ ਸੋਹਣ ਸਿੰਘ ਭਕਨਾ ਦੀਆਂ ਯਾਦਾਂ ਵਿੱਚ ਲਿਖਿਆ ਹੈ ਕਿ ਕਰਤਾਰ ਸਿੰਘ ਸਰਾਭਾ ਨੇ ਜੇਲ੍ਹ ਦੀ ਕੰਧ 'ਤੇ ਲਿਖ ਦਿੱਤਾ ਸੀ, "ਸ਼ਹੀਦ ਦਾ ਖ਼ੂਨ ਵਿਅਰਥ ਨਹੀਂ ਜਾਂਦਾ।" ਅੱਜ ਵੀ ਉਸਦੀ ਕੁਰਬਾਨੀ ਤੇ ਵਿਚਾਰ ਵਿਰਸੇ ਦੀ ਲੋਅ ਬਣ ਰਾਹ ਰੁਸ਼ਨਾਉਂਦੇ ਹਨ।

### ਸ਼ਹੀਦ ਊਧਮ ਸਿੰਘ



(ਜਨਮ: 26 ਦਸੰਬਰ 1899)

ਭਾਰਤ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਵੇਖਣਾ ਲੋਚਦਾ ਆਜ਼ਾਦੀ ਦਾ ਪਰਵਾਨਾ। ਸਮਾਜਿਕ ਬਰਾਬਰੀ ਤੇ ਹੱਕ ਸੱਚ ਨਾਲ ਖੜ੍ਹਨ ਵਾਲਾ ਊਧਮ ਸਿੰਘ ਅਮਰੀਕਾ ਵਸਦਿਆਂ ਗਦਰ ਪਾਰਟੀ ਦੇ ਪ੍ਰਭਾਵ ਹੇਠ ਆਇਆ। ਗ਼ਦਰ ਪਾਰਟੀ ਨੇ ਉਸਦੀ ਡਿਊਟੀ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਗ਼ਦਰੀਆਂ ਦੇ ਗੁਪਤ ਟਿਕਾਣਿਆਂ 'ਤੇ ਪਹੁੰਚਾਉਣ ਤੇ ਪਾਰਟੀ ਲਈ ਫੰਡ ਇਕੱਠਾ ਕਰਨ 'ਤੇ ਲਗਾਈ।

ਨੌਜਵਾਨ ਭਾਰਤ ਸਭਾ ਦੀ ਕਾਨਫਰੰਸ ਵਿੱਚ ਬੋਲਦਿਆਂ ਆਖਿਆ, "ਇਨਕਲਾਬ ਦੇ ਅਰਥ ਹਨ, ਬਦੇਸ਼ੀ ਖ਼ੂਨੀ ਜਬਾੜਿਆਂ ਤੋਂ ਛੁਟਕਾਰਾ। ਲੁੱਟ ਖਸੁੱਟ ਤੇ ਉਸ ਨਿਜ਼ਾਮ ਦਾ ਅੰਤ ਜੋ ਅਮੀਰ ਨੂੰ ਹੋਰ ਅਮੀਰ ਤੇ ਗਰੀਬ ਨੂੰ ਕੰਗਾਲੀ ਦੇ ਪੁੜਾਂ ਵਿੱਚ ਪੀਸੇ ਜਾਣ ਲਈ ਮਜਬੂਰ ਕਰਦਾ ਸੀ। ਸਾਮਰਾਜੀ ਨਿਜ਼ਾਮ ਕਾਰਣ ਲਖੂਖਾਂ ਕਿਰਤੀ ਕੁੱਲੀ, ਜੁੱਲੀ, ਵਿੱਦਿਆ ਤੇ ਇਲਾਜ ਤੱਕ ਦੀਆਂ ਬੁਨਿਆਦੀ ਲੋੜਾਂ ਦੇ ਮੁਹਤਾਜ ਹਨ। ਕਿਹੜਾ ਐਸਾ ਪੱਥਰ ਦਿਲ ਮਨੁੱਖ ਹੈ, ਕਿਰਤੀਆਂ ਕਿਸਾਨਾਂ ਦੀ ਬੇਵਸੀ ਤੇ ਲਾਚਾਰੀ ਨੂੰ ਵੇਖ ਜਿਸ ਦਾ ਖ਼ੂਨ ਉਬਲ ਨਹੀਂ ਪੈਂਦਾ। ਕਹਿਰ ਹੈ ਯਾਰੋ! ਜਿਹੜਾ ਆਪਣੀ ਜ਼ਿੰਦਗੀ ਤੇ ਖ਼ੂਨ ਨਾਲ ਸਰਮਾਏਦਾਰੀ ਦੇ ਮਹੱਲ ਉਸਾਰਦਾ ਹੈ ਉਹ ਆਪ ਵਿੱਢੋਂ ਖ਼ਾਲੀ ਤੇ ਕੇਵਲ ਆਕਾਸ਼ ਦੀ ਛੱਤ ਹੇਠ ਸੌਂਵੇਂ ਅਜਿਹੇ ਨਿਜ਼ਾਮ ਨੂੰ ਸਾੜ ਕੇ ਸੁਆਹ ਕਿਉਂ ਨਹੀਂ ਕਰ ਦਿੱਤਾ ਜਾਂਦਾ। ਹੁਣ ਤਾਂ ਇਨਕਲਾਬ, ਇਨਕਲਾਬ ਦੇ ਵਹਿਣ 'ਤੇ ਖੜ੍ਹਾ ਹੈ। ਅਸੀਂ ਕਰੋੜਾਂ ਲੋਕੀਂ ਜਿਹੜੇ ਬਦੇਸ਼ੀ ਅੱਗ ਵਿੱਚ ਧੁਖ ਰਹੇ ਹਾਂ। ਜੇਕਰ ਅਸੀਂ ਕਿਸਮਤ ਦੇ ਆਪ ਕਰਿੰਦੇ ਬਣ ਜਾਈਏ ਤਾਂ ਇਸ ਦਾ ਸਿੱਟਾ ਇਨਕਲਾਬ ਹੋਏਗਾ ਅਤੇ ਇਹੋ ਇਨਕਲਾਬ ਸਾਡੀ ਆਜ਼ਾਦੀ ਦੀ ਜ਼ਾਮਨੀ ਹੈ।"

"ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖਤਾ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰਕੇ ਰਹਾਂਗੇ।"

**ਜਦੋ ਵੀ ਜੁੜ ਗਈ ਸ਼ਕਤੀ ਇਨ੍ਹਾਂ ਬੇਜੋੜ ਬਾਹਾਂ ਦੀ ।** ... ਹਰਦਮ ਮਾਨ

## ਵਕਤ ਦੇ ਬੋਲ



ਵੇਖ ਨੱਪ ਲਈ ਉਡਾਰੀ ਤੇਰੀ ਜਾਲ਼ ਨੇ
ਚੋਗਾ ਪਾ ਕੇ ਆਟੇ ਦਾਲ ਦਾ।

*****

ਰੰਗ ਚਿੱਟੇ ਨਾਲੋਂ ਗੋਰਾ ਚੰਗਾ ਲੱਗਦਾ
ਭਗਵੇਂ ਤੋਂ ਚਿੱਟਾ ਫੱਬਦਾ।

*****

ਗਧੀ ਗੇੜ ਦੀ ਬਿਮਾਰੀ ਚੰਦਰੀ
ਰੋਗੀ ਹੋ ਗਏ ਵੈਦ ਦੇਸ਼ ਦੇ।

*****

'ਵਾਜਾਂ ਮਾਰਦੇ ਤਰਕਸ਼ੀਲ ਤੈਨੂੰ
ਤੂੰ ਰੁਕ ਜਰਾ ਗੱਲ ਸੁਣ ਜਾ।

*****

ਏਕਾ ਘੋਲ਼ ਕੇ ਘੋਲ਼ਾਂ ਵਿਚ ਪੀ ਲੈ
ਤੇ ਦੋ ਬੂੰਦ ਸੰਗਰਾਮ ਦੇ।

**ਅਮੋਲਕ ਸਿੰਘ**
**98788 68710**

## ਪੁਸਤਕ 'ਮੰਤਰ'

ਪੁਸਤਕਾਂ ਪੜ੍ਹਨ ਦੀ ਆਦਤ ਨਾਲ਼ ਪਾਪਾ ਦਾ ਵਰਤ ਵਿਹਾਰ ਬਿਲਕੁਲ ਬਦਲ ਗਿਆ। ਉਨ੍ਹਾਂ ਦੇ ਸੁਭਾਅ ਵਿੱਚ ਸਹਿਜਤਾ ਆਈ। ਗੁੱਸਾ ਛੱਡ ਨਿਮਰਤਾ ਨਾਲ ਗੱਲ ਕਰਨ ਲੱਗੇ। ਘਰ ਵਿੱਚ ਲੜਾਈ ਝਗੜੇ ਦੀ ਥਾਂ ਸਾਂਝ ਸਨੇਹ ਨੇ ਮੱਲ ਲਈ। ਮੇਰੇ ਮੰਮਾ ਦੀ ਖੁਸ਼ੀ ਦਾ ਤਾਂ ਕੋਈ ਟਿਕਾਣਾ ਹੀ ਨਹੀਂ ਰਿਹਾ। ਉਹ ਕਹਿੰਦੇ, ਤੇਰੇ ਪਾਪਾ ਨੂੰ ਸਿੱਧੇ ਰਾਹ ਲਿਆਉਣ ਲਈ ਮੈਂ ਕੀ ਨਹੀਂ ਕੀਤਾ; ਹਰ ਡੇਰੇ, ਤਾਂਤਰਿਕ, ਪੁੱਛਾਂ ਦੇਣ ਵਾਲੇ, ਕਾਲਾ ਇਲਮ ਵਾਲੇ ਦੇ ਦਰਾਂ 'ਤੇ ਗਈ। ਧਾਰਮਿਕ ਸਥਾਨਾਂ 'ਤੇ ਜਾ ਕੇ ਸੁੱਖਣਾਂ, ਅਰਜ਼ੋਈਆਂ ਕੀਤੀਆਂ। ਪਰ ਕਿਤੋਂ ਵੀ ਢੋਈ ਨੀਂ ਮਿਲੀ। ਕਿਸੇ ਦਾ ਦਿੱਤਾ ਧਾਗਾ, ਤਵੀਤ, ਮੰਤਰ ਕੰਮ ਨਹੀਂ ਆਇਆ। ਤੇਰਾ ਤਰੀਕਾ ਕਾਰ ਮੇਰੀ ਸਮਝ ਚ ਨੀਂ ਆਇਆ। ਜਿਸ ਨਾਲ ਤੇਰੇ ਪਾਪਾ ਦੀ ਕਾਇਆ ਕਲਪ ਹੋ ਗਈ। ਮੇਰਾ ਜੁਆਬ ਸੀ: "ਮੰਮਾ ਜੀ, ਇਹ ਪੁਸਤਕ 'ਮੰਤਰ' ਹੈ। ਜਿਹੜਾ ਜਿਉਣ ਜਾਚ ਸਿਖਾਉਂਦਾ ਤੇ ਰਾਹ ਰੁਸ਼ਨਾਉਂਦਾ ਹੈ।"

## ਮਿੰਨੀ ਕਹਾਣੀ — ਛੱਤੀ ਗੁਣ

"ਹਾਂ ਜੀ, ਪ੍ਰੋ. ਸਾਹਿਬ .. ਕਰਾਈਏ ਤੁਹਾਡੇ ਬੇਟੇ ਨੂੰ ਰਿਸ਼ਤਾ ਫਿਰ?" ਰਿਸ਼ਤੇ ਕਰਾਉਣ ਦੇ ਮਾਹਿਰ ਮੰਗਤ ਨੇ ਕੁਰਸੀ ਖਿੱਚ ਕੇ ਪ੍ਰੋ. ਸਾਹਿਬ ਕੋਲ ਬੈਠਦਿਆਂ ਕਿਹਾ।

ਹਾਂ..ਹਾਂ ਦੇਖੋ ਕੋਈ ਹੈ ਤਾਂ..ਪ੍ਰੋ. ਸਾਹਿਬ ਨੇ ਅਖ਼ਬਾਰ ਮੇਜ਼ 'ਤੇ ਰੱਖਦਿਆਂ ਜੁਆਬ ਦਿੱਤਾ।

"ਰਿਸ਼ਤਾ ਤਾਂ ਮੇਰੀ ਨਿਗ੍ਹਾ ਵਿੱਚ ਹੈ ਇੱਕ ਬਹੁਤ ਵਧੀਆ, ਕੁੜੀ ਬਹੁਤ ਪੜ੍ਹੀ ਲਿਖੀ ਹੈ..ਤੁਸੀਂ ਬੇਟੇ ਦੀ ਜਨਮ ਮਿਤੀ, ਸਮਾਂ ਤੇ ਸਥਾਨ ਦੱਸ ਦਿਉ, ਮੈਂ ਕਰ ਲਵਾਂਗਾ ਗੱਲ, ਉਸ ਪਰਿਵਾਰ ਨਾਲ਼।"

ਲੋੜੀਂਦੀ ਜਾਣਕਾਰੀ ਲੈ ਕੇ ਮੰਗਤ ਨੇ ਚੱਕਵੇਂ ਪੈਰੀਂ ਵਾਪਸੀ ਪਾ ਲਈ। ਹਫ਼ਤੇ ਕੁ ਬਾਅਦ ਹੀ ਮੰਗਤ ਨੇ ਪ੍ਰੋ. ਸਾਹਿਬ ਦੇ ਘਰ ਆ ਘੰਟੀ ਖੜ੍ਹਕਾਈ ਖੁਸ਼ੀ ਭਰੇ ਰੌਅ ਵਿੱਚ ਮੰਗਤ ਨੇ ਐਨਕ ਠੀਕ ਕਰਦਿਆਂ ਕਿਹਾ, "ਪ੍ਰੋ. ਸਾਹਿਬ ਬਣਗੀ ਗੱਲ, ਦੱਸੋ ਅਗਲਾ ਪ੍ਰੋਗਰਾਮ।"

"ਆਏਂ ਬਿਨਾਂ ਪੁੱਛੇ, ਦੇਖੇ ਦਿਖਾਏ ਕਿਵੇਂ ਬਣਗੀ ਗੱਲ?" ਪ੍ਰੋ. ਸਾਹਿਬ ਨੇ ਹੈਰਾਨ ਹੁੰਦਿਆਂ ਪੁੱਛਿਆ।

"ਅਸਲ ਵਿੱਚ ਪ੍ਰੋ. ਸਾਹਿਬ ਕੁੜੀ ਵਾਲਿਆਂ ਨੇ ਆਪਣੀ ਬੇਟੀ ਤੇ ਤੁਹਾਡੇ ਬੇਟੇ ਦਾ ਜਨਮ ਵੇਰਵਾ ਸ਼ਹਿਰ ਦੇ ਮਸ਼ਹੂਰ ਜੋਤਿਸ਼ੀ ਨੂੰ ਦਿਖਾਇਆ ਸੀ। ਉਸਦਾ ਕਹਿਣਾ ਹੈ ਕਿ ਦੋਹਾਂ ਦੇ ਛੱਤੀ ਦੇ ਛੱਤੀ ਗੁਣ ਮਿਲਦੇ ਹਨ, ਹੁਣ ਤਾਂ ਬੱਸ ਗੱਲ ਅੱਗੇ ਵਧਾਓ "

"ਯਾਰ ਮੰਗਤ, ਆਪਾਂ ਨੀ ਕਰਨਾ ਇੱਥੇ ਰਿਸ਼ਤਾ।" ਪ੍ਰੋ. ਸਾਹਿਬ ਨੇ ਸਿਰ ਫ਼ੇਰਿਆ।

"ਪ੍ਰੋ. ਸਾਹਿਬ ਕਮਲੇ ਹੋ ਗਏ ਤੁਸੀਂ? ਹੋਰ ਕੀ ਭਾਲਦੇ ਹੋ, ਮੁੰਡੇ ਕੁੜੀ ਦੇ ਸਾਰੇ ਦੇ ਸਾਰੇ ਗੁਣ ਤਾਂ ਮਿਲੀ ਜਾਂਦੇ ਹਨ।"

"ਓਏ ਮੰਗਤ ਭਰਾਵਾ, ਰਿਸ਼ਤੇ ਜੋੜਨ ਤੋਂ ਪਹਿਲਾਂ ਸੌ ਵਾਰ ਸੋਚਣਾ ਪੈਂਦਾ। ਅਗਲਿਆਂ ਦੀ ਕੁੜੀ ਏਨਾ ਪੜ੍ਹੀ ਹੈ ਤੇ ਆਪਾਂ ਨੂੰ ਆਪਣੇ ਆਲੇ ਬਾਰੇ ਕਿਹੜਾ ਕੋਈ ਭੁੱਲ ਹੈ। ਪਲੱਸ ਟੂ ਇਹ ਪਾਸ ਨੀਂ ਕਰ ਸਕਿਆ, ਨਸ਼ਾ ਪੱਤਾ ਕੋਈ ਛੱਡਦਾ ਨੀਂ। ਜੋਤਿਸ਼ੀ ਤਾਂ ਮਿਲਾਊਗਾ ਹੀ ਛੱਤੀ ਦੇ ਛੱਤੀ ਗੁਣ। ਗੱਲਾਂ ਵਿੱਚ ਭਰਮਾ ਕੇ ਲੁੱਟਣਾ, ਅਗਲੇ ਦਾ ਤਾਂ ਧੰਦਾ ਹੈ।" ਪ੍ਰੋ. ਸਾਹਿਬ ਦੀ ਦਲੀਲ ਤੋਂ ਨਿਰਉੱਤਰ ਹੋਇਆ ਮੰਗਤ ਚੁੱਪ ਚਾਪ ਆਪਣੀ ਸਕੂਟਰੀ ਵੱਲ ਹੋ ਤੁਰਿਆ।



**ਕੁਲਦੀਪ ਮਾਣੂੰਕੇ**
**98147 22408**



ਵਿਦਿਆਰਥੀਆਂ ਲਈ

# ਬਾਲ ਪੰਨਾ

-ਬੂਟਾ ਸਿੰਘ ਵਾਕਫ਼



## ਤਿਤਲੀਆਂ ਅਤੇ ਪਤੰਗੇ

ਫੁੱਲਾਂ ਦੁਆਲੇ ਰੰਗ ਬਿਰੰਗੀਆਂ ਤਿਤਲੀਆਂ ਉਡਦੀਆਂ ਸਭ ਨੂੰ ਸੋਹਣੀਆਂ ਲਗਦੀਆਂ ਹਨ। ਤਿਤਲੀਆਂ ਅਤੇ ਪਤੰਗੇ ਉੱਡਣ ਵਾਲੇ ਕੀੜਿਆਂ ਦੀ ਪ੍ਰਜਾਤੀ ਨਾਲ ਸਬੰਧ ਰੱਖਦੇ ਹਨ। ਇਹ ਵਿਗਿਆਨਕ ਨਾਂ ਲੇਪੀਡੋਪਟੇਰਾ ਨਾਲ ਸਬੰਧਤ ਹਨ, ਜਿਸ ਦਾ ਅਰਥ ਹੈ 'ਖੰਭਾਂ ਵਾਲਾ ਕੀੜਾ'।

**ਕੀਟਾਂ ਦਾ ਜੀਵਨ ਚੱਕਰ ਕਿਹੋ ਜਿਹਾ ਹੁੰਦਾ ਹੈ ?**

ਤਿਤਲੀਆਂ ਅਤੇ ਪਤੰਗੇ ਜੀਵਨ ਦੇ ਚਾਰ ਪੜਾਵਾਂ ਵਿੱਚੋਂ ਲੰਘਦੇ ਹਨ: ਅੰਡੇ, ਲਾਰਵਾ (ਕੇਟਰਪਿਲਰ), ਪਿਊਪਾ (ਕ੍ਰਿਸਲਿਸ), ਅਤੇ ਬਾਲਗ। ਇਨ੍ਹਾਂ ਪੜਾਵਾਂ ਵਿੱਚੋਂ ਲੰਘਣਾ ਕਿਸੇ ਕੀਟ ਦੇ ਪੂਰਨ ਰੂਪਾਂਤਰ ਵਜੋਂ ਜਾਣਿਆ ਜਾਂਦਾ ਹੈ



ਜੀਵਨ ਦਾ ਪਹਿਲਾ ਪੜਾਅ ਆਂਡਾ ਹੈ। ਮਾਦਾ ਬਹੁਤ ਸਾਰੇ ਅੰਡੇ ਦਿੰਦੀ ਹੈ। ਕੁੱਝ ਪ੍ਰਜਾਤੀਆਂ ਸੌ ਤੋਂ ਘੱਟ ਅਤੇ ਕੁੱਝ ਇੱਕ ਹਜਾਰ ਤੋਂ ਵੱਧ ਅੰਡੇ ਦਿੰਦੀਆਂ ਹਨ। ਦੂਜੇ ਪੜਾਅ ਵਿੱਚ ਅੰਡੇ ਛੋਟੇ ਲਾਰਵੇ ਵਿੱਚ ਨਿਕਲਦੇ ਹਨ ਜਿਨ੍ਹਾਂ ਨੂੰ ਕੈਟਰਪਿਲਰ ਕਿਹਾ ਜਾਂਦਾ ਹੈ । ਕੈਟਰਪਿਲਰ ਅਕਸਰ ਕੀਟ ਬਣ ਜਾਂਦੇ ਹਨ। ਮਾਦਾ ਆਮ ਤੌਰ 'ਤੇ ਉਸ ਕਿਸਮ ਦੇ ਪੌਦੇ 'ਤੇ ਆਪਣੇ ਅੰਡੇ ਦਿੰਦੀ ਹੈ ਜਿਸ ਨੂੰ ਕੈਟਰਪਿਲਰ ਭੋਜਨ ਲਈ ਵਰਤਦੇ ਹਨ। ਪੂਰਾ ਵਧਿਆ ਹੋਇਆ ਕੈਟਰਪਿਲਰ ਪਿਊਪਾ ਵਿੱਚ ਬਦਲਣ ਲਈ ਤਿਆਰ ਹੁੰਦਾ ਹੈ। ਇਸ ਤੀਜੇ ਪੜਾਅ 'ਤੇ ਤਿਤਲੀਆਂ ਅਤੇ ਪਤੰਗੇ ਵੱਖਰੇ ਹੁੰਦੇ ਹਨ। ਪਿਊਪਾ ਇੱਕ ਸਖ਼ਤ, ਗੂੜ੍ਹੇ, ਤੇ ਚਿਪਚਿਪੇ ਪਦਾਰਥ ਨਾਲ ਢਕਿਆ ਹੁੰਦਾ ਹੈ ਜੋ ਇਸ ਨੂੰ ਠੰਡੇ ਅਤੇ ਨਮੀ ਅਤੇ ਹੋਰ ਕੀੜਿਆਂ ਦੇ ਹਮਲਿਆਂ ਤੋਂ ਬਚਾਉਂਦਾ ਹੈ। ਕੋਕੂਨ ਵਿੱਚ ਬਿਤਾਇਆ ਸਮਾਂ ਤਿਤਲੀ ਜਾਂ ਕੀਟ ਦੀ ਕਿਸਮ ਸਮੇਂ ਦੇ ਨਾਲ ਬਦਲਦਾ ਰਹਿੰਦਾ ਹੈ। ਇਹ ਹਫ਼ਤੇ ਜਾਂ ਮਹੀਨੇ ਦੇ ਹੋ ਸਕਦੇ ਹਨ। ਪਿਊਪਾ ਜ਼ਿੰਦਾ ਦਿਖਾਈ ਨਹੀਂ ਦਿੰਦਾ, ਪਰ ਤਬਦੀਲੀਆਂ ਹੋ ਰਹੀਆਂ ਹੁੰਦੀਆਂ ਹਨ। ਕੈਟਰਪਿਲਰ ਦੇ ਜ਼ਿਆਦਾਤਰ ਅੰਗ ਅਤੇ ਹੋਰ ਟਿਸ਼ੂ ਟੁੱਟ ਜਾਂਦੇ ਹਨ, ਅਰਧ ਤਰਲ ਵਿੱਚ ਬਦਲ ਜਾਂਦੇ ਹਨ। ਇਸ ਸਮੱਗਰੀ ਤੋਂ ਬਾਲਗ ਦੇ ਖੰਭ, ਲੱਤਾਂ ਅਤੇ ਹੋਰ ਹਿੱਸੇ ਬਣਦੇ ਹਨ। ਆਖਰਕਾਰ ਬਾਲਗ ਕੀਟ ਪਿਊਪਾ ਕਵਰ ਨੂੰ ਛੱਡਣ ਲਈ ਤਿਆਰ ਹੋ ਜਾਂਦਾ ਹੈ। ਕੀਟ ਦੁਆਰਾ ਖ਼ੁਦ ਨੂੰ ਮੁਕਤ ਕਰਨ ਤੋਂ ਬਾਅਦ, ਇਹ ਗਿੱਲਾ ਹੁੰਦਾ ਹੈ ਅਤੇ ਇਸਦੇ ਖੰਭ ਨਰਮ ਹੁੰਦੇ ਹਨ। ਇਹ ਹਵਾ ਨੂੰ ਨਾੜੀਆਂ ਵਿੱਚ ਪੰਪ ਕਰਨ ਲਈ ਖੰਭਾਂ ਨੂੰ ਹੌਲੀ-ਹੌਲੀ ਹਰਕਤ ਵਿੱਚ ਲਿਆਉਂਦਾ ਹੈ। ਹੌਲੀ-ਹੌਲੀ, ਖੰਭ ਫੈਲਦੇ ਅਤੇ ਸਖ਼ਤ ਹੁੰਦੇ ਜਾਂਦੇ ਹਨ। ਕੁੱਝ ਘੰਟਿਆਂ ਵਿੱਚ ਬਾਲਗ ਕੀਟ ਉੱਡਣ ਅਤੇ ਜੀਵਨ ਸਾਥੀ ਦੀ ਭਾਲ ਕਰਨ ਲਈ ਤਿਆਰ ਹੋ ਜਾਂਦਾ ਹੈ ਜ਼ਿਆਦਾਤਰ ਬਾਲਗ ਕੀਟ ਦੋ ਤੋਂ ਛੇ ਹਫ਼ਤਿਆਂ ਤੱਕ ਜਿਉਂਦੇ ਹਨ। ਹਾਲਾਂਕਿ, ਕੁਝ ਸਿਰਫ਼ ਕੁੱਝ ਦਿਨ ਜੀਉਂਦੇ ਹਨ, ਅਤੇ ਕੁੱਝ 10 ਮਹੀਨਿਆਂ ਤੱਕ ਜੀ ਸਕਦੇ ਹਨ।

**ਸੰਸਾਰ ਵਿੱਚ ਇਨ੍ਹਾਂ ਕੀਟਾਂ ਦੀਆਂ ਕਿਸਮਾਂ ਅਤੇ ਵੰਡ ਕਿਸ ਪ੍ਰਕਾਰ ਦੀ ਹੈ ?**

ਸੰਸਾਰ ਭਰ ਵਿੱਚ ਤਿਤਲੀਆਂ ਅਤੇ ਪਤੰਗਿਆਂ ਦੀਆਂ ਲਗਭਗ 180,000 ਕਿਸਮਾਂ ਪਾਈਆਂ ਜਾਂਦੀਆਂ ਹਨ। ਤਿਤਲੀਆਂ ਅਤੇ ਪਤੰਗੇ ਪੂਰੀ ਦੁਨੀਆਂ ਵਿੱਚ ਮਿਲਦੇ ਹਨ। ਫੁੱਲਾਂ ਦੀਆਂ ਵਾਦੀਆਂ ਵਾਲੇ ਖੇਤਰਾਂ, ਉੱਚੇ ਬਰਫੀਲੇ ਪਹਾੜੀ ਖੇਤਰਾਂ, ਰੇਗਿਸਤਾਨਾਂ ਅਤੇ ਗਰਮ, ਭਾਫ਼ ਵਾਲੇ ਜੰਗਲਾਂ ਵਿੱਚ ਇਹ ਕੀਟ ਮਿਲਦੇ ਹਨ। ਸਭ ਤੋਂ ਵੱਧ ਕਿਸਮਾਂ ਅਤੇ ਗਿਣਤੀ ਗਰਮ ਦੇਸ਼ਾਂ ਵਿੱਚ ਮਿਲਦੀ ਹੈ।

**ਕੀਟਾਂ ਦੀਆਂ ਭੌਤਿਕ ਵਿਸ਼ੇਸ਼ਤਾਵਾਂ ਕਿਹੋ ਜਿਹੀਆਂ ਹੁੰਦੀਆਂ ਹਨ ?**

ਤਿਤਲੀਆਂ ਅਤੇ ਪਤੰਗੇ ਇੱਕੋ ਜਿਹੇ ਦਿਖਾਈ ਦਿੰਦੇ ਹਨ। ਆਮ ਤੌਰ 'ਤੇ ਤਿਤਲੀਆਂ ਵਧੇਰੇ ਨਾਜ਼ੁਕ ਹੁੰਦੀਆਂ ਹਨ। ਸਾਰੇ ਕੀੜੇ-ਮਕੌੜਿਆਂ ਵਾਂਗ, ਤਿਤਲੀਆਂ ਅਤੇ ਪਤੰਗਿਆਂ ਦੀਆਂ ਲੱਤਾਂ ਦੇ ਤਿੰਨ ਜੋੜੇ ਅਤੇ ਇੱਕ ਸਰੀਰ ਹੁੰਦਾ ਹੈ ਜੋ ਤਿੰਨ ਭਾਗਾਂ ਵਿੱਚ ਵੰਡਿਆ ਜਾਂਦਾ ਹੈ-ਸਿਰ, ਛਾਤੀ ਅਤੇ ਪੇਟ। ਸਿਰ ਵਿੱਚ ਮੁੱਖ ਸੰਵੇਦੀ ਅਤੇ ਭੋਜਨ ਕਰਨ ਵਾਲੇ ਅੰਗ ਹੁੰਦੇ ਹਨ।



ਸਰੀਰ ਦਾ ਮੱਧ ਭਾਗ, ਮੁੱਖ ਤੌਰ 'ਤੇ ਲੋਕੋਮੋਸ਼ਨ ਨਾਲ ਸਬੰਧਤ ਹੈ। ਇਸ ਵਿੱਚ ਖੰਭ ਅਤੇ ਲੱਤਾਂ ਸ਼ਾਮਲ ਹਨ। ਖੰਭਾਂ ਦੇ ਦੋ ਜੋੜੇ ਹੁੰਦੇ ਹਨ। ਮੂਹਰਲਾ ਜੋੜਾ ਆਮ ਤੌਰ 'ਤੇ ਵੱਡਾ ਹੁੰਦਾ ਹੈ। ਪੇਟ ਵਿੱਚ ਪਾਚਨ, ਨਿਕਾਸ ਅਤੇ ਪ੍ਰਜਨਨ ਦੇ ਮੁੱਖ ਅੰਗ ਹੁੰਦੇ ਹਨ।

ਤਿਤਲੀਆਂ ਅਤੇ ਪਤੰਗੇ ਬਹੁਤ ਸਾਰੇ ਅਕਾਰ ਵਿੱਚ ਮਿਲਦੇ ਹਨ। ਕੁੱਝ ਕੀੜਿਆਂ ਦੇ ਖੰਭ 4 ਮਿਲੀਮੀਟਰ ਤੱਕ ਛੋਟੇ ਹੁੰਦੇ ਹਨ। ਸਭ ਤੋਂ ਛੋਟੀਆਂ ਤਿਤਲੀਆਂ ਵਿੱਚੋਂ ਇੱਕ ਉੱਤਰੀ ਅਮਰੀਕਾ ਵਿੱਚ ਪਾਈ ਜਾਣ ਵਾਲੀ 'ਪਿਗਮੀ ਨੀਲੀ' ਹੈ ਸਭ ਤੋਂ ਵੱਡੇ ਕੀੜੇ ਅਤੇ ਤਿਤਲੀਆਂ ਦੇ ਖੰਭ ਲਗਭਗ 30 ਸੈਂਟੀਮੀਟਰ ਤੱਕ ਹੁੰਦੇ ਹਨ। ਇਨ੍ਹਾਂ ਵਿੱਚ ਪਾਪੂਆ ਨਿਊ ਗਿਨੀ ਵਿੱਚ ਪਾਈ ਜਾਂਦੀ ਰਾਣੀ ਅਲੈਗਜੈਂਡਰਾ ( Ornithoptera Alexandrae ), ਅਤੇ ਦੱਖਣ-ਪੂਰਬੀ ਏਸ਼ੀਆ ਦੇ ਐਟਲਸ ਕੀੜਾ ( Attacus Atlas ) ਸ਼ਾਮਲ ਹਨ। ਆਮ ਤੌਰ 'ਤੇ ਮਾਦਾ ਤਿਤਲੀਆਂ ਨਰ ਨਾਲੋਂ ਵੱਡੀਆਂ ਹੁੰਦੀਆਂ ਹਨ।

ਤਿਤਲੀਆਂ ਦੇ ਖੰਭ ਚਮਕਦਾਰ ਰੰਗ ਅਤੇ ਸ਼ਾਨਦਾਰ ਨਮੂਨੇ ਵਾਲੇ ਹੰਦੇ ਹਨ ਜਦੋਂ ਕਿ ਪਤੰਗਿਆਂ ਦਾ ਰੰਗ ਗੂੜਾ ਹੁੰਦਾ ਹੈ। ਇਨ੍ਹਾਂ ਦੇ ਐਂਟੀਨਾ ਵਿੱਚ ਗੰਧ ਦਾ ਪਤਾ ਲਗਾਉਣ ਲਈ ਮਾਈਕ੍ਰੋਸਕੋਪਿਕ ਰੀਸੈਪਟਰ ਹੁੰਦੇ ਹਨ। ਤਿਤਲੀਆਂ ਅਤੇ ਪਤੰਗਿਆਂ ਦੇ ਸਿਰ 'ਤੇ ਅੱਖਾਂ ਦਾ ਇੱਕ ਜੋੜਾ ਹੁੰਦਾ ਹੈ ਹਰੇਕ ਮਿਸਰਿਤ ਅੱਖ ਲੈਨਜ਼ਾਂ ਵਰਗੇ ਛੋਟੇ ਛੋਟੇ ਅਨੇਕਾਂ ਅਕਾਰਾਂ ਤੋਂ ਬਣੀ ਹੁੰਦੀ ਹੈ। ਹਰੇਕ ਆਕਾਰ ਇੱਕ ਵੱਖਰਾ ਚਿੱਤਰ ਪ੍ਰਾਪਤ ਕਰਨ ਦੇ ਸਮਰੱਥ ਹੁੰਦਾ ਹੈ। ਕੀੜੇ ਦਾ ਦਿਮਾਗ ਇਹਨਾਂ ਸਾਰੀਆਂ ਤਸਵੀਰਾਂ ਨੂੰ ਇੱਕ ਸੰਪੂਰਨ ਤਸਵੀਰ ਵਜੋਂ ਗ੍ਰਹਿਣ ਕਰਦਾ ਹੈ। ਮਿਸ਼ਰਿਤ ਅੱਖਾਂ ਤੋਂ ਇਲਾਵਾ, ਜ਼ਿਆਦਾਤਰ ਕੀੜਿਆਂ ਕੋਲ ਸਧਾਰਨ ਅੱਖਾਂ ਦਾ ਇੱਕ ਜੋੜਾ ਹੁੰਦਾ ਹੈ। ਇਹ ਅੱਖਾਂ ਰੋਸ਼ਨੀ ਨੂੰ ਮਹਿਸੂਸ ਕਰਨ ਦੇ ਯੋਗ ਹੁੰਦੀਆਂ ਹਨ ਪਰ ਦਿਮਾਗ ਵਿੱਚ ਚਿੱਤਰ ਨਹੀਂ ਬਣਾ ਸਕਦੀਆਂ।



**ਸਧਾਰਨ ਤੌਰ 'ਤੇ ਕੀਟ ਕਿਹੋ ਜਿਹਾ ਵਿਵਹਾਰ ਕਰਦੇ ਹਨ?**

ਤਿਤਲੀਆਂ ਦਿਨ ਦੀ ਰੌਸ਼ਨੀ ਦੌਰਾਨ ਸਰਗਰਮ ਰਹਿੰਦੀਆਂ ਹਨ, ਜਦੋਂ ਕਿ ਜ਼ਿਆਦਾਤਰ ਕੀਟ ਦਿਨ ਵੇਲੇ ਆਰਾਮ ਕਰਦੇ ਹਨ ਜਾਂ ਲੁਕ ਛਿਪ ਜਾਂਦੇ ਹਨ। ਅਜਿਹੇ ਕੀਟ ਰਾਤ ਸਮੇਂ ਕਿਰਿਆਸ਼ੀਲ ਹੁੰਦੇ ਹਨ। ਤਿਤਲੀ ਅਤੇ ਪਤੰਗਿਆਂ ਦੀਆਂ ਕਿਸਮਾਂ ਇੱਕ ਖਾਸ ਪੌਦੇ 'ਤੇ ਅੰਡੇ ਦਿੰਦੀਆਂ ਹਨ। ਅੰਡੇ ਵਿਚੋਂ ਲਾਰਵਾ ਨਿਕਲਦਾ ਹੈ। ਜ਼ਿਆਦਾਤਰ ਬਾਲਗ ਤਿਤਲੀਆਂ ਆਪਣੇ ਭੋਜਨ ਸਰੋਤਾਂ ਨੂੰ ਨਜ਼ਰ ਦੁਆਰਾ ਲੱਭਦੀਆਂ ਹਨ, ਜਦੋਂ ਕਿ ਪਤੰਗੇ ਸੁਗੰਧ ਦੀ ਵਰਤੋਂ ਕਰਦੇ ਹਨ। ਇਹ ਫੁੱਲਾਂ ਦੇ ਰਸ ਅਤੇ ਪੌਦਿਆਂ ਦੇ ਹੋਰ ਤਰਲ ਪਦਾਰਥ ਨੂੰ ਚੂਸਦੇ ਹਨ। ਮੂੰਹ ਅੰਦਰ ਇੱਕ ਲੰਬੀ ਪਤਲੀ ਚੂਸਣ ਵਾਲੀ ਨਲੀ ਹੁੰਦੀ ਹੈ ਜਿਸ ਨੂੰ ਪ੍ਰੋਬੋਸਿਸ ਕਿਹਾ ਜਾਂਦਾ ਹੈ। ਕੁੱਝ ਤਿਤਲੀਆਂ ਅਤੇ ਪਤੰਗਿਆਂ ਦੀ ਨਲੀ ਦੇ ਸਿਰੇ 'ਤੇ ਸਖ਼ਤ ਹੱਡੀ ਹੁੰਦੀ ਹੈ ਜੋ ਪੱਕੇ ਹੋਏ ਫਲਾਂ ਦੇ ਪੌਦਿਆਂ ਦੇ ਟਿਸ਼ੂਆਂ ਨੂੰ ਪਾੜ ਦਿੰਦੀਆਂ ਹਨ ਜਿਸ ਨਾਲ ਫਲਾਂ ਵਿਚੋਂ ਰਸ ਵਗਣਾ ਸ਼ੁਰੂ ਹੋ ਜਾਂਦਾ ਹੈ।

ਇਹ ਕੀਟ ਰਸ ਦੀ ਭਾਲ ਵਿਚ ਫੁੱਲਾਂ 'ਤੇ ਆਉਂਦੇ ਹਨ, ਪੌਦੇ ਦੇ ਨਰ ਹਿੱਸੇ ਚੋਂ ਪਰਾਗ ਨੂੰ ਚੁੱਕ ਲੈਂਦੇ ਹਨ । ਫਿਰ ਹੋਰਨਾਂ ਫੁੱਲਾਂ ਵੱਲ ਉੱਡ ਜਾਂਦੇ ਹਨ ਅਤੇ ਪਰਾਗ ਨੂੰ ਪੌਦੇ ਦੇ ਮਾਦਾ ਹਿੱਸੇ ਵਿੱਚ ਤਬਦੀਲ ਕਰਦੇ ਹਨ। ਇਸ ਪ੍ਰਕਿਰਿਆ ਨੂੰ ਪਰਾਗਣ ਕਿਰਿਆ ਕਿਹਾ ਜਾਂਦਾ ਹੈ।

**ਕੀਟ ਕਿਸੇ ਖ਼ਤਰੇ ਵਿਰੁੱਧ ਖੁਦ ਨੂੰ ਕਿਵੇਂ ਸੁਰੱਖਿਅਤ ਰੱਖਦੇ ਹਨ?**

ਤਿਤਲੀਆਂ ਅਤੇ ਪਤੰਗਿਆਂ ਦੇ ਬਹੁਤ ਸਾਰੇ ਦੁਸ਼ਮਣ ਹੁੰਦੇ ਹਨ, ਜਿਵੇਂ ਕਿ ਪੰਛੀ, ਮੱਕੜੀ, ਕਿਰਲੀਆਂ ਅਤੇ ਚੂਹੇ ਆਦਿ। ਇਸ ਤਰ੍ਹਾਂ ਤਿਤਲੀਆਂ ਅਤੇ ਪਤੰਗਿਆਂ ਕੋਲ ਸ਼ਿਕਾਰੀਆਂ ਤੋਂ ਬਚਾਅ ਲਈ ਕਈ ਵੱਖੋ-ਵੱਖਰੇ ਬਚਾਅ ਤੰਤਰ ਹੁੰਦੇ ਹਨ। ਬਹੁਤ ਸਾਰੇ ਸਮੂਹਾਂ ਦੇ ਬਾਲਗ, ਜਿਨ੍ਹਾਂ ਨੂੰ ਕਪਤਾਨ ਦੇ ਨਾਂ ਨਾਲ ਜਾਣਿਆ ਜਾਂਦਾ ਹੈ, ਦੀ ਉਡਾਣ ਤੇਜ਼ ਅਤੇ ਅਨਿਯਮਿਤ ਹੁੰਦੀ ਹੈ ਜੋ ਉਹਨਾਂ ਨੂੰ ਸ਼ਿਕਾਰੀਆਂ ਤੋਂ ਦੂਰ ਰਹਿਣ ਦੀ ਚੇਤਾਵਨੀ ਦਿੰਦੀ ਹੈ। ਅਨੇਕਾਂ ਕਿਸਮਾਂ ਖੁਦ ਨੂੰ ਸ਼ਿਕਾਰੀਆਂ ਤੋਂ ਛੁਪਾਉਣ ਦਾ ਪ੍ਰਬੰਧ ਕਰਦੀਆਂ ਹਨ। ਕੁੱਝ ਕੈਟਰਪਿਲਰ ਦਿਨ ਵੇਲੇ ਪੱਤਿਆਂ ਅਤੇ ਟਾਹਣੀਆਂ ਵਿੱਚ ਛੁਪਦੇ ਹਨ। ਬਹੁਤ ਸਾਰੇ ਕੀਟ ਦਰਖਤਾਂ ਦੀਆਂ ਖੋਹੜਾਂ ਵਿੱਚ ਜਾਂ ਸੱਕ ਦੇ ਹੇਠਾਂ ਲੁਕ ਜਾਂਦੇ ਹਨ। ਸਰਦੀਆਂ ਦੌਰਾਨ ਕੁੱਝ ਤਿਤਲੀਆਂ ਹਾਈਬਰਨੇਟ ਹੁੰਦੀਆਂ ਹਨ ਜਾਂ ਇੱਕ ਕਿਸਮ ਦੀ ਸੁਸਤੀ ਵਿੱਚ ਚਲੀਆਂ ਜਾਂਦੀਆਂ ਹਨ। ਹਾਈਬਰਨੇਟਿੰਗ ਤਿਤਲੀਆਂ ਖੋਖਲੇ ਦਰੱਖਤਾਂ ਵਿੱਚ ਜਾਂ ਪੱਤਿਆਂ ਵਿੱਚ ਛੁਪ ਜਾਂਦੀਆਂ ਹਨ, ਜਿੱਥੇ ਉਹ ਅਹਿਲ ਲਟਕਦੀਆਂ ਹਨ। ਕੁੱਝ



ਤਿਤਲੀਆਂ ਅਤੇ ਪਤੰਗੇ ਸ਼ਿਕਾਰੀਆਂ ਤੋਂ ਛੁਪਣ ਲਈ ਸੁਰੱਖਿਆ ਰੰਗ, ਜਾਂ ਛਲਾਵੇ ਦੀ ਵਰਤੋਂ ਕਰਦੇ ਹਨ। ਸੁਰੱਖਿਆਤਮਕ ਰੰਗ ਉਦੋਂ ਵਾਪਰਦਾ ਹੈ ਜਦੋਂ ਕਿਸੇ ਜੀਵ ਦਾ ਕੁਦਰਤੀ ਰੰਗ ਜਾਂ ਪੈਟਰਨ ਇਸ ਨੂੰ ਇਸ ਦੇ ਪਿਛੋਕੜ ਨਾਲ ਮਿਲਾਉਣ ਦੇ ਸਮਰੱਥ ਹੁੰਦਾ ਹੈ। ਇਹ ਸਿਰਫ਼ ਢੁਕਵੇਂ ਮਾਹੌਲ ਵਿੱਚ ਹੀ ਕੰਮ ਕਰਦਾ ਹੈ, ਸਿਰਫ ਉਦੋਂ ਜਦੋਂ ਕੀੜੇ ਸ਼ਾਂਤ ਹੁੰਦੇ ਹਨ। ਬਹੁਤ ਸਾਰੇ ਬਾਲਗ ਕੀੜੇ ਜੋ ਦਿਨ ਸਮੇਂ ਪੱਤਿਆਂ ਦੇ ਵਿਚਕਾਰ ਜਾਂ ਦਰੱਖਤ ਦੀ ਛਿੱਲ ਵਿੱਚ ਆਰਾਮ ਕਰਦੇ ਹਨ, ਰੰਗੀਨ ਅਤੇ ਉਹਨਾਂ ਚੀਜ਼ਾਂ ਦੀ ਤਰ੍ਹਾਂ ਪੈਟਰਨ ਵਾਲੇ ਹੁੰਦੇ ਹਨ ਜਿਸ 'ਤੇ ਉਹ ਆਰਾਮ ਕਰਦੇ ਹਨ।

ਕੁੱਝ ਤਿਤਲੀਆਂ ਅਤੇ ਕੀੜੇ ਸ਼ਿਕਾਰੀਆਂ ਦਾ ਧਿਆਨ ਖਿੱਚਣ ਲਈ ਆਪਣੇ ਸਰੀਰ 'ਤੇ ਨਿਸ਼ਾਨ ਬਣਾਉਂਦੇ ਹਨ। ਇਹਨਾਂ ਨਿਸ਼ਾਨਾਂ ਵਿੱਚ ਰੰਗਦਾਰ ਚਟਾਕ ਸ਼ਾਮਲ ਹੁੰਦੇ ਹਨ ਜੋ ਅੱਖਾਂ ਦੇ ਨਾਲ ਨਾਲ ਪਿਛਲੇ ਖੰਭਾਂ 'ਤੇ ਵੀ ਹੁੰਦੇ ਹਨ। ਅਜਿਹੇ ਨਿਸ਼ਾਨ ਸ਼ਿਕਾਰੀਆਂ ਨੂੰ ਸਰੀਰ ਦੇ ਉਹਨਾਂ



ਹਿੱਸਿਆਂ ਵੱਲ ਖਿੱਚਦੇ ਹਨ ਜੋ ਸੱਟ ਲੱਗਣ ਲਈ ਘੱਟ ਕਮਜ਼ੋਰ ਹੁੰਦੇ ਹਨ। ਬਹੁਤ ਸਾਰੀਆਂ ਤਿਤਲੀਆਂ ਅਤੇ ਕੀੜੇ ਹੈਰਾਨ ਕਰਨ ਵਾਲੀਆਂ ਆਵਾਜ਼ਾਂ ਪੈਦਾ ਕਰਦੇ ਹਨ ਜੋ ਉਨ੍ਹਾਂ ਨੂੰ ਸ਼ਿਕਾਰੀਆਂ ਤੋਂ ਬਚਾਉਣ ਵਿਚ ਮੱਦਦ ਕਰਦੇ ਹਨ। ਕਈ ਕੀਟ ਪਰੇਸ਼ਾਨੀ ਜਾਂ ਖਤਰੇ ਸਮੇਂ ਚੀਕਣ ਦੀਆਂ ਆਵਾਜ਼ਾਂ ਕੱਢਦੇ ਹਨ। ਅਫ਼ਰੀਕੀ ਕੀੜਾ ਅਚੇਰੋਨਟੀਆ ਐਟਰੋਪੋਸ ਉੱਚੀ-ਉੱਚੀ ਚਹਿਕਦੀ ਆਵਾਜ਼ ਕੱਢਦਾ ਹੈ ਐਜਰੋਨੀਆ ਜੀਨਸ ਦੀਆਂ ਤਿਤਲੀਆਂ ਖੰਭਾਂ ਉੱਤੇ ਇੱਕ ਬਣਤਰ ਬਣਾ ਕੇ ਉੱਚੀ ਆਵਾਜ਼ ਕੱਢਦੀਆਂ ਹਨ। ਕੁੱਝ ਤਿਤਲੀਆਂ ਅਤੇ ਪਤੰਗਿਆਂ ਵਿੱਚ ਜ਼ਹਿਰੀਲੇ ਪਦਾਰਥ ਹੁੰਦੇ ਹਨ। ਅਜਿਹੇ ਕੀਟ ਜ਼ਹਿਰ ਪੈਦਾ ਕਰਦੇ ਹਨ ਅਤੇ ਇਸਨੂੰ ਸਰੀਰ ਵਿੱਚ ਸਟੋਰ ਕਰਦੇ ਹਨ। ਬਹੁਤ ਸਾਰੇ ਕੈਟਰਪਿਲਰ ਅਤੇ ਕੁੱਝ ਜ਼ਹਿਰੀਲੇ ਕੀਟਾਂ ਦੇ ਖੋਖਲੇ ਕੰਡੇਦਾਰ ਵਾਲ ਹੁੰਦੇ ਹਨ ਜੋ ਸੰਭਾਵੀ ਸ਼ਿਕਾਰੀਆਂ ਵਿੱਚ ਜ਼ਹਿਰੀਲੇ ਪਦਾਰਥਾਂ ਨਾਲ ਮਾਰ ਦੇਣ ਦੇ ਸਮਰੱਥ ਹੁੰਦੇ ਹਨ। ਜ਼ਹਿਰੀਲੇ ਪਦਾਰਥ ਦਰਦ ਅਤੇ ਸੋਜ ਦਾ ਕਾਰਨ ਬਣਦੇ ਹਨ। ਕੁੱਝ ਤਿਤਲੀਆਂ ਅਤੇ ਪਤੰਗੇ ਸ਼ਿਕਾਰੀਆਂ ਤੋਂ ਸੁਰੱਖਿਆ ਵਜੋਂ ਨਕਲ ਦੀ ਵਰਤੋਂ ਕਰਦੇ ਹਨ। **98762 24461**

ਤਰਕ ਦੀ ਲੋਅ:

## 'ਕਿਸਮਤ' ਨਹੀਂ ਮਿਹਨਤ !

ਪ੍ਰੀਖਿਆ ਵਾਲੇ ਦਿਨ ਬਹੁਤੇ ਵਿਦਿਆਰਥੀ ਆਪੋ ਆਪਣੇ ਮਾਪਿਆਂ ਦੇ ਵਿਸ਼ਵਾਸ ਅਨੁਸਾਰ ਖੰਡ ਖਾ ਕੇ, ਮੱਥਾ ਟੇਕ ਕੇ, ਸੁੱਖਣਾ ਸੁੱਖ ਕੇ ਆਉਂਦੇ ਹਨ। 'ਬੈਸਟ ਆਫ ਲੱਕ' ਸੁਣਦੇ ਘਰੋਂ ਤੁਰਦੇ ਹਨ। ਮਹਿੰਗੇ ਬੂਟ ਸੂਟ ਪਹਿਨ, ਘੜੀ ਪਹਿਨ ਪ੍ਰੀਖਿਆ ਵਿੱਚ ਪਹੁੰਚਦੇ ਹਨ। ਮਨ ਵਿੱਚ ਡਰ ਹੁੰਦਾ ਹੈ ਮੰਜ਼ਿਲ ਉਨ੍ਹਾਂ ਦੇ ਨੇੜਦੀ ਨਹੀਂ ਲੰਘਦੀ। ਮਿਹਨਤੀ ਵਿਦਿਆਰਥੀ ਭਾਵੇਂ ਚੱਪਲਾਂ ਪਹਿਨ ਕੇ ਆਉਣ ਪਰ ਪ੍ਰੀਖਿਆ ਪੂਰੀ ਤਿਆਰੀ ਕਰਕੇ ਆਉਂਦੇ ਹਨ। ਮਨ ਵਿੱਚ ਉਤਸ਼ਾਹ ਤੇ ਅੱਗੇ ਵਧਣ ਦੀ ਤਾਂਘ ਹੁੰਦੀ ਹੈ।

ਹੱਥਾਂ ਦੀਆਂ ਲਕੀਰਾਂ 'ਤੇ ਕਿਸਮਤ ਨਹੀਂ ਲਿਖੀ ਹੁੰਦੀ। ਕਿਸਮਤ ਤਾਂ ਹੱਥਾਂ ਨਾਲ ਖ਼ੁਦ ਲਿਖੀ ਜਾਂਦੀ ਹੈ। ਜਿੰਨ੍ਹਾਂ ਦੇ ਹੱਥ ਵੀ ਨਹੀਂ ਹੁੰਦੇ ਉਹ ਆਪਣੀ ਮਿਹਨਤ ਦੇ ਬਲਬੂਤੇ ਉੱਚੇ ਅਹੁਦੇ ਪਾਉਂਦੇ ਹਨ। ਬੁਲੰਦੀਆਂ ਨੂੰ ਛੂੰਹਦੇ ਹਨ। ਮੰਜ਼ਿਲ ਉਨ੍ਹਾਂ ਦੇ ਕਦਮਾਂ ਵਿੱਚ ਹੁੰਦੀ ਹੈ। **(ਕਹਾਣੀ ਅੰਸ਼)**

## ਗੁਹਾਰਨੀ ਦਾ ਅੰਧ ਵਿਸ਼ਵਾਸ

ਜਦੋਂ ਮੈਂ ਅਜੇ ਸੱਤ ਅੱਠ ਸਾਲ ਦਾ ਸੀ ਉਦੋਂ ਹੀ ਮੇਰੇ ਮਨ ਵਿੱਚ ਸਵਾਲ ਆਉਂਦੇ ਸਨ। ਇਕੱਲਾ ਬੈਠਾ ਮੈਂ ਸੋਚਦਾ ਰਹਿੰਦਾ ਸੀ ਕਿਉਂਕਿ ਮੇਰੇ ਨਾਲ ਹੱਸਣ ਖੇਡਣ ਵਾਲਾ ਵੀ ਕੋਈ ਖਾਸ ਨਹੀਂ ਸੀ। ਇੱਕ ਵਾਰ ਮੇਰੀ ਅੱਖ 'ਤੇ ਫਿਨਸੀ ਨਿਕਲ ਆਈ ਸੀ। ਜਿਸ ਨੂੰ ਪਿੰਡਾਂ ਚ ਗੁਹਾਰਨੀ ਕਿਹਾ ਜਾਂਦਾ ਸੀ।

ਇਹਦੇ ਇਲਾਜ ਲਈ ਮੇਰੀ ਦਾਦੀ ਨੇ ਮੈਨੂੰ ਬੇਰੀ ਦੇ ਸੱਤ ਪੱਤੇ ਸੱਤ ਵਾਰ ਛੂਹਾ ਕੇ ਉਸੇ ਬੇਰੀ 'ਤੇ ਟੰਗਣ ਨੂੰ ਕਹਿਣਾ ਮੈਂ ਭੱਜ ਕੇ ਜਾ ਕੇ ਸੱਤ ਪੱਤੇ ਟੰਗ ਆਉਣੇ ਫਿਰ ਮੈਂ ਕੁਝ ਸਮੇਂ ਬਾਅਦ ਬੇਬੇ ਨੂੰ ਕਹਿਣਾ ਅੱਖ ਠੀਕ ਤਾਂ ਹੋਈ ਨਹੀਂ। ਬੇਬੇ ਨੇ ਆਖਣਾ, ਪੁੱਤ! ਜਿਉਂ ਜਿਉਂ ਪੱਤੇ ਸੁੱਕਣਗੇ ਤਿਉਂ ਤਿਉਂ ਅੱਖ ਠੀਕ ਹੋਵੇਗੀ। ਮੈਂ ਭੱਜ ਕੇ ਜਾ ਕੇ ਪੱਤੇ ਦੇਖ ਕੇ ਆਉਣੇ ਜੋ ਅਜੇ ਪੂਰੇ ਸੁੱਕੇ ਨਹੀਂ ਸਨ। ਦਿਨ ਲੰਘ ਜਾਣਾ ਅਗਲੇ ਦਿਨ ਕੁੱਝ ਫਿਨਸੀ ਘੱਟ ਜਾਣੀ ਫਿਰ ਮੈਂ ਸੋਚਣਾ ਇਹ ਕਿਵੇਂ ਠੀਕ ਹੁੰਦੀ ਆ। ਪੱਤੇ ਟੰਗਣ ਨਾਲ ਫਿੰਸੀ ਠੀਕ ਹੋਣ ਬਾਰੇ ਮੇਰੇ ਮਨ ਵਿੱਚ ਕਿਉਂ, ਕਿਵੇਂ ਦੇ ਸੁਆਲ ਉੱਠਦੇ ਰਹਿੰਦੇ। ਪਿੰਡ ਤੋਂ 11 ਸਾਲ ਦੀ ਉਮਰ ਤੋਂ ਮੈਂ ਲੁਧਿਆਣੇ ਆ ਗਿਆ। ਫਿਰ ਪਤਾ ਚੱਲਿਆ ਇਹ ਫਿਨਸੀ ਤਾਂ ਆਪੇ ਠੀਕ ਹੋ ਜਾਂਦੀ ਹੈ ਪੱਤੇ ਟੰਗਣਾ ਤਾਂ ਅੰਧਵਿਸ਼ਵਾਸ ਸੀ। **ਰਣਜੀਤ ਸਿੰਘ (9888300402)**

# ਦਿਨ .... ਜੋ ਇਤਿਹਾਸ ਬਣੇ

6 ਨਵੰਬਰ : ਪ੍ਰਸਿੱਧ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦਾ ਦੇਹਾਂਤ (1986)

7 ਨਵੰਬਰ : ਮਹਾਨ ਰੂਸੀ ਇਨਕਲਾਬ (1917)

7 ਨਵੰਬਰ : ਦੋ ਵਾਰ ਨੋਬਲ ਇਨਾਮ ਜੇਤੂ ਵਿਗਿਆਨੀ ਮੇਰੀ ਕਿਊਰੀ (1867) ਅਤੇ ਨੋਬਲ ਇਨਾਮ ਜੇਤੂ ਭਾਰਤੀ ਵਿਗਿਆਨੀ ਸੀ. ਵੀ. ਰਮਨ (1888) ਦਾ ਜਨਮ

8 ਨਵੰਬਰ : ਐਕਸਰੇ ਦੀ ਖੋਜ (1896)

12 ਨਵੰਬਰ : ਕਾਮਰੇਡ ਸੋਹਨ ਸਿੰਘ ਜੋਸ਼ ਦਾ ਜਨਮ (1898)

14 ਨਵੰਬਰ: ਬਾਲ ਦਿਵਸ

16 ਨਵੰਬਰ : ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣੇ ਪੰਜ ਹੋਰ ਸਾਥੀਆਂ ਸਮੇਤ ਫਾਂਸੀ (1915)

18 ਨਵੰਬਰ : ਸ਼ਹੀਦ ਭਗਤ ਸਿੰਘ ਨਾਲ ਅਸੈਂਬਲੀ ਵਿੱਚ ਬੰਬ ਸੁੱਟਣ ਵਾਲੇ ਉਹਨਾਂ ਦੇ ਸਾਥੀ ਬਟੁਕੇਸ਼ਵਰ ਦੱਤ ਦਾ ਜਨਮ (1910)

25 ਨਵੰਬਰ : ਔਰਤਾਂ ਖ਼ਿਲਾਫ਼ ਹਿੰਸਾ ਦੇ ਖ਼ਾਤਮੇ ਦਾ ਦਿਨ

28 ਨਵੰਬਰ : ਜਨਮ ਦਿਨ (ਫਰੈਡਰਿਕ ਏਂਗਲਜ) (1820) (ਕਾਰਲ ਮਾਰਕਸ ਦਾ ਸਾਥੀ)

30 ਨਵੰਬਰ : ਜਨਮ ਦਿਨ (ਭਾਰਤੀ ਵਿਗਿਆਨਕ ਜਗਦੀਸ਼ ਚੰਦਰ ਬੋਸ (1858)

1 ਦਸੰਬਰ : ਵਿਸ਼ਵ ਏਡਜ਼ ਦਿਵਸ

2 ਦਸੰਬਰ : ਕੌਮੀ ਪ੍ਰਦੂਸ਼ਣ ਰੋਕੂ ਦਿਵਸ

3 ਦਸੰਬਰ : ਵਿਸ਼ਵ ਅਪਾਹਜ ਦਿਵਸ

3 ਦਸੰਬਰ : ਵਿਸ਼ਵ ਦਾ ਪਹਿਲਾ ਦਿਲ ਬਦਲੀ ਆਪਰੇਸ਼ਨ (1967)

3 ਦਸੰਬਰ : ਭੋਪਾਲ ਗੈਸ ਦੁਖਾਂਤ (3000 ਲੋਕ ਮਰੇ) (1984)

5 ਦਸੰਬਰ : ਸੰਸਾਰ ਭੂਮੀ ਦਿਵਸ

6 ਦਸੰਬਰ : ਡਾ. ਬੀ. ਆਰ. ਅੰਬੇਦਕਰ ਦਾ ਦੇਹਾਂਤ (1956)

9 ਦਸੰਬਰ : ਭ੍ਰਿਸ਼ਟਾਚਾਰ ਵਿਰੋਧੀ ਦਿਵਸ

10 ਦਸੰਬਰ : ਮਨੁੱਖੀ ਅਧਿਕਾਰ ਦਿਵਸ

14 ਦਸੰਬਰ : ਕੌਮੀ ਊਰਜਾ ਬਚਾਅ ਦਿਵਸ

17 ਦਸੰਬਰ : ਭਗਤ ਸਿੰਘ ਅਤੇ ਰਾਜਗੁਰੂ ਵੱਲੋਂ ਸਾਂਡਰਸ ਦਾ ਕਤਲ (1929)

17 ਦਸੰਬਰ : ਕਾਕੋਰੀ ਸ਼ਹੀਦ ਰਜਿੰਦਰ ਲਾਹਿੜੀ ਨੂੰ ਫਾਂਸੀ (1927)

17 ਦਸੰਬਰ : ਰਾਈਟ ਭਰਾਵਾਂ ਵੱਲੋਂ ਹਵਾਈ ਜਹਾਜ਼ ਦੀ ਪਹਿਲੀ ਉਡਾਣ (1903)

18 ਦਸੰਬਰ : ਕੌਮਾਂਤਰੀ ਪਰਵਾਸੀ ਦਿਵਸ

18 ਦਸੰਬਰ : ਘੱਟ ਗਿਣਤੀਆਂ ਦੇ ਹੱਕਾਂ ਦਾ ਦਿਨ

19 ਦਸੰਬਰ : ਸ਼ਹੀਦ ਰਾਮ ਪ੍ਰਸ਼ਾਦ ਬਿਸਮਿਲ, ਅਸ਼ਫ਼ਾਕ ਉੱਲਾ, ਰੌਸ਼ਨ ਸਿੰਘ ਨੂੰ ਕਾਕੋਰੀ ਕਾਂਡ ਵਿਚ ਫਾਸੀ (1927)

20 ਦਸੰਬਰ : ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦਾ ਦੇਹਾਂਤ (1968)

21 ਦਸੰਬਰ : ਮੇਰੀ ਕਿਊਰੀ ਅਤੇ ਪੀਅਰੇ ਕਿਊਰੀ ਨੇ ਰੇਡੀਅਮ ਦੀ ਖੋਜ ਕੀਤੀ (1898)

22 ਦਸੰਬਰ : ਭਾਰਤੀ ਗਣਿਤਦਾਨ ਰਾਮਾਨੁਜਨ ਦਾ ਜਨਮ (1887)

24 ਦਸੰਬਰ : ਉੱਘੇ ਨਾਸਤਿਕ ਅਤੇ ਦ੍ਰਾਵਿੜ ਲਹਿਰ ਦੇ ਆਗੂ ਈ. ਵੀ. ਰਾਮਾਸਾਮੀ ਪੇਰੀਆਰ ਦਾ ਦੇਹਾਂਤ (1973)

26 ਦਸੰਬਰ : ਜਨਮ (ਸ਼ਹੀਦ ਊਧਮ ਸਿੰਘ) (1899)

26 ਦਸੰਬਰ : ਜਨਮ (ਮਾਓ ਜ਼ੇ ਤੁੰਗ) (1893)

27 ਦਸੰਬਰ : ਵਿਗਿਆਨੀ ਲੂਈਸ ਪਾਸਚਰ ਦਾ ਜਨਮ (1822)

---

**... ਪੰਨਾ 27 ਦਾ ਬਾਕੀ** ਉਠਾਉਂਦੇ ਹਨ ਅਤੇ ਨਾ ਹੀ ਹੋਰਾਂ ਨਾਲ ਹੁੰਦੇ ਅਨਿਆ ਦੇ ਖਿਲਾਫ਼ ਬੋਲਦੇ ਹਨ। ਧਰਮ ਦੇ ਬੀਜ ਦੇ ਕਾਰਨ ਹੀ ਭਾਰਤੀ ਸਮਾਜ ਵਿੱਚ ਜਾਤੀਵਾਦ ਦਾ ਕੋਝਾ ਸਰੂਪ ਸਾਨੂੰ ਅੱਜ ਵੀ ਦੇਖਣ ਨੂੰ ਮਿਲਦਾ ਹੈ।

**ਕੀ ਕਰਨਾ ਲੋੜੀਂਦਾ :** ਅਜਿਹੇ ਵਿੱਚ ਸਿਰਫ਼ ਪੜ੍ਹਨ ਲਿਖਣ ਦੀ ਹੀ ਨਹੀਂ, ਸਗੋਂ ਇਕ ਸਹੀ ਵਿਗਿਆਨ 'ਤੇ, ਆਧਾਰਤ ਮਾਨਸਿਕਤਾ ਦੇ ਵਿਕਾਸ ਦੀ ਲੋੜ ਹੈ। ਇਸ ਦੇ ਲਈ ਜਰੂਰੀ ਇਹ ਹੈ ਕਿ ਘੱਟ ਤੋਂ ਘੱਟ, ਕਿਉਂ ਅਤੇ ਕਿਵੇਂ ਸ਼ਬਦਾਂ ਨੂੰ ਆਪਣੇ ਜੀਵਨ ਵਿੱਚ ਉਤਾਰ ਲਵੋ। ਸਿਰਫ਼ ਸਾਖ਼ਰ ਨਾ ਬਣੋ, ਸਗੋਂ ਸਿੱਖਿਅਤ ਵੀ ਬਣੋ ਭਾਵ ਤਰਕ ਸੰਗਤ ਕਦਰਾਂ ਕੀਮਤਾਂ ਨੂੰ ਜੀਵਨ ਵਿੱਚ ਉਤਾਰੋ, ਉਹੀ ਆਪਣੇ ਬੱਚਿਆਂ ਨੂੰ ਸਿਖਾਓ ਅਤੇ ਨਵੀਂ ਪੀੜ੍ਹੀ ਤੱਕ ਇਸ ਨੂੰ ਸੰਚਾਰਿਤ ਕਰੋ। **(ਸ੍ਰੋਤ: ਮੈਗਜ਼ੀਨ "ਸਰਿਤਾ")**

**ਪੰਜਾਬੀ ਅਨੁਵਾਦ : ਪਵਨ ਕੁਮਾਰ ਰੱਤੋ**

# ਸਲਮਾਨ ਰਸ਼ਦੀ ਦਾ ਹੌਸਲਾ

ਸਲਮਾਨ ਰਸ਼ਦੀ ਨੇ ਬਿਨ੍ਹਾਂ ਸ਼ੱਕ ਇਹ ਸਾਬਿਤ ਕੀਤਾ ਹੈ ਕਿ ਕਲਮ ਦੀ ਧਾਰ ਤਲਵਾਰ ਜਾਂ ਕਹਿ ਲਈਏ ਕਿ ਚਾਕੂ ਤੋਂ ਤਿੱਖੀ ਹੁੰਦੀ ਹੈ ਨਿਊਯਾਰਕ 'ਚ ਮੰਚ 'ਤੇ ਇੱਕ ਨੌਜਵਾਨ ਵੱਲੋਂ ਚਾਕੂ ਨਾਲ ਕੀਤਾ ਹਮਲਾ ਸਹਾਰਨ ਤੋਂ ਕਰੀਬ ਡੇਢ ਸਾਲ ਬਾਅਦ ਲੇਖਕ ਇਸ ਘਟਨਾ 'ਤੇ ਆਧਾਰਿਤ ਆਪਣੀ ਰਚਨਾ 'ਨਾਈਫ਼ : ਮੈਡੀਟੇਸ਼ਨਸ ਆਫਟਰ ਐਨ ਅਟੈਂਪਟੇਡ ਮਰਡਰ' ਲੈ ਕੇ ਆਇਆ ਹੈ। ਆਪਣੇ ਵਿਸ਼ੇਸ਼ ਪਰ ਡਰਾਉਣੇ ਮਜ਼ਾਕੀਆ ਲਹਿਜ਼ੇ 'ਚ ਰਸ਼ਦੀ ਚੇਤੇ ਕਰਦਾ ਹੈ ਕਿ ਜਦੋਂ ਉਨ੍ਹਾਂ ਦੀ ਖੱਬੀ ਅੱਖ 'ਉੱਬਲੇ ਆਂਡੇ' ਵਾਂਗ ਚਿਹਰੇ ਉੱਤੇ ਲਟਕਣ ਲੱਗੀ ਤਾਂ ਉਹਨਾਂ ਸੋਚਿਆ ਉਹ ਮਰ ਰਹੇ ਹਨ। ਬੁੱਕਰ ਪੁਰਸਕਾਰ ਜੇਤੂ ਮੁੰਬਈ ਦੇ ਜੰਮਪਲ ਇਸ ਲੇਖਕ, ਜਿਸ ਨੇ ਆਪਣੇ 1981 ਦੇ ਨਾਵਲ 'ਮਿਡਨਾਈਟਸ ਚਿਲਡਰਨ' ਲਈ 'ਬੁੱਕਰ ਆਫ਼ ਬੁੱਕਰਜ਼' ਸਨਮਾਨ ਵੀ ਜਿੱਤਿਆ ਸੀ, 'ਤੇ 12 ਅਗਸਤ 2022 ਨੂੰ ਹਾਦੀ ਮਾਤਰ ਨੇ ਚਾਕੂ ਨਾਲ 12 ਵਾਰ ਕੀਤੇ ਸਨ। ਰਸ਼ਦੀ ਨੂੰ ਇਸ ਹਮਲੇ ਤੋਂ ਕੋਈ ਬਹੁਤੀ ਹੈਰਾਨੀ ਨਹੀਂ ਹੋਈ ਹੱਤਿਆ ਦਾ ਖ਼ਤਰਾ ਉਸ ਦੇ ਸਿਰ 'ਤੇ ਅੱਸੀਵਿਆਂ ਤੋਂ ਹੀ ਤਲਵਾਰ ਵਾਂਗ ਲਟਕ ਰਿਹਾ ਸੀ ਜਦੋਂ ਇਰਾਨ ਦੇ ਤਤਕਾਲੀ ਸਰਬਰਾਹ ਆਇਤੁੱਲ੍ਹਾ ਖਮੀਨੀ ਨੇ ਉਸ ਦੇ ਖਿਲਾਫ਼ ਉਸ ਦੇ ਵਿਵਾਦ ਵਾਲੇ ਨਾਵਲ 'ਦਿ ਸੈਟੇਨਿਕ ਵਰਸਿਜ਼' (ਸ਼ੈਤਾਨ ਦੀਆਂ ਆਇਤਾਂ) ਲਈ ਫ਼ਤਵਾ ਜਾਰੀ ਕੀਤਾ ਸੀ। ਉਸ ਨੂੰ ਕਈ ਸਾਲ ਲੁਕ-ਛਿਪ ਕੇ ਰਹਿਣ ਲਈ ਮਜਬੂਰ ਹੋਣਾ ਪਿਆ; ਕਿਤਾਬ ਦਾ ਜਾਪਾਨੀ ਭਾਸ਼ਾ ਵਿੱਚ ਤਰਜਮਾ ਕਰਨ ਵਾਲੇ ਹਿਤੋਸ਼ੀ ਇਗਾਰਾਸ਼ੀ ਦੀ ਜੁਲਾਈ 1991 ਵਿੱਚ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ ਉਸੇ ਸਾਲ ਦੇ ਸ਼ੁਰੂ ਵਿੱਚ ਨਾਵਲ ਦੇ ਇਤਾਲਵੀ ਤਰਜਮਾਕਾਰ ਅਤੋਰੇ ਕਾਪਰੀਓਲੋ ਉੱਤੇ ਵੀ ਮਿਲਾਨ ਵਿਚਲੇ ਉਸ ਦੇ ਘਰ ਵਿੱਚ ਹਮਲਾ ਹੋਇਆ ਪਰ ਉਹ ਕਿਸੇ ਤਰ੍ਹਾਂ ਬਚ ਗਿਆ। ਕਿਤਾਬ ਦੇ ਨਾਰਵਿਆਈ ਪ੍ਰਕਾਸ਼ਕ ਵਿਲੀਅਮ ਨੇਗਾਰਡ 'ਤੇ ਅਕਤੂਬਰ 1993 ਵਿੱਚ ਓਸਲੋ 'ਚ ਗੋਲੀ ਚਲਾਈ ਗਈ ਸੀ; ਉਹ ਵਾਲ ਵਾਲ ਬਚ ਗਏ। ਸੁਭਾਵਿਕ ਤੌਰ 'ਤੇ ਇਨ੍ਹਾਂ ਸਾਰੀਆਂ ਘਟਨਾਵਾਂ ਨੇ ਰਸ਼ਦੀ ਦੇ ਮਨ ਵਿੱਚ ਡਰ ਪੈਦਾ ਕੀਤਾ ਕਿ ਇੱਕ ਦਿਨ ਸ਼ਾਇਦ ਕੋਈ 'ਸਰੋਤਿਆਂ ਵਿੱਚੋਂ ਉੱਠ ਕੇ' ਹਮਲਾ ਕਰ ਦੇਵੇਗਾ ਤੇ ਬਿਲਕੁਲ ਅਜਿਹਾ ਹੀ ਹੋਇਆ ਜਦ ਨਾਵਲ 'ਦਿ ਸੈਟੇਨਿਕ ਵਰਸਿਜ਼' ਪ੍ਰਕਾਸ਼ਿਤ ਹੋਣ (1988) ਤੋਂ ਵੀ ਕਰੀਬ ਦਹਾਕੇ ਬਾਅਦ ਜਨਮੇ ਹਾਦੀ ਮਾਤਰ ਨੇ ਉਸ 'ਤੇ ਕਾਤਲਾਨਾ ਹਮਲਾ ਕਰ ਦਿੱਤਾ ਸੀ। ਪ੍ਰਸ਼ੰਸਾਯੋਗ ਹੈ ਕਿ ਮੌਤ ਨੂੰ ਬਿਲਕੁਲ ਨੇੜਿਓਂ ਦੇਖਣ ਦੇ ਬਾਵਜੂਦ ਇਹ ਲੇਖਕ ਪ੍ਰਗਟਾਵੇ ਦੀ ਆਜ਼ਾਦੀ ਦਾ ਪੱਖ ਲਗਾਤਾਰ ਪੂਰੇ ਜੋਸ਼ ਨਾਲ ਪੂਰ ਰਿਹਾ ਹੈ ਆਪਣੀ ਨਵੀਂ ਕਿਤਾਬ ਦੇ ਲੋਕ ਅਰਪਣ ਤੋਂ ਪਹਿਲਾਂ ਉਸ ਨੇ ਕਿਹਾ, "ਬੋਲਣ ਜਾਂ ਪ੍ਰਗਟਾਵੇ ਦੀ ਆਜ਼ਾਦੀ ਦਾ ਪੂਰਾ ਮਤਲਬ ਇਹ ਹੈ ਕਿ ਜਿਨ੍ਹਾਂ ਸ਼ਬਦਾਂ ਨਾਲ ਤੁਸੀਂ ਸਹਿਮਤ ਨਹੀਂ ਵੀ ਹੋ, ਉਨ੍ਹਾਂ ਨੂੰ ਵੀ ਜ਼ਾਹਿਰ ਹੋਣ ਦਿੱਤਾ ਜਾਵੇ।" ਉਸ ਦੀ ਦ੍ਰਿੜਤਾ ਤੇ ਬਗਾਵਤ 'ਚੋਂ ਝਲਕਦਾ ਹੈ ਕਿ ਉਹ ਕੱਟੜਵਾਦੀਆਂ ਤੇ ਨਫ਼ਰਤ ਪੈਦਾ ਕਰਨ ਵਾਲਿਆਂ ਦੀਆਂ ਧਮਕੀਆਂ ਅਤੇ ਹਮਲਿਆਂ ਤੋਂ ਡਰ ਕੇ ਪਿੱਛੇ ਨਹੀਂ ਹਟੇਗਾ। ਸਪੱਸ਼ਟ ਤੌਰ 'ਤੇ ਰਸ਼ਦੀ ਨੂੰ ਮਰਨ ਦੀ ਕੋਈ ਕਾਹਲੀ ਨਹੀਂ ਹੈ- ਨਾ ਤਾਂ ਸਰੀਰਕ ਤੌਰ ਉੱਤੇ ਤੇ ਨਾ ਹੀ ਬੌਧਿਕ ਤੌਰ 'ਤੇ।

**ਸੰਪਾਦਕੀ (ਪੰਜਾਬੀ ਟ੍ਰਿਬਿਊਨ) (17-04-2024 )**

ਨਾ ਕੋਈ ਠਾਕੁਰ, ਨਾ ਕੋਈ ਪੂਜਕ,
ਸਭ ਰੋਟੀ ਦੇ ਉਪਰਾਲੇ
ਚਿੱਟੀਆਂ ਪੱਗਾਂ, ਦੂਹਰੇ ਟਿੱਕੇ,
ਅੰਦਰੋਂ ਹਿਰਦੇ ਕਾਲੇ।
ਹੱਥ ਵਿੱਚ ਮਾਲਾ, ਮੂੰਹ ਵਿੱਚ ਮੰਤਰ,
ਕੱਛ ਵਿੱਚ ਤੇਜ ਕਟਾਰੀ।
ਐਸੇ ਠੱਗਾ ਨਾਲੋਂ ਚੰਗੇ,
ਖੀਸੇ (ਜੇਬਾਂ) ਕਤਰਨ ਵਾਲੇ।

**ਧਨੀ ਰਾਮ ਚਾਤ੍ਰਿਕ**

ਕਲਾਤਮਕਤਾ ਦੀ ਪਹਿਲੀ ਮੰਗ ਇਹ ਹੈ : ਚੀਜ਼ਾਂ ਨੂੰ ਇੰਝ ਚਿੱਤਰਨਾ ਜਰੂਰੀ ਹੈ ਕਿ ਪਾਠਕ ਚੀਜ਼ਾਂ ਨੂੰ ਉਹਨਾਂ ਦੀ ਅਸਲ ਰੌਸ਼ਨੀ ਵਿੱਚ ਦੇਖ ਸਕੇ..ਜੇਕਰ ਮੈਂ ਇੱਕ ਆਮ ਆਦਮੀ ਨੂੰ ਚਿਤਰਨਾ ਚਾਹੁੰਦਾ ਹਾਂ ਤਾਂ ਮੈਂ ਉਸਨੂੰ ਇੰਝ ਪੇਸ਼ ਕਰਨ ਦੇ ਕਾਬਲ ਹੋਣਾ ਚਾਹੀਦਾ ਹਾਂ ਕਿ ਪਾਠਕ ਨੂੰ ਨਾ ਤਾਂ ਉਹ ਬੌਣਾ ਲੱਗੇ ਤੇ ਨਾ ਹੀ ਦਿਓਕੱਦ। **-ਨਿਕੋਲਾਈ ਚੇਰਨੇਸ਼ੇਵਸ਼ਕੀ**

ਬੁਲੰਦ ਇਰਾਦੇ ਵਾਲੀਆਂ ਔਰਤਾਂ-3

# ਆਧੁਨਿਕ ਚਕਿਤਸਾ ਦੀ ਪਹਿਲੀ ਭਾਰਤੀ ਡਾਕਟਰ ਕਾਦੰਬਿਨੀ ਗਾਂਗੁਲੀ



**-ਪ੍ਰਿੰਸੀਪਲ ਸਤਵੰਤ ਕੌਰ ਕਲੋਟੀ**

ਕਾਦੰਬਿਨੀ ਦਾ ਜਨਮ 18 ਜੁਲਾਈ, 1861 ਨੂੰ ਬਿਹਾਰ ਵਿੱਚ ਭਾਗਲਪੁਰ ਵਿਖੇ ਇੱਕ ਬ੍ਰਹਮੋ* ਪਰਿਵਾਰ ਵਿੱਚ ਹੋਇਆ। ਇਸ ਪਰਿਵਾਰ ਦਾ ਪਿਛੋਕੜ ਬੰਗਾਲ ਦੇ ਜ਼ਿਲ੍ਹੇ ਬਾਰੀਸਾਲ (Barisal) ਦੇ ਪਿੰਡ ਚੰਦਸੀ (Chandsi) ਵਿੱਚ ਸੀ, ਜੋ ਇਸ ਸਮੇਂ ਬੰਗਲਾਦੇਸ਼ ਵਿੱਚ ਹੈ। ਉਸ ਦੇ ਪਿਤਾ ਦਾ ਨਾਂ ਬ੍ਰਿਜ ਕਿਸ਼ੋਰ ਬੋਸ ਸੀ ਜੋ ਭਾਗਲਪੁਰ ਦੇ ਇੱਕ ਸਕੂਲ ਦਾ ਮੁੱਖ ਅਧਿਆਪਕ ਸੀ। ਉਹ ਇੱਕ ਬ੍ਰਹਮੋ ਸੁਧਾਰਕ ਸੀ ਜੋ ਮਹਿਲਾ ਸਿੱਖਿਆ ਦਾ ਇੱਕ ਜੋਸ਼ੀਲਾ ਸਮਰਥਕ ਸੀ। 1863 ਵਿੱਚ ਉਸ ਨੇ ਭਾਰਤ ਦੀ ਪਹਿਲੀ ਮਹਿਲਾ ਆਰਗੇਨਾਈਜੇਸ਼ਨ 'ਭਾਗਲਪੁਰ ਮਹਿਲਾ ਸਮਿਤੀ' ਦੀ ਸਥਾਪਨਾ ਕੀਤੀ।



ਸ਼ੁਰੂਆਤੀ ਪੜ੍ਹਾਈ ਕਾਦੰਬਿਨੀ ਨੇ ਬ੍ਰਹਮੋ ਐਡਨ ਫੀਮੇਲ ਸਕੂਲ ਢਾਕਾ (Brahmo Eden Female School, Dhaka) ਤੋਂ ਅੰਗਰੇਜੀ ਵਿੱਚ ਕੀਤੀ। ਇਸ ਤੋਂ ਬਾਅਦ ਉਸਨੇ ਹਿੰਦੂ ਮਹਿਲਾ ਵਿਦਿਆਲਿਆ, ਬਾਲੀਗੰਜ, ਕਲਕੱਤਾ (Hindu Mahila Vidyalaya, Ballygunı, Calcutta) ਵਿਖੇ ਦਾਖ਼ਲਾ ਲੈ ਲਿਆ ਜਿਸ ਦਾ ਨਾਂ 1876 ਈ: ਵਿੱਚ ਬਦਲ ਕੇ ਬੰਗ ਮਹਿਲਾ ਵਿਦਿਆਲਿਆ (Banga Mahila Vidyalaya) ਰੱਖ ਦਿੱਤਾ ਗਿਆ। 1878 ਈ: ਵਿੱਚ ਇਹ ਸਕੂਲ ਬੇਥੁਨ ਸਕੂਲ (Bethune School) ਵਿੱਚ ਮਿਲਾ ਦਿੱਤਾ ਗਿਆ। ਬਾਅਦ ਵਿੱਚ ਇਸ ਸਕੂਲ ਵਿੱਚ ਕਾਲਜ ਦੀਆਂ ਕਲਾਸਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ। ਦਵਾਰਕਾਨਾਥ ਗਾਂਗੁਲੀ ਜੋ ਕਿ ਇੱਕ ਕੱਟੜ ਬ੍ਰਹਮੋ ਸਮਾਜੀ ਸੀ ਅਤੇ ਮਹਿਲਾ ਮੁਕਤੀ ਲਈ ਮੁਹਿੰਮ ਦਾ ਇੱਕ ਸਰਗਰਮ ਸਮਰਥਕ ਸੀ, ਬੇਥੁਨ ਸਕੂਲ ਵਿੱਚ ਕਾਦੰਬਿਨੀ ਦਾ ਉਸਤਾਦ ਸੀ। ਬਾਅਦ ਵਿੱਚ ਉਸ ਦਾ ਵਿਆਹ ਕਾਦੰਬਿਨੀ ਨਾਲ ਹੋਇਆ।

** ਬ੍ਰਹਮੋ ਸਮਾਜ ਦੀ ਸਥਾਪਨਾ ਰਾਜਾ ਰਾਮਮੋਹਨ ਰਾਏ ਨੇ 1828 ਈ: ਵਿੱਚ ਕਲਕੱਤਾ ਵਿਖੇ ਕੀਤੀ, ਜਿਸ ਦਾ ਉਦੇਸ਼ ਭਿੰਨ ਭਿੰਨ ਧਾਰਮਿਕ ਆਸਥਾਵਾਂ ਵਿੱਚ ਵੰਡੀ ਹੋਈ ਜਨਤਾ ਨੂੰ ਇੱਕਜੁੱਟ ਕਰਨਾ ਅਤੇ ਧਰਮ ਦੇ ਨਾਂ 'ਤੇ ਪ੍ਰਚਲਿਤ ਮਾੜੀਆਂ ਰਿਵਾਇਤਾਂ ਦਾ ਖ਼ਾਤਮਾ ਕਰਨਾ ਸੀ। ਜ਼ਿਕਰ ਕਰਨਾ ਜਾਇਜ਼ ਹੈ ਕਿ ਰਾਜਾ ਰਾਮਮੋਹਨ ਰਾਏ ਨੇ ਹਿੰਦੂ ਧਰਮ ਵਿੱਚ ਪ੍ਰਚਲਿਤ ਸਤੀ ਪ੍ਰਥਾ ਦਾ ਖ਼ਾਤਮਾ ਕਰਨ ਦਾ ਪ੍ਰਣ ਉਸ ਦਿਨ ਲਿਆ ਸੀ ਜਿਸ ਦਿਨ ਉਸ ਨੇ ਆਪਣੇ ਵੱਡੇ ਭਰਾ ਜਗਮੋਹਨ ਦੀ ਮੌਤ ਉਪਰੰਤ ਚੀਖਦੀ-ਚਿਲਾਉਂਦੀ ਵਿਧਵਾ ਭਰਜਾਈ ਨੂੰ ਲੋਕਾਂ ਦੁਆਰਾ ਜ਼ਬਰਦਸਤੀ ਚਿਖਾ ਦੀ ਅਗਨੀ ਵਿੱਚ ਸੁੱਟ ਕੇ ਸਾੜ ਦੇਣ ਦਾ ਦਿਲ ਨੂੰ ਦਹਿਲਾ ਦੇਣ ਵਾਲਾ ਦ੍ਰਿਸ਼ ਅੱਖੀਂ ਦੇਖਿਆ ਸੀ। ਇਸ ਖ਼ੌਫ਼ਨਾਕ ਰਿਵਾਇਤ ਵਿਰੁੱਧ ਸੰਘਰਸ਼ ਦੇ ਨਾਲ-ਨਾਲ ਉਸ ਨੇ ਇਸਤਰੀਆਂ ਦੀ ਸਿੱਖਿਆ, ਆਜ਼ਾਦੀ ਅਤੇ ਹੱਕਾਂ ਲਈ ਵੀ ਲੜਾਈ ਲੜੀ।*

ਸਕੂਲ ਦੀ ਪੜ੍ਹਾਈ ਖ਼ਤਮ ਕਰਕੇ ਜਦ ਕਾਦੰਬਿਨੀ ਯੂਨੀਵਰਸਿਟੀ ਵਿੱਚ ਦਾਖ਼ਲਾ ਲੈਣ ਦੇ ਯੋਗ ਹੋਈ, ਉਦੋਂ ਤੱਕ ਕਲਕੱਤਾ ਯੂਨੀਵਰਸਿਟੀ ਨੇ ਅਜੇ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਨਹੀਂ ਕੀਤਾ ਸੀ। ਵਰਣਨਯੋਗ ਹੈ ਕਿ ਸੰਨ 1877 ਤੋਂ ਪਹਿਲਾਂ ਭਾਰਤ ਅਤੇ ਇੰਗਲੈਂਡ ਦੋਵਾਂ ਦੇਸ਼ਾਂ ਵਿੱਚ ਹੀ ਮਹਿਲਾਵਾਂ ਯੂਨੀਵਰਸਿਟੀ ਦੀ ਪੜ੍ਹਾਈ ਤੋਂ ਵਾਂਝੀਆਂ ਰਹਿੰਦੀਆਂ ਸਨ। ਯੂਨੀਵਰਸਿਟੀ ਆਫ ਲੰਦਨ ਸੰਨ 1878 ਵਿੱਚ ਮਹਿਲਾਵਾਂ ਨੂੰ ਡਿਗਰੀਆਂ ਵਿੱਚ ਦਾਖ਼ਲਾ ਦੇਣ ਵਾਲੀ ਇੰਗਲੈਂਡ ਦੀ ਪਹਿਲੀ ਯੂਨੀਵਰਸਿਟੀ ਬਣੀ ਜਦ ਕਿ ਆਕਸਫੋਰਡ ਯੂਨੀਵਰਸਿਟੀ ਨੇ 1879 ਵਿੱਚ ਮਹਿਲਾਵਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਕੀਤਾ।

ਦੇਹਰਾਦੂਨ ਤੋਂ ਇੱਕ ਹੋਰ ਬੰਗਾਲਣ ਈਸਾਈ ਲੜਕੀ ਚੰਦਰਮੁਖੀ ਬਾਸੂ ਨੇ ਵੀ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠਣ ਦੀ ਇਜ਼ਾਜਤ ਲੈਣ ਲਈ ਅਰਜ਼ੀ ਦਿੱਤੀ। ਦਵਾਰਕਾਨਾਥ ਨੇ ਕਲਕੱਤਾ ਯੂਨੀਵਰਸਿਟੀ ਤੋਂ ਔਰਤਾਂ ਲਈ ਇਹ ਇਜ਼ਾਜਤ ਲੈਣ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਦਿੱਤਾ ਅਤੇ ਸਫਲਤਾ ਵੀ ਹਾਸਿਲ ਕੀਤੀ। 1877 ਈ. ਵਿੱਚ ਕਾਦੰਬਿਨੀ ਬਾਸੂ ਅਤੇ ਇੱਕ ਹੋਰ ਕੁੜੀ ਸਰਲਾ ਦਾਸ (ਦੁਰਗਾ ਮੋਹਨ ਦਾਸ ਦੀ ਬੇਟੀ) ਨੂੰ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠਣ ਦੀ ਇਜਾਜ਼ਤ ਮਿਲ ਗਈ।

1878 ਈ. ਵਿੱਚ ਕੇਵਲ ਕਾਦੰਬਿਨੀ ਹੀ ਪ੍ਰਵੇਸ਼ ਪ੍ਰੀਖਿਆ ਵਿੱਚ ਬੈਠੀ ਅਤੇ ਉਸ ਨੇ ਇਹ ਪ੍ਰੀਖਿਆ ਦੂਜੇ ਦਰਜੇ ਵਿੱਚ ਪਾਸ ਕੀਤੀ। ਉਹ ਇੱਕ ਅੰਕ ਉੱਤੇ ਪਹਿਲਾ ਦਰਜਾ ਹਾਸਿਲ

ਕਰਨ ਤੋਂ ਰਹਿ ਗਈ ਇਸ ਤਰ੍ਹਾਂ ਕਾਦੰਬਿਨੀ 1878 ਈ. ਵਿੱਚ ਕਲਕੱਤਾ ਯੂਨੀਵਰਸਿਟੀ ਦੀ ਪ੍ਰਵੇਸ਼ ਪ੍ਰੀਖਿਆ ਪਾਸ ਕਰਨ ਵਾਲੀ ਪਹਿਲੀ ਮਹਿਲਾ ਬਣ ਗਈ।

ਕਾਦੰਬਿਨੀ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖ਼ਲਾ ਲੈਣਾ ਚਾਹੁੰਦੀ ਸੀ, ਪ੍ਰੰਤੂ ਉਦੋਂ ਤੱਕ ਇਸ ਕਾਲਜ ਦੇ ਦਰਵਾਜ਼ੇ ਅਜੇ ਮਹਿਲਾਵਾਂ ਲਈ ਨਹੀਂ ਖੁੱਲ੍ਹੇ ਸਨ। ਉਸ ਨੇ ਅਤੇ ਚੰਦਰਮੁਖੀ ਦੋਵਾਂ ਨੇ ਬੇਥੁਨ ਕਾਲਜ ਵਿੱਚ ਗ੍ਰੈਜੂਏਸ਼ਨ ਕਰਨ ਲਈ ਦਾਖਲਾ ਲੈ ਲਿਆ ਅਤੇ 1882 ਈ: ਵਿੱਚ ਬੀ.ਏ. (B A.) (Bachelor of Arts) ਪਾਸ ਕਰ ਲਈ। 1883 ਈ. ਵਿੱਚ ਕਾਨਵੋਕੇਸ਼ਨ 'ਤੇ ਉਨ੍ਹਾਂ ਨੇ ਡਿਗਰੀਆਂ ਹਾਸਿਲ ਕੀਤੀਆਂ। ਇਸ ਤਰ੍ਹਾਂ 1883 ਈ. ਵਿੱਚ ਕਾਦੰਬਿਨੀ ਬੋਸ ਅਤੇ ਚੰਦਰਮੁਖੀ ਬਾਸੂ ਦੋਵੇਂ ਬੇਥੁਨ ਕਾਲਜ ਵਿੱਚ ਪੜ੍ਹ ਕੇ ਕਲਕੱਤਾ ਯੂਨੀਵਰਸਿਟੀ ਤੋਂ ਬੀ.ਏ. ਦੀ ਡਿਗਰੀ ਹਾਸਿਲ ਕਰਕੇ ਭਾਰਤ ਦੀਆਂ ਅਤੇ ਸਮੁੱਚੇ ਬ੍ਰਿਟਿਸ਼ ਸਾਮਰਾਜ ਦੀਆਂ ਪਹਿਲੀਆਂ ਮਹਿਲਾ ਗ੍ਰੈਜੂਏਟ ਬਣ ਗਈਆਂ। ਭਾਵੇਂ ਕਾਦੰਬਿਨੀ ਅਤੇ ਚੰਦਰਮੁਖੀ ਦੋਵਾਂ ਨੇ ਇੱਕੋ ਕਾਲਜ ਤੋਂ ਗ੍ਰੈਜੂਏਸ਼ਨ ਕੀਤੀ ਸੀ ਪ੍ਰੰਤੂ ਚੰਦਰਮੁਖੀ ਨਾਲ ਵਰਤਾਅ ਕਾਦੰਬਿਨੀ ਨਾਲੋਂ ਭਿੰਨ ਸੀ। ਉਸ ਦੇ ਈਸਾਈ ਹੋਣ ਕਾਰਣ ਉਸ ਵਾਸਤੇ ਕਈ ਚੀਜਾਂ ਵਧੇਰੇ ਆਸਾਨ ਕੀਤੀਆਂ ਗਈਆਂ ਸਨ। 1883 ਵਿੱਚ ਹੀ 22 ਸਾਲਾਂ ਕਾਦੰਬਿਨੀ ਦੀ ਸ਼ਾਦੀ ਉਸ ਦੇ 39 ਸਾਲਾਂ ਅਧਿਆਪਕ ਦਵਾਰਕਾਨਾਥ ਗਾਂਗੁਲੀ ਨਾਲ ਹੋ ਗਈ ਜਿਸ ਦੀ ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਸੀ ਅਤੇ ਪਹਿਲੀ ਪਤਨੀ ਤੋਂ ਉਸ ਦੇ ਤਿੰਨ ਬੱਚੇ ਸਨ।

ਉਦੋਂ ਤੱਕ ਵੀ ਕਲਕੱਤਾ ਮੈਡੀਕਲ ਕਾਲਜ ਨੇ ਅਜੇ ਔਰਤਾਂ ਨੂੰ ਦਾਖ਼ਲਾ ਦੇਣਾ ਸ਼ੁਰੂ ਨਹੀਂ ਕੀਤਾ ਸੀ ਦਵਾਰਕਾਨਾਥ ਨੇ ਉਸ ਨੂੰ ਦਾਖਲਾ ਦਿਵਾਉਣ ਲਈ ਕਾਫ਼ੀ ਜੱਦੋ-ਜਹਿਦ ਕੀਤੀ ਅਤੇ ਅੰਤ ਸਫਲਤਾ ਹਾਸਿਲ ਕੀਤੀ ਇਸ ਤਰ੍ਹਾਂ 1884 ਈ. ਵਿੱਚ ਕਾਦੰਬਿਨੀ ਕਲਕੱਤਾ ਮੈਡੀਕਲ ਕਾਲਜ ਵਿੱਚ ਦਾਖਲਾ ਲੈਣ ਵਾਲੀ ਪਹਿਲੀ ਮਹਿਲਾ ਬਣ ਗਈ। ਆਉਂਦੇ ਸਾਲ ਸਰਕਾਰ ਨੇ ਉਸ ਨੂੰ 20 ਰੁਪਏ ਪ੍ਰਤੀ ਮਹੀਨਾ ਵਜ਼ੀਫਾ ਲਵਾ ਦਿੱਤਾ।

ਮੈਡੀਕਲ ਕਾਲਜ ਵਿੱਚ ਕਾਦੰਬਿਨੀ ਦਾ ਦਾਖਲਾ ਬ੍ਰਹਮੋ ਸਮਾਜ ਅਤੇ ਹਿੰਦੂ ਲੋਕਾਂ, ਦੋਵਾਂ ਲਈ ਹੀ ਬਰਦਾਸ਼ਤ ਤੋਂ ਬਾਹਰ ਸੀ। ਕਈਆਂ ਨੂੰ ਤਾਂ ਉਸ ਦੀ ਦੁਹਾਜੂ (ਦਵਾਰਕਾਨਾਥ ਗਾਂਗੁਲੀ) ਨਾਲ ਸ਼ਾਦੀ ਵੀ ਮਨਜ਼ੂਰ ਨਹੀਂ ਸੀ। 1886 ਈ: ਵਿੱਚ ਮੈਡੀਕਲ ਕਾਲਜ ਦੇ ਪ੍ਰਿੰਸੀਪਲ ਡਾ. ਜੇ. ਐਮ. ਕੋਟਸ (Dr. J.M.Coats) ਦੁਆਰਾ ਉਸ ਨੂੰ GMCB (Graduate of Medical College of Bengal) ਦੀ ਡਿਗਰੀ ਪ੍ਰਦਾਨ ਕੀਤੀ ਗਈ, ਜਿਸ ਨਾਲ ਉਸ ਨੂੰ ਪ੍ਰਾਈਵੇਟ ਪ੍ਰੈਕਟਿਸ ਕਰਨ ਦਾ ਹੱਕ ਹਾਸਿਲ ਹੋ ਗਿਆ। ਕਲਕੱਤਾ ਮੈਡੀਕਲ ਕਾਲਜ ਦੇ ਪ੍ਰੋਫ਼ੈਸਰ ਵੀ ਉਸ ਦੇ ਮੈਡੀਕਲ ਕਾਲਜ ਵਿੱਚ ਪੜ੍ਹਨ ਤੋਂ ਨਾਖੁਸ਼ ਸਨ। ਇਨ੍ਹਾਂ ਸਭ ਪ੍ਰੇਸ਼ਾਨੀਆਂ ਦੇ ਬਾਵਜੂਦ ਉਸ ਨੇ ਪੜ੍ਹਾਈ ਜਾਰੀ ਰੱਖੀ। ਇੱਕ ਬੰਗਾਲੀ ਪ੍ਰਫੈਸਰ, ਜੋ ਇਸਤਰੀਆਂ ਦੀ ਸਿੱਖਿਆ ਦਾ ਪੁੱਜ ਕੇ ਵਿਰੋਧੀ ਸੀ, ਨੇ ਕਾਦੰਬਿਨੀ ਨੂੰ ਇੱਕ ਪੇਪਰ : ਮੈਟੀਰੀਆ ਮੈਡੀਕਾ ਐਂਡ ਕੰਪੈਰੇਟਿਵ ਅਨਾਟੋਮੀ (Materia Medica and Comparative Anatomy) ਵਿੱਚੋਂ ਫੇਲ੍ਹ ਹੀ ਕਰ ਦਿੱਤਾ ਜਿਸ ਦੇ ਫਲਸਰੂਪ ਉਹ 1888 ਈ. ਵਿੱਚ ਫਸਟ ਐਮ.ਬੀ. ਦੀ ਪ੍ਰੀਖਿਆ ਉਪਰੰਤ ਐਮ.ਬੀ. ਦੀ ਡਿਗਰੀ ਹਾਸਿਲ ਕਰਨ ਤੋਂ ਵਾਂਝੀ ਰਹਿ ਗਈ। ਉਸ ਨੂੰ ਕਲਕੱਤਾ ਯੂਨੀਵਰਸਿਟੀ ਦਾ ਫਸਟ ਐੱਲ. ਐੱਮ. ਐੱਸ. (First LMS) (First Licentiate in Medicine and Surgery Examination) ਦਾ ਸਰਟੀਫਿਕੇਟ ਹਾਸਿਲ ਹੋ ਸਕਿਆ।

ਕਾਦੰਬਿਨੀ ਦੀ ਨਿਯੁਕਤੀ 1888 ਵਿੱਚ ਲੇਡੀ ਡਫਰਿਨ ਵੂਮੈਨ'ਜ਼ ਹੌਸਪੀਟਲ (Lady Dufferin Women's Hospital) ਕਲਕੱਤਾ ਵਿਖੇ 300 ਰੁਪਏ ਪ੍ਰਤੀ ਮਹੀਨਾ ਤਨਖ਼ਾਹ 'ਤੇ ਹੋ ਗਈ ਇਸ ਤਰ੍ਹਾਂ ਕਾਦੰਬਿਨੀ ਭਾਰਤ ਵਿੱਚ ਪੱਛਮੀ ਚਿਕਿਤਸਾ ਦੀ ਪ੍ਰੈਕਟਿਸ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਡਾਕਟਰ ਬਣ ਗਈ

ਲੇਡੀ ਡਫਰਿਨ ਵੂਮੈਨ'ਜ਼ ਹੌਸਪੀਟਲ ਵਿੱਚ ਕੰਮ ਕਰਦਿਆਂ ਕਾਦੰਬਿਨੀ ਨੂੰ ਜਲਦੀ ਹੀ ਅਹਿਸਾਸ ਹੋ ਗਿਆ ਕਿ ਹਸਪਤਾਲ ਵਿੱਚ ਕੰਮ ਕਰਨ ਵਾਲੀਆਂ ਹੋਰ ਬਰਤਾਨਵੀ ਮਹਿਲਾ ਡਾਕਟਰਾਂ ਉਸ ਨੂੰ ਘਟੀਆ ਸਮਝਦੀਆਂ ਸਨ ਕਿਉਂਕਿ ਉਸ ਕੋਲ ਐਮ.ਬੀ. ਦੀ ਡਿਗਰੀ ਨਹੀਂ ਸੀ। ਉਨ੍ਹਾਂ ਨੇ ਕਦੀ ਵੀ ਉਸ ਨੂੰ ਬਣਦਾ ਮਾਣ-ਸਤਿਕਾਰ ਨਾ ਦਿੱਤਾ। ਉਸ ਨੇ ਪ੍ਰਾਈਵੇਟ ਪ੍ਰੈਕਟਿਸ ਕਰਨੀ ਸ਼ੁਰੂ ਕੀਤੀ, ਪ੍ਰੰਤੂ ਜ਼ਿਆਦਾ ਸਫਲ ਨਾ ਹੋ ਸਕੀ। ' ਉਹ ਆਪਣੇ ਆਪ ਨੂੰ ਇੱਕ ਨਾਮਵਰ ਡਾਕਟਰ ਦੇ ਤੌਰ 'ਤੇ ਸਥਾਪਿਤ ਕਰਨ ਵਿੱਚ ਅਸਫਲ ਰਹੀ। ਕਈ ਵਾਰੀ ਉਸ ਨੂੰ ਅਪਮਾਨਜਨਕ ਹਾਲਾਤ ਦਾ ਵੀ ਸਾਹਮਣਾ ਕਰਨਾ ਪਿਆ। ਇੱਕ ਵਾਰੀ ਇੱਕ ਅਮੀਰ ਪਰਿਵਾਰ ਨੇ ਉਸ ਨੂੰ ਆਪਣੀ ਲੜਕੀ ਦੇ ਜਣੇਪੇ 'ਤੇ ਬੁਲਾਇਆ ਬੱਚੇ ਦੀ ਪੈਦਾਇਸ਼ ਤੋਂ ਬਾਅਦ ਜਦ ਜੱਚਾ-ਬੱਚਾ ਠੀਕ-ਠਾਕ ਹੋ ਗਏ ਤਾਂ ਉਸ ਨੂੰ ਅਤੇ ਉਸ ਦੀ ਸਹਾਇਕ ਨੂੰ ਵਰਾਂਡੇ ਵਿੱਚ ਖਾਣਾ ਇਸ ਢੰਗ ਨਾਲ ਪਰੋਸਿਆ ਗਿਆ ਜਿਵੇਂ ਉਹ ਨੌਕਰਾਣੀਆਂ ਹੋਣ। ਉਨ੍ਹਾਂ ਨੂੰ ਉਸ ਜਗ੍ਹਾ ਨੂੰ ਸਾਫ਼ ਕਰਕੇ

ਪੋਚਾ ਲਗਾਉਣ ਲਈ ਵੀ ਕਿਹਾ ਗਿਆ। ਉਸ ਸਮੇਂ ਭਾਰਤ ਦੇ ਲੋਕ ਇੱਕ ਮਹਿਲਾ ਡਾਕਟਰ ਨੂੰ ਇੱਕ ਦਾਈ ਤੋਂ ਵੱਧ ਕੁੱਝ ਨਹੀਂ ਸਮਝਦੇ ਸਨ।

ਉਸ ਨੇ ਮੈਡੀਕਲ ਦੀ ਅਗਲੇਰੀ ਪੜ੍ਹਾਈ ਲਈ ਇੰਗਲੈਂਡ ਜਾਣ ਦਾ ਮਨ ਬਣਾਇਆ। ਉਸ ਸਮੇਂ ਇੱਕ ਭਾਰਤੀ ਮੂਲ ਦੀ ਔਰਤ ਲਈ ਇੰਗਲੈਂਡ ਜਾਣਾ ਐਨਾ ਆਸਾਨ ਨਹੀਂ ਸੀ। ਉਸ ਦੇ ਤਾਂ ਅੱਠ ਬੱਚੇ ਵੀ ਸਨ, ਜਿਨ੍ਹਾਂ ਦਾ ਉਹ ਪਾਲਣ ਪੋਸ਼ਣ ਕਰਦੀ ਸੀ। ਤਿੰਨ ਬੱਚੇ ਉਸ ਦੇ ਪਤੀ ਦੀ ਪਹਿਲੀ ਸ਼ਾਦੀ ਤੋਂ ਅਤੇ ਪੰਜ ਬੱਚੇ ਉਸ ਦੇ ਆਪਣੇ ਸਨ। ਉਸ ਦਾ ਕਾਫ਼ੀ ਸਮਾਂ ਐਨੇ ਵੱਡੇ ਪਰਿਵਾਰ ਦੀ ਦੇਖ ਰੇਖ ਕਰਨ ਵਿੱਚ ਬਤੀਤ ਹੋ ਜਾਂਦਾ ਸੀ। ਇਹ ਸਭ ਕੁਝ ਛੱਡ ਕੇ ਇੰਗਲੈਂਡ ਚਲੇ ਜਾਣਾ ਉਸ ਲਈ ਆਸਾਨ ਨਹੀਂ ਸੀ, ਪ੍ਰੰਤੂ ਉਸ ਦੇ ਦ੍ਰਿੜ ਇਰਾਦੇ ਅਤੇ ਉਸ ਦੇ ਪਤੀ ਦਵਾਰਕਾਨਾਥ ਦੀਆਂ ਅਣਥੱਕ ਕੋਸ਼ਿਸ਼ਾਂ ਸਦਕਾ ਉਹ 26 ਫਰਵਰੀ, 1892 ਨੂੰ ਇੰਗਲੈਂਡ ਲਈ ਰਵਾਨਾ ਹੋ ਗਈ।

ਇਸ ਉਪਰੰਤ ਜਦ ਉਹ ਇੰਗਲੈਂਡ ਤੋਂ ਭਾਰਤ ਵਾਪਿਸ ਆਈ ਤਾਂ ਹਾਲਾਤ ਉਹਦੇ ਹੱਕ ਵਿੱਚ ਹੋ ਗਏ। ਲੇਡੀ ਡਫਰਿਨ ਹੌਸਪੀਟਲ ਵਿੱਚ ਉਸ ਨੂੰ ਸੀਨੀਅਰ ਡਾਕਟਰ ਦੀ ਪਦਵੀ ਦੇ ਦਿੱਤੀ ਗਈ। ਪ੍ਰੰਤੂ ਉਸ ਨੇ ਇੱਥੇ ਥੋੜ੍ਹੀ ਦੇਰ ਹੀ ਨੌਕਰੀ ਕੀਤੀ। ਉਸ ਨੇ ਆਪਣੀ ਪ੍ਰਾਈਵੇਟ ਪ੍ਰੈਕਟਿਸ ਸ਼ੁਰੂ ਕਰ ਲਈ ਜੋ ਬਹੁਤ ਵਧੀਆ ਚੱਲੀ। ਉਹ ਇੱਕ ਮੰਨੀ-ਪ੍ਰਮੰਨੀ ਮੈਡੀਕਲ ਪ੍ਰੈਕਟੀਸ਼ਨਰ ਬਣ ਗਈ।

ਉਹ ਆਪਣੇ ਕਿੱਤੇ ਨੂੰ ਸਮਰਪਿਤ ਇੱਕ ਨਿਪੁੰਨ ਡਾਕਟਰ ਸਾਬਤ ਹੋ ਗਈ 1895-96 ਵਿੱਚ ਉਸ ਨੂੰ ਨੇਪਾਲ ਦੀ ਰਾਜਮਾਤਾ (Queen Mother) ਦੀ ਡਾਕਟਰੀ ਦੇਖ-ਭਾਲ ਦੀ ਜ਼ਿੰਮੇਵਾਰੀ ਦਿੱਤੀ ਗਈ ਜੋ ਲੰਬੇ ਸਮੇਂ ਤੋਂ ਬੀਮਾਰ ਚੱਲ ਰਹੀ ਸੀ। ਕਾਦੰਬਿਨੀ ਦੇ ਕਾਬਿਲ-ਏ-ਤਾਰੀਫ਼ ਇਲਾਜ ਸਦਕਾ ਉਹ ਠੀਕ ਹੋ ਗਈ। ਕਿਹਾ ਜਾਂਦਾ ਹੈ ਕਿ ਇੱਕ ਵਾਰੀ ਮਰਦ ਡਾਕਟਰਾਂ ਦੁਆਰਾ ਇੱਕ ਬੱਚੀ ਦੇ ਪੇਟ ਵਿੱਚ ਰਸੌਲੀ ਦੱਸੀ ਗਈ ਸੀ। ਕਾਦੰਬਿਨੀ ਨੇ ਦਾਅਵੇ ਨਾਲ ਇਸ ਨੂੰ ਗਰਭਧਾਰਣ ਦਾ ਕੇਸ ਦੱਸਿਆ ਉਹ ਉਸ ਬੱਚੀ ਦਾ ਸਹੀ-ਸਲਾਮਤ ਜਣੇਪਾ ਕਰਵਾਉਣ ਵਿੱਚ ਕਾਮਯਾਬ ਵੀ ਰਹੀ।

ਉਹ ਡਾਕਟਰ ਹੋਣ ਦੇ ਨਾਲ-ਨਾਲ ਇੱਕ ਜ਼ਿੰਮੇਵਾਰ ਪਤਨੀ ਅਤੇ ਮਾਂ ਦੀ ਭੂਮਿਕਾ ਵੀ ਬਾਖੂਬੀ ਨਿਭਾਉਂਦੀ ਸੀ। ਉਸ ਦਾ ਸਿਲਾਈ-ਕਢਾਈ ਅਤੇ ਬੁਣਾਈ ਦਾ ਕੰਮ ਕਾਬਿਲ-ਏ-ਤਾਰੀਫ਼ ਸੀ। ਉਹ ਗਜ਼ਾਂ ਲੰਬੀ ਮਹੀਨ ਸੁੰਦਰ ਲੇਸ ਬੁਣਨ ਵਿੱਚ ਮਾਹਿਰ ਸੀ। ਉਸ ਨੇ ਡਾਕਟਰੀ ਪੇਸ਼ੇ ਦੇ ਨਾਲ-ਨਾਲ ਆਪਣੇ-ਆਪ ਨੂੰ ਸਮਾਜ ਭਲਾਈ ਅਤੇ ਰਾਜਨੀਤਿਕ ਗਤੀਵਿਧੀਆਂ ਨਾਲ ਵੀ ਜੋੜ ਕੇ ਰੱਖਿਆ ਸੀ। ਉਹ ਮਹਿਲਾ ਮੁਕਤੀ ਅਤੇ ਮਹਿਲਾ ਸਿੱਖਿਆ ਦੀ ਸਮਰਥਕ ਸੀ। ਉਹ ਸਿਹਤ ਪ੍ਰਤੀ ਜਾਗਰੂਕਤਾ ਪ੍ਰੋਗਰਾਮਾਂ ਅਤੇ ਸਮਾਜ ਸੇਵਾ ਦੇ ਕੰਮਾਂ ਵਿੱਚ ਸਰਗਰਮ ਰਹਿੰਦੀ ਸੀ। ਇੰਡੀਅਨ ਨੈਸ਼ਨਲ ਕਾਂਗਰਸ ਦੀ ਸਥਾਪਨਾ 1885 ਈ. ਵਿੱਚ ਹੋਈ। ਉਦੋਂ ਤੋਂ ਹੀ ਦਵਾਰਕਾਨਾਥ ਨੇ ਕਾਂਗਰਸ ਦੇ ਸਾਲਾਨਾ ਇਜਲਾਸਾਂ ਵਿੱਚ ਔਰਤਾਂ ਦੀ ਸ਼ਮੂਲੀਅਤ ਕਰਵਾਉਣ ਲਈ ਕੋਸ਼ਿਸ਼ਾਂ ਕਰਨੀਆਂ ਆਰੰਭ ਕਰ ਦਿੱਤੀਆ ਉਸ ਦੀਆਂ ਕੋਸ਼ਿਸ਼ਾਂ ਨੂੰ ਕਾਮਯਾਬੀ ਹਾਸਿਲ ਹੋਈ। 1889 ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਬੰਬਈ ਵਿਖੇ ਪੰਜਵੇਂ ਇਜਲਾਸ ਵਿੱਚ ਕਾਦੰਬਿਨੀ ਸਮੇਤ ਛੇ ਔਰਤਾਂ ਨੂੰ ਸ਼ਾਮਿਲ ਹੋਣ ਦੀ ਇਜਾਜ਼ਤ ਮਿਲ ਗਈ। 1890 ਈ. ਵਿੱਚ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਲਕੱਤਾ ਵਿਖੇ ਇਜਲਾਸ ਵਿੱਚ ਕਾਦੰਬਿਨੀ ਨੇ ਅੰਗਰੇਜ਼ੀ ਵਿੱਚ ਭਾਸ਼ਣ ਦਿੱਤਾ ਜਿਸ ਤੋਂ ਹਰ ਕੋਈ ਪ੍ਰਭਾਵਿਤ ਹੋਇਆ। ਉਸ ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਕਿਸੇ ਸੈਸ਼ਨ ਵਿੱਚ ਭਾਸ਼ਣ ਦੇਣ ਵਾਲੀ ਪਹਿਲੀ ਔਰਤ ਹੋਣ ਦਾ ਮਾਣ ਹਾਸਿਲ ਹੋਇਆ।

ਉਸ ਨੂੰ ਸਮਾਜਿਕ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ। ਉਸ ਸਮੇਂ ਬੰਗਾਲੀ ਸਮਾਜ ਵਿੱਚ ਕੰਮ ਕਾਜੀ ਔਰਤਾਂ, ਖਾਸ ਕਰਕੇ ਮਹਿਲਾ ਡਾਕਟਰਾਂ ਨੂੰ ਸ਼ੱਕੀ ਨਜ਼ਰ ਨਾਲ ਦੇਖਿਆ ਜਾਂਦਾ ਸੀ 1891 ਵਿੱਚ 'ਬੰਗਾਬਾਸੀ' (Bangabasi) ਨਾਂ ਦੇ ਇੱਕ ਰਸਾਲੇ ਵਿੱਚ ਉਸ ਦੇ ਚਰਿੱਤਰ ਉੱਤੇ ਚਿੱਕੜ ਉਛਾਲਿਆ ਗਿਆ। ਉਸ ਵਿੱਚ ਉਸ ਨੂੰ ਹਲਕੇ ਚਾਲ ਚਲਣ ਵਾਲੀ ਔਰਤ ਦੱਸਿਆ ਗਿਆ। ਅਸਿੱਧੇ ਰੂਪ ਵਿੱਚ ਤਾਂ ਉਸ ਨੂੰ ਇੱਕ ਵੇਸ਼ਵਾ ਹੀ ਕਿਹਾ ਗਿਆ। ਦਵਾਰਕਾਨਾਥ, ਡਾ. ਨੀਲਰਤਨ ਸਰਕਾਰ ਅਤੇ ਸ਼ਿਵਨਾਥ ਸ਼ਾਸਤਰੀ ਨੇ ਇਸ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲਿਆ। ਉਨ੍ਹਾਂ ਅਦਾਲਤ ਦਾ ਦਰਵਾਜਾ ਜਾ ਖੜਕਾਇਆ। ਉਹਨਾਂ ਦਾ ਅਦਾਲਤ ਵਿੱਚ ਜਾਣ ਦਾ ਮਕਸਦ ਕੇਵਲ ਕਾਦੰਬਿਨੀ ਦਾ ਪੱਖ ਪੂਰਨਾ ਹੀ ਨਹੀਂ ਸੀ ਸਗੋਂ ਉਸ ਸਮੇਂ ਦੇ ਸਮਾਜ ਵਿੱਚ ਪ੍ਰਚੱਲਿਤ ਖੌਫਨਾਕ ਰਿਵਾਇਤਾਂ ਅਤੇ ਘਿਨਾਉਣੇ ਪੱਖਪਾਤ ਤੋਂ ਔਰਤਾਂ ਨੂੰ ਮੁਕਤੀ ਦਿਵਾਉਣ ਦਾ ਸਮਰਥਨ ਕਰਨਾ ਸੀ। ਅਦਾਲਤ ਨੇ ਰਸਾਲੇ ਦੇ ਐਡੀਟਰ ਮਹੇਸ਼ ਚੰਦਰ ਪਾਲ ਨੂੰ 100 ਰੁਪਏ ਜੁਰਮਾਨਾ ਅਤੇ ਛੇ ਮਹੀਨੇ ਦੀ ਕੈਦ ਸੁਣਾਈ

ਉਸ ਸਮੇਂ ਅਸਾਮ ਵਿੱਚ ਚਾਹ ਦੇ ਬਾਗਾਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦਾ ਉਨ੍ਹਾਂ ਦੇ ਮਾਲਕਾਂ ਦੁਆਰਾ ਭਾਰੀ ਸ਼ੋਸ਼ਣ ਕੀਤਾ ਜਾ ਰਿਹਾ ਸੀ, ਦਵਾਰਕਾਨਾਥ ਗਾਂਗੁਲੀ ਨੇ

ਇਸ ਦਾ ਡਟ ਕੇ ਵਿਰੋਧ ਕੀਤਾ ਅਤੇ ਕਾਦੰਬਿਨੀ ਨੇ ਉਸ ਨੂੰ ਪੂਰੀ ਤਰ੍ਹਾਂ ਸਮਰਥਨ ਦਿੱਤਾ। 1898 ਈ. ਵਿੱਚ ਉਸ ਦੇ ਪਤੀ, ਜੋ ਉਸ ਦਾ ਦੋਸਤ, ਸਹਾਰਾ ਅਤੇ ਮਾਰਗਦਰਸ਼ਕ ਵੀ ਸੀ, ਦੀ ਮੌਤ ਨੇ ਉਸ ਦੀ ਸਿਹਤ ਉੱਤੇ ਬਹੁਤ ਬੁਰਾ ਅਸਰ ਪਾਇਆ। ਇਸ ਦੇ ਬਾਵਜੂਦ ਉਹ ਔਰਤਾਂ ਦੀ ਭਲਾਈ ਲਈ ਅਣਥੱਕ ਕਾਰਜ ਕਰਦੀ ਰਹੀ।

1922 ਈ. ਵਿੱਚ ਭਾਰਤ ਸਰਕਾਰ ਨੇ ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਮਜ਼ਦੂਰ ਔਰਤਾਂ ਦੀ ਹਾਲਤ ਦਾ ਜਾਇਜ਼ਾ ਲੈਣ ਲਈ ਇੱਕ ਕਮੇਟੀ ਦਾ ਗਠਨ ਕੀਤਾ। ਕਾਦੰਬਿਨੀ ਨੂੰ ਉਸ ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਇਸ ਸਬੰਧ ਵਿੱਚ 1922 ਈ. ਵਿੱਚ ਆਪਣੀ ਮੌਤ ਤੋਂ ਮਹਿਜ਼ ਇੱਕ ਸਾਲ ਪਹਿਲਾਂ ਉਹ ਕਵਿੱਤਰੀ ਕਾਮਿਨੀ ਰਾਏ ਨਾਲ ਬਿਹਾਰ ਅਤੇ ਉੜੀਸਾ ਦੀਆਂ ਕੋਇਲੇ ਦੀਆਂ ਖਾਣਾਂ ਵਿੱਚ ਗਈ।

ਆਖਰੀ ਦਮ ਤੱਕ ਉਹ ਡਾਕਟਰੀ ਪੇਸ਼ੇ ਨੂੰ ਸਮਰਪਿਤ ਰਹੀ। 3 ਅਕਤੂਬਰ, 1923 ਨੂੰ ਉਸ ਨੇ ਆਖਰੀ ਸਾਹ ਲਿਆ। ਉਸ ਦਿਨ ਵੀ ਉਹ ਇੱਕ ਮਰੀਜ਼ ਨੂੰ ਦੇਖ ਕੇ ਆਈ ਸੀ। ਉਸ ਸਮੇਂ ਉਸ ਦੀ ਉਮਰ 63 ਸਾਲ ਸੀ। ਉਸ ਦੀ ਇੱਕ ਬੇਟੀ ਡਾ. ਜਯੋਤੀਰਮੋਈ (Dr. Jyotirmoyee) ਇੱਕ ਉੱਘੀ ਆਜ਼ਾਦੀ-ਘੁਲਾਟਣ ਸੀ ਅਤੇ ਬੇਟਾ ਪ੍ਰਭਾਤ ਚੰਦਰ ਇੱਕ ਜਰਨਲਿਸਟ ਸੀ। ਅੱਠ ਬੱਚਿਆਂ ਦਾ ਪਾਲਣ-ਪੋਸ਼ਣ ਕਰਦੇ ਹੋਏ, ਘਰੇਲੂ ਫਰਜ਼ ਨਿਭਾਉਂਦੇ ਹੋਏ ਸਮਾਜਿਕ ਅਤੇ ਰਾਜਨੀਤਕ ਗਤੀਵਿਧੀਆਂ ਵਿੱਚ ਸ਼ਾਮਿਲ ਰਹਿੰਦੇ ਹੋਏ ਵੀ ਉਸ ਨੇ ਡਾਕਟਰੀ ਪੇਸ਼ੇ ਨੂੰ ਬੜੀ ਇਮਾਨਦਾਰੀ ਨਾਲ ਨਿਭਾਇਆ। ਉਸ ਦੀਆਂ ਗਤੀਵਿਧੀਆਂ ਉਸ ਦੇ ਕਿੱਤੇ ਨੂੰ ਕਮਜ਼ੋਰ ਨਾ ਕਰ ਸਕੀਆਂ। ਇੱਕ ਨਾਜ਼ੁਕ ਅਤੇ ਸੰਵੇਦਨਸ਼ੀਲ ਦਿਲ ਦੀ ਮਾਲਿਕ ਕਾਦੰਬਿਨੀ ਜੋ ਗਰੀਬਾਂ ਅਤੇ ਬੀਮਾਰਾਂ ਦੀ ਦੇਖ-ਰੇਖ ਕਰਦੀ ਸੀ, ਉਨ੍ਹਾਂ ਨਾਲ ਹੁੰਦੀ ਬੇਇਨਸਾਫ਼ੀ ਵਿਰੁੱਧ ਲੜਦੀ ਵੀ ਸੀ। ਇਸ ਦੇ ਨਾਲ-ਨਾਲ ਹੀ ਉਹ ਇੱਕ ਬੁਲੰਦ ਹੌਂਸਲੇ ਅਤੇ ਮਜ਼ਬੂਤ ਇਰਾਦੇ ਦੀ ਮਿਸਾਲ ਸੀ। ਉਸ ਦੀ ਸੋਚ ਅਤੇ ਕੰਮ ਹਰੇਕ ਨੂੰ ਆਪਣੀ ਜ਼ਿੰਦਗੀ ਸਮਾਜ ਦੇ ਲੇਖੇ ਲਾਉਣ ਲਈ ਪ੍ਰੇਰਦੇ ਸਨ। ਉਸ ਨੇ ਸਮਾਜ ਵਿੱਚ ਔਰਤਾਂ ਦਾ ਰੁਤਬਾ ਉੱਪਰ ਉਠਾਉਣ ਲਈ ਪੂਰੀ ਜ਼ਿੰਦਗੀ ਸੰਘਰਸ਼ ਕੀਤਾ। ਭਾਰਤ ਵਿੱਚ ਇਸਤਰੀਆਂ ਦੀ ਸਿੱਖਿਆ ਦੇ ਇਤਿਹਾਸ ਵਿੱਚ ਕਾਦੰਬਿਨੀ ਗਾਂਗੁਲੀ ਦਾ ਨਾਂ ਹਮੇਸ਼ਾ ਸੁਨਹਿਰੀ ਅੱਖਰਾਂ ਵਿੱਚ ਲਿਖਿਆ ਰਹੇਗਾ। ਬੇਥੁਨ ਕਾਲਜ ਨੂੰ ਹਮੇਸ਼ਾ ਉਸ ਉੱਤੇ ਮਾਣ ਰਹੇਗਾ।

**"ਤਰਕਸ਼ੀਲ" ਪੜ੍ਹੋ, "ਤਰਕਸ਼ੀਲ" ਬਣੋ**

**...ਪੰਨਾ 25 ਦਾ ਬਾਕੀ** ਦਿਨ ਪਲਟਨ ਵਿੱਚ ਛਵ੍ਹੀ ਨਾਲ ਦੇਖਿਆ ਗਿਆ ਤੇ ਇਸ ਨੂੰ ਗ੍ਰਿਫਤਾਰ ਕਰ ਲਿਆ। ਇਹ ਪਲਟਨ ਦੇ ਸਰਗਰਮ ਇਨਕਲਾਬੀਆਂ ਵਿੱਚ ਸ਼ਾਮਿਲ ਸੀ। ਬਗਾਵਤ ਦੀ ਸਾਜ਼ਿਸ ਰਚਣ ਦਾ ਦੋਸ਼ ਲਗਾ ਕੇ ਧਾਰਾ 121, 121ਏ, 131 ਇੰਡੀਅਨ ਪੈਨਲ ਕੋਡ ਤਹਿਤ ਕੇਸ ਮੜ੍ਹ ਕੇ ਉਮਰ ਕੈਦ ਤੇ ਜਾਇਦਾਦ ਜਬਤੀ ਦੀ ਸਜ਼ਾ ਹੋਈ।

**ਡੁੰਮਣ ਸਿੰਘ ਅਜੀਤ**



ਡੁੰਮਣ ਸਿੰਘ ਅਜੀਤ ਪੁੱਤਰ ਗਣੇਸ਼ਾ ਸਿੰਘ, ਪਿੰਡ ਕਲੇਰਾਂ, ਥਾਣਾ ਬੰਗਾ – ਤਹਿਸੀਲ ਨਵਾਂ ਸ਼ਹਿਰ, ਜ਼ਿਲ੍ਹਾ ਜਲੰਧਰ। ਇਹ 26ਵੀਂ ਪੰਜਾਬੀ ਪਲਟਨ ਦੇ ਸਿਪਾਹੀ ਸਨ ਤੇ ਹਾਂਗਕਾਂਗ ਗੁਰਦੁਆਰੇ ਦੇਸ਼ ਵਿਰੋਧੀ ਲੈਕਚਰ ਸੁਣਨ ਜਾਂਦੇ ਸਨ। ਇਹਨਾਂ ਨੂੰ ਹਾਂਗਕਾਂਗ ਤੋਂ ਬਰਖਾਸਤ ਕਰਕੇ ਕਰਾਚੀ ਭੇਜਿਆ ਗਿਆ ਪਰ ਪਹਿਲੀ ਵੱਡੀ ਜੰਗ ਸ਼ੁਰੂ ਹੋਣ ਕਰਕੇ ਰੱਖ ਲਿਆ। 19 ਫਰਵਰੀ 1915 ਨੂੰ ਦੇਸ਼ ਧ੍ਰੋਹੀ ਹਰਕਤਾਂ ਕਰਕੇ ਅਤੇ ਵਿਦੇਸ਼ਾਂ ਤੋਂ ਮੁੜੇ ਗ਼ਦਰੀਆਂ ਨਾਲ ਮਿਲ ਕੇ ਫੌਜੀ ਬੈਰਕ ਅੰਦਰ ਬਗ਼ਾਵਤ ਫੈਲਾਉਣ ਦੀ ਸਾਜ਼ਿਸ ਵਿੱਚ ਸ਼ਾਮਿਲ ਹੋਣ ਕਰਕੇ ਨੌਕਰੀ ਤੋਂ ਬਰਖਾਸਤ ਕਰ ਦਿੱਤਾ। 18 ਅਕਤੂਬਰ 1915 ਨੂੰ ਇਹਨਾਂ ਨੂੰ ਫੜ੍ਹ ਲਿਆ ਤੇ ਸਪਲੀਮੈਂਟਰੀ ਲਾਹੌਰ ਸਾਜ਼ਿਸ ਕੇਸ ਵਿੱਚ ਸ਼ਾਮਿਲ ਕਰ ਲਿਆ ਗਿਆ, ਪਰ ਸਬੂਤਾਂ ਦੀ ਘਾਟ ਕਰਕੇ ਇਹਨਾਂ ਨੂੰ ਛੱਡ ਦਿੱਤਾ ਗਿਆ।

**95305-03412**

## ਮੈਗਜ਼ੀਨ "ਤਰਕਸ਼ੀਲ"

ਜਨਤਾ ਦੇਸ਼ ਦੀ ਲੱਗੀ ਪਿੱਛੇ ਜੋਤਸ਼ੀਆਂ ਦੇ,
ਐਵੇਂ ਜਨਮ ਕੁੰਡਲੀਆਂ ਤੇ ਟੇਵੇ ਬਣਵਾਈ ਜਾਵੇ।
ਹੱਥ ਰੇਖਾਵਾਂ 'ਚ ਹੁੰਦੀ ਨਾ ਕਦੇ ਕੋਈ ਕਿਸਮਤ,
ਹੱਕ ਹਲਾਲ ਦੀ ਕਮਾਈ ਲੁਟਾਈ ਜਾਵੇ।
ਨਹੀਂ ਵਿਦਿਆ ਕੋਈ, ਨਿਰਾ ਹੀ ਝੂਠ ਜੋਤਿਸ਼,
ਤੀਰ ਤੁੱਕੇ ਨਾਲ ਜੋਤਸ਼ੀ ਭਰਮਾਈ ਜਾਵੇ।
ਲੋਕ ਪਹਿਲਾਂ ਹੀ ਫਸੇ ਅੰਧ ਵਿਸ਼ਵਾਸ਼ਾਂ ਦੇ ਵਿੱਚ,
ਮੀਡੀਆ ਜੋਤਿਸ਼ ਦਾ ਪ੍ਰਸਾਰਨ ਕਰਵਾਈ ਜਾਵੇ।
ਲੁੱਟ ਤੋਂ ਬਚਣਾ ਜੇ, ਤਾਂ ਵਿਗਿਆਨਕ ਸੋਚ ਰੱਖੋ,
"ਤਰਕਸ਼ੀਲ" ਮੈਗਜ਼ੀਨ ਰੋਜ ਦੁਹਾਈ ਪਾਵੇ।

**- ਸੁਮੀਤ ਅੰਮ੍ਰਿਤਸਰ**

# ਅਰਸਤੂ ਅਤੇ ਤਰਕ



- ਵਿਸ਼ਵ ਕਾਂਤ

> ਇਹ ਲੇਖ ਤਰਕ ਬਾਰੇ ਆਮ ਧਾਰਨਾ ਅਤੇ ਤਰਕ ਸ਼ਾਸਤਰ ਦੇ ਹੋਰਨਾਂ ਵਿਸ਼ਿਆਂ ਵਾਂਗ, ਇਕ ਬਕਾਇਦਾ ਵਿਸ਼ਾ ਹੋਣ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਲਿਖਿਆ ਗਿਆ ਹੈ। ਇਸ ਵਿਸ਼ੇ ਦੀ ਆਪਣੀ ਸ਼ਬਦਾਵਲੀ, ਵਿਸ਼ਾ ਵਸਤੂ ਅਤੇ ਵਿਧੀ ਵਿਧਾਨ ਹੈ। ਇਹ ਗਣਿਤ ਅਤੇ ਖੋਜ ਵਿਧੀ ਆਦਿ ਵਿੱਚ ਤਾਂ ਪੜ੍ਹਿਆਂ/ਪੜ੍ਹਾਇਆਂ ਜਾ ਰਿਹਾ ਹੈ ਪਰ ਹੋਰਨਾਂ ਸਮਾਜ ਵਿਗਿਆਨ ਦੇ ਵਿਸ਼ਿਆਂ ਵਾਂਗ ਅਣਗੌਲਿਆ ਹੋ ਰਿਹਾ ਹੈ । ਇਸ ਵਿਸ਼ੇ ਦੀ ਇੱਕ ਨਿਵੇਕਲੇ ਵਿਸ਼ੇ ਦੇ ਤੌਰ 'ਤੇ ਬਾਕਾਇਦਾ ਅਧਿਐਨ ਦੀ ਜਰੂਰਤ ਹੈ।

ਤਰਕ ਸ਼ਾਸਤਰ ਦੇ ਇਤਿਹਾਸ ਵਿੱਚ ਅਰਸਤੂ ਪਹਿਲਾ ਵਿਦਵਾਨ ਸੀ ਜਿਸ ਨੇ ਬੇ-ਤਰਤੀਬੇ ਵਿਚਾਰਾਂ ਨੂੰ, ਕਿਸੇ ਖਾਸ ਤਰਤੀਬ ਅਤੇ ਪ੍ਰਬੰਧ (System) ਵਿੱਚ ਰੱਖ ਕੇ ਵਿਚਾਰਨ ਦੀ ਸ਼ੁਰੂਆਤ ਕੀਤੀ। ਉਸ ਨੇ ਵਿਚਾਰ, ਸੋਚ ਪ੍ਰਬੰਧ ਅਤੇ ਵਿਚਾਰ-ਵਟਾਂਦਰੇ ਦੌਰਾਨ ਨਿਕਲਣ ਵਾਲੇ ਸਿੱਟਿਆਂ ਦਾ ਅਧਿਐਨ ਕਰਨ ਵਾਲੇ ਨਿਯਮ ਸੂਤਰਬਧ ਕੀਤੇ। ਉਸ ਦੇ ਸੂਤਰਬਧ ਕੀਤੇ ਮੁੱਢਲੇ ਨਿਯਮ, ਅੱਜ ਤੱਕ ਵੀ ਵਰਤੋਂ 'ਚ ਆ ਰਹੇ ਹਨ। ਇਸ ਲਈ ਅਰਸਤੂ ਨੂੰ ਤਰਕਸ਼ਾਸਤਰ ਦਾ ਪਿਤਾਮਾ ਕਿਹਾ ਜਾਂਦਾ ਹੈ। ਸੁਕਰਾਤ, ਅਫਲਾਤੂਨ ਅਤੇ ਅਰਸਤੂ ਦੀ ਤਿੱਕੜੀ, ਪੱਛਮੀ ਦਰਸ਼ਨ ਸ਼ਾਸਤਰ ਦੀ ਨੀਂਹ ਰੱਖਣ ਵਾਲਿਆ 'ਚੋਂ ਹੈ। ਅਰਸਤੂ ਦਾ ਜਨਮ 384 ਬੀ.ਸੀ. 'ਚ ਮੈਕੇਡੋਨੀਆ ਦੇ ਸ਼ਹਿਰ ਸਟਾਗੀਰਾ ਵਿੱਚ ਹੋਇਆ। ਉਹ ਸਮਰਾਟ ਸਿਕੰਦਰ ਦਾ ਉਸਤਾਦ ਸੀ। ਅਰਸਤੂ ਨੇ ਏਥਨਜ ਵਿੱਚ ਆਪਣਾ ਸਕੂਲ ਵੀ ਚਲਾਇਆ ਅਤੇ 322 ਬੀ ਸੀ ਵਿੱਚ ਉਸਦੀ ਮੌਤ ਹੋਈ।

ਅਰਸਤੂ ਨੇ ਦਲੀਲਬਾਜ਼ੀ ਨੂੰ ਸੂਤਰਬਧ ਕਰਨ ਦੇ ਉਦੇਸ਼ ਨਾਲ ਪਹਿਲਾਂ ਵਸਤੂਆਂ ਦੇ ਗੁਣ/ਔਗੁਣ/ਨਾ-ਗੁਣ ਲੱਭਣ ਦੀ ਪਹੁੰਚ ਅਪਣਾਈ। ਇਨ੍ਹਾਂ ਗੁਣਾਂ ਦੇ ਅਧਾਰ 'ਤੇ ਵਸਤੂਆਂ ਨੂੰ ਸ਼੍ਰੇਣੀਬਧ ਕੀਤਾ ਅਤੇ ਇਨ੍ਹਾਂ ਸ਼੍ਰੇਣੀਆਂ ਵਿਚਲੇ ਅੰਤਰ ਸੰਬੰਧਾਂ ਨੂੰ ਵਿਚਾਰ ਅਧੀਨ ਲਿਆਂਦਾ। ਇਹ ਉਨ੍ਹਾਂ ਸਮਿਆਂ 'ਚ (ਈਸਾ ਤੋਂ ਦੋ-ਤਿੰਨ ਸੌ ਸਾਲ ਪਹਿਲਾਂ) ਬਹੁਤ ਵੱਡੀ ਪੁਲਾਂਘ ਸੀ। ਕੁਦਰਤੀ ਵਿਗਿਆਨਾਂ ਦੇ ਵਿਕਾਸ ਵਿੱਚ ਇਸ ਵਿਧੀ ਵਿਧਾਨ ਨੇ ਵੱਡਾ ਯੋਗਦਾਨ ਪਾਇਆ। ਅਰਸਤੂ ਨੇ ਦਲੀਲਬਾਜ਼ੀ (ਰੀਜ਼ਨਿੰਗ) ਵਿੱਚ ਠੀਕ/ਗਲਤ (ਵੈਲਿਡ/ ਅਨਵੈਲਿਡ ) ਦੀ ਸ਼ਨਾਖਤ ਕਰਨ ਲਈ ਠੋਸ ਨਿਯਮ ਸਿਰਜੇ। ਯਾਦ ਰਹੇ, ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ (ਕਲਰਕ ਤੋਂ ਲੈ ਕੇ ਆਈ. ਏ. ਐਸ. ਤੱਕ ) ਰੀਜ਼ਨਿੰਗ, ਇੱਕ ਜ਼ਰੂਰੀ ਅਤੇ ਮਹੱਤਵਪੂਰਨ ਵਿਸ਼ਾ ਹੁੰਦਾ ਹੈ।

ਅਰਸਤੂ ਨੇ ਤਰਕਸ਼ਾਸਤਰ ਦੇ ਤਿੰਨ ਅਧਾਰ ਨਿਯਮ ਘੜੇ ਹਨ। ਪਹਿਲਾ ਨਿਯਮ ਏ, ਏ ਹੈ।

(Everything is what it is or Everything is equal to itself.)

ਕੋਈ ਵੀ ਕਹਿ ਸਕਦਾ ਕਿ ਇਸ ਵਿੱਚ ਕਿਹੜੀ ਖ਼ਾਸ ਗੱਲ ਹੈ ਕਿ ਏ, ਏ ਹੀ ਹੁੰਦੀ ਹੈ, ਬੀ ਬੀ ਹੁੰਦੀ ਹੈ। ੳ. ੳ. ਹੁੰਦਾ ਹੈ, ਅ, ਅ ਹੁੰਦਾ ਹੈ। ਇਸ ਵਿੱਚ ਸਮਝਣ ਵਾਲੀ ਗੱਲ ਇਹ ਹੈ ਕਿ ਇਸ ਨਿਯਮ ਅਨੁਸਾਰ ਇੱਕੋਂ ਸਮੇਂ ਕੋਈ ਵੀ ਵਸਤੂ ਉਸ ਤੋਂ ਵੱਖ ਹੋਰ ਨਹੀਂ ਹੋ ਸਕਦੀ। ਜਦੋਂ ਕਿਸੇ ਵਸਤੂ ਬਾਰੇ ਕੋਈ ਡਿਸਕਸ਼ਨ/ਬਹਿਸ ਕੀਤੀ ਜਾਂਦੀ ਹੈ ਬਹਿਸ ਅਧੀਨ ਵਸਤੂ ਵਿੱਚ ਬਦਲਾਅ ਨਹੀਂ ਹੋਣਾ ਚਾਹੀਦਾ। ਏ ਏ ਹੀ ਰਹੇ। ਟਰਮ ਏ ਦੇ ਅਰਥ ਬਹਿਸ ਦੌਰਾਨ ਬਦਲਣੇ ਨਹੀਂ ਚਾਹੀਦੇ ਅਤੇ ਟਰਮ ਦੇ ਅਰਥ ਬਹਿਸ ਕਰਨ ਵਾਲੀਆਂ ਧਿਰਾਂ ਲਈ ਇੱਕੋ ਹੋਣੇ ਚਾਹੀਦੇ ਹਨ। ਉਦਾਹਰਣ ਵਜੋਂ ਰੱਬ ਬਾਰੇ ਕਿਸੇ ਕਿਸਮ ਦੀ ਵਾਰਤਾਲਾਪ/ ਬਹਿਸ ਕਰਨ ਸਮੇਂ, ਪਹਿਲਾਂ ਇਹ ਗੱਲ ਸਪੱਸ਼ਟ ਕਰ ਲੈਣੀ ਚਾਹੀਦੀ ਹੈ ਕਿ ਵਾਰਤਾਲਾਪ ਕਰ ਰਹੀਆਂ ਧਿਰਾਂ ਰੱਬ ਦਾ ਕੀ ਅਰਥ ਲੈ ਰਹੀਆਂ ਹਨ। ਜੇ ਇੱਕ ਧਿਰ ਲਈ ਰੱਬ ਦੇ ਅਰਥ ਹੋਰ ਹਨ, ਦੂਸਰੀ ਧਿਰ ਲਈ ਹੋਰ, ਤਾਂ ਵਾਰਤਾਲਾਪ ਵਿੱਚੋਂ ਕੁੱਝ ਨਹੀਂ ਨਿਕਲਣਾ। ਇਹ ਫਾਲਤੂ ਦੀ ਸਿਰ ਖਪਾਈ ਹੋਵੇਗੀ। ਪੱਛਮੀ ਦਰਸ਼ਨ ਵਿੱਚ ਵਸਤੂ ਦੀ ਠੀਕ ਪਛਾਣ ਸਥਾਪਤ ਕਰਨ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ।

ਦੂਸਰੇ ਅਧਾਰ ਨਿਯਮ ਨੂੰ, ਵਿਰੋਧ ਦੇ ਨਿਯਮ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਹ ਨਿਯਮ ਹੈ ਕਿ ਏ ਇੱਕੋਂ ਸਮੇਂ, ਏ ਅਤੇ ਨਾ-ਏ (not-A) ਨਹੀਂ ਹੋ ਸਕਦਾ। (Nothing can be and not-be at one and the same time.) ਇਸ ਦਾ ਮਤਲਬ ਹੋਇਆ ਕਿ ਇੱਕੋਂ ਸਮੇਂ ਕੋਈ ਵਸਤੂ ਉਹ ਅਤੇ ਉਸ ਤੋਂ ਵੱਖ ਠੀਕ ਵਿਰੋਧੀ ਨਹੀਂ ਹੋ ਸਕਦੀ। ਇਹ ਨਹੀਂ ਹੋ ਸਕਦਾ ਕਿ ਇੱਕੋਂ ਸਮੇਂ, ਇੱਕੋਂ ਸੇਬ ਲਾਲ ਵੀ ਹੋਵੇ ਅਤੇ ਨਾ-ਲਾਲ ਵੀ ਹੋਵੇ ਏ ਅਤੇ ਨਾ-ਏ, ਇੱਕ ਦੂਜੇ ਨੂੰ ਖਾਰਜ ਕਰਦੇ,

ਠੀਕ ਵਿਰੋਧੀ ਗੁਣ ਇੱਕੋਂ ਵਸਤੂ 'ਚ, ਇੱਕੋਂ ਸਮੇਂ ਨਹੀਂ ਹੋ ਸਕਦੇ। ਇੱਥੇ ਵਿਰੋਧੀ ਸ਼ਬਦ ਦੇ ਅਰਥ ਭਾਸ਼ਾ ਦੇ ਵਿਰੋਧੀ ਸ਼ਬਦਾਂ ਨਾਲੋਂ ਵੱਖਰੇ ਹਨ ਇੱਥੇ ਚਿੱਟੇ ਦਾ ਵਿਰੋਧੀ ਕਾਲਾ ਨਹੀਂ, ਦਿਨ ਦਾ ਵਿਰੋਧੀ ਰਾਤ ਨਹੀਂ ਲਿਆ ਜਾਂਦਾ। ਚਿੱਟੇ ਦਾ ਵਿਰੋਧੀ ਨਾ-ਚਿੱਟੇ ਤੋਂ ਭਾਵ ਹੈ ਕਿ ਚਿੱਟੇ ਨੂੰ ਛੱਡ ਕੇ, ਬਾਕੀ ਹੋਰ ਕੋਈ ਵੀ (ਲੱਖਾਂ ਕਿਸਮਾਂ ਦੇ ਰੰਗਾਂ ਵਿੱਚੋਂ) ਜਿਸ ਨੂੰ ਅਕਸਰ ਪ੍ਰੀਭਾਸ਼ਿਤ ਨਾ ਹੋ ਸਕਣ ਵਾਲਾ ਮੰਨਿਆ ਜਾਂਦਾ ਹੈ ਕਿਉਂਕਿ ਚਿੱਟੇ ਤੋਂ ਇਲਾਵਾ ਬਾਕੀ ਰਹਿ ਗਏ ਰੰਗਾਂ ਦੀ ਸੀਮਾ (ਅਸੀਮਤ, ਇਨਫਨਟੀ) ਨੂੰ ਨਿਰਧਾਰਤ ਕਰਨਾ ਸੰਭਵ ਨਹੀਂ ਹੁੰਦਾ। ਜਿਵੇਂ ਜਮਹੂਰੀਅਤ ਨੂੰ, ਤਾਂ ਪ੍ਰੀਭਾਸ਼ਿਤ ਕੀਤਾ ਜਾ ਸਕਦਾ ਹੈ ਪਰ ਗ਼ੈਰ ਜਮਹੂਰੀ ਨੂੰ ਪ੍ਰੀਭਾਸ਼ਤ ਕਰਨਾ ਬਹੁਤ ਹੀ ਔਖਾ ਹੈ, ਕਿਉਂਕਿ ਗ਼ੈਰ ਜਮਹੂਰੀ ਦੀ ਸੀਮਾ, ਲੌਜੀਕਲੀ (logically) (ਤਰਕਸੰਗਤ) ਨਿਰਧਾਰਤ ਨਹੀਂ ਕੀਤੀ ਜਾ ਸਕਦੀ। ਤਰਕ (ਲੌਜਿਕ) ਵਿੱਚ ਨਾਂਹਵਾਚੀ ਟਰਮਾਂ ਤੋਂ ਬਚਿਆ ਜਾਂਦਾ ਹੈ ਕਿਉਂਕਿ ਇਨ੍ਹਾਂ ਨੂੰ ਪ੍ਰੀਭਾਸ਼ਤ ਕਰਨਾ ਮੁਸ਼ਕਲ ਹੈ। ਇਸ ਬਾਰੇ ਵਿਸਥਾਰਤ ਜਾਣਕਾਰੀ ਪ੍ਰੀਭਾਸ਼ਾ ਬਾਰੇ ਉਪ ਵਿਸ਼ੇ ਵਿੱਚ ਹੈ। ਅੰਗਰੇਜ਼ੀ ਵਿੱਚ : Definition, the term derived from the Latin word "definire" means "to state the limits of" or "to close within limits". Thus to define a thing is to limit it. ਇਸ ਦਾ ਭਾਵ ਅਰਥ ਇਹ ਨਿਕਲਦਾ ਹੈ ਕਿ ਕਿਸੇ ਸ਼ਬਦ/ਪਦ ਦੀ ਪ੍ਰੀਭਾਸ਼ਾ ਉਸ ਦੀ ਸੀਮਾ ਨੂੰ ਨਿਰਧਾਰਤ ਕਰਨਾ ਹੁੰਦਾ ਹੈ (ਉਸ ਦੇ ਦਾਇਰੇ ਤੋਂ ਨਾ ਘੱਟ, ਨਾ ਵੱਧ)। ਇਸ ਕਰਕੇ ਨਾ ਏ ਦੀ ਪ੍ਰੀਭਾਸ਼ਾ, ਪ੍ਰੀਭਾਸ਼ਾ ਦੀ ਪ੍ਰੀਭਾਸ਼ਾ 'ਤੇ ਪੂਰਾ ਨਹੀਂ ਉਤਰਦੀ

ਅਰਸਤੂ ਦਾ ਤੀਸਰਾ ਨਿਯਮ, ਜਿਸ ਨੂੰ ਅੰਗਰੇਜ਼ੀ ਵਿੱਚ Excluded middle ਕਿਹਾ ਜਾਂਦਾ ਹੈ, ਦਾ ਭਾਵ ਹੈ ਕਿ ਏ ਜਾਂ, ਨਾ-ਏ ਵਿੱਚੋਂ ਕੋਈ ਇੱਕ ਹੋਵੇਗਾ ਪਰ ਇਨ੍ਹਾਂ ਵਿਚਕਾਰ ਕੋਈ ਤੀਸਰਾ ਨਹੀਂ ਹੋ ਸਕਦਾ। ਕੋਈ ਵਸਤੂ ਕਾਲੀ ਹੈ ਜਾਂ ਨਾ-ਕਾਲੀ ਹੈ ਇਹ ਵੰਡ ਦੋ ਹਿੱਸਿਆਂ ਵਿੱਚ ਇਸ ਤਰ੍ਹਾਂ ਕੀਤੀ ਗਈ ਹੈ ਕਿ ਤੀਸਰੇ ਹਿੱਸੇ ਦੀ ਗੁੰਜਾਇਸ਼ ਨਾ ਰਹੇ। ਮੰਨ ਲਓ 100 ਵਸਤੂਆਂ ਹਨ ਜੇ ਏ ਦੇ ਹਿੱਸੇ 1 (ਇੱਕ) ਹੈ, ਬਾਕੀ ਬੀ ਦੀਆਂ (ਭਾਵ ਬੀ ਦੀਆਂ 99) ਹਨ ਤਾਂ ਕਿਸੇ ਤੀਸਰੇ ਹਿੱਸੇ ਦੀ ਗੁੰਜਾਇਸ਼ ਖ਼ਤਮ ਹੋ ਗਈ। ਜੇ ਦੋਵਾਂ ਨੂੰ ਜੋੜ ਕੇ ਸਮੁੱਚ ਨਹੀਂ ਬਣਦਾ ਤਾਂ ਸਾਡੇ ਹਿਸਾਬ ਵਿੱਚ ਕਿਤੇ ਗਲਤੀ ਹੈ। ਸਾਨੂੰ ਆਪਣਾ ਹਿਸਾਬ ਚੈੱਕ ਕਰਨਾ ਚਾਹੀਦਾ ਹੈ। ਉਂਝ ਲੌਜਿਕ ਵਿੱਚ ਅਸੀਮਤ ਵਸਤੂਆਂ ਦੀ ਮਨੌਤ ਹੈ ਜਿਸ ਵਿੱਚੋਂ ਇੱਕ ਗੁਣ/ਔਗੁਣ/ਨਾ-ਗੁਣ ਦੇ ਅਧਾਰ 'ਤੇ ਵੰਡ ਕੀਤੀ ਜਾਂਦੀ ਹੈ ਇੱਕ ਕਿਸਮ ਕਾਲੀ, ਬਾਕੀ ਰਹਿ ਗਈਆਂ ਨੂੰ ਨਾ-ਕਾਲੀਆਂ ਕਿਸਮਾਂ ਕਹਿ ਕੇ, ਸਮੁੱਚ ਦੀ ਪਰਿਕਲਪਨਾ ਕੀਤੀ ਜਾਂਦੀ ਹੈ

ਲੌਜਿਕ ਨੂੰ ਦੋ ਉਪ ਵਿਸ਼ਿਆਂ, ਇੰਡਕਟਿਵ ਲੌਜਿਕ (ਆਗਮਣ ਤਰਕ ਸ਼ਾਸਤਰ), ਡਿਡਕਟਿਵ ਲੌਜਿਕ (ਨਿਗਮਣ ਤਰਕ ਸ਼ਾਸਤਰ) ਵਿੱਚ ਵੰਡਿਆ ਹੋਇਆ ਹੈ। ਆਗਮਣ ਤਰਕ ਸ਼ਾਸਤਰ ਦੀ ਵਰਤੋਂ ਮੁੱਖ ਰੂਪ ਵਿੱਚ ਕੁਦਰਤੀ ਵਿਗਿਆਨਾਂ ਦੇ ਤਜਰਬਿਆਂ ਦੇ ਅਧਾਰ ਉੱਪਰ, ਆਮ ਸਿੱਟੇ ਕੱਢਣ ਲਈ ਕੀਤੀ ਜਾਦੀ ਹੈ। ਅੱਜ ਕੱਲ੍ਹ ਇਸ ਨੂੰ ਖੋਜ ਦਾ ਤਰੀਕਾਕਾਰ (Methodology of Research) ਦੇ ਤੌਰ 'ਤੇ ਜਾਣਿਆ ਜਾਂਦਾ ਹੈ ਨਿਗਮਣ ਤਰਕ ਸ਼ਾਸਤਰ ਦੀ ਵਰਤੋਂ ਸਿੱਧ ਹੋ ਚੁੱਕੇ ਜਾਂ ਸਵੈ ਸਿੱਧ ਵਿਚਾਰਾਂ (Axioms) ਦੇ ਅਧਾਰ 'ਤੇ ਵੱਖੋ ਵੱਖਰੇ ਖਿਆਲਾਤ ਦੀ ਨਿਰਖ ਕੀਤੀ ਜਾਂਦੀ ਹੈ।

ਬਹਿਸ ਜਾਂ ਵਿਚਾਰ ਵਟਾਂਦਰੇ ਸਮੇਂ, ਵਿਚਾਰ ਪੇਸ਼ ਕਰਨ ਵਾਲਾ ਆਪਣੇ ਪੱਖ ਵਿੱਚ ਦਲੀਲਾਂ ਦਿੰਦਾ ਹੈ। ਵਖਰੇਵਾ ਰੱਖਣ ਵਾਲਾ ਵਿਰੋਧੀ ਪੱਖ ਵਿੱਚ ਦਲੀਲਾਂ ਦਿੰਦਾ ਹੈ। ਪੱਖ ਵਿੱਚ ਜਾਂ ਵਿਰੋਧ ਵਿੱਚ ਦਿੱਤੀਆਂ ਦਲੀਲਾਂ ਨੂੰ ਸਿੱਧ/ਪ੍ਰਮਾਣਿਤ ਨਿਰਨਿਆਂ (Axioms) ਦੇ ਆਧਾਰ 'ਤੇ ਪਰਖਿਆ ਜਾਂਦਾ ਹੈ। ਉਦਾਹਰਣ ਵਜੋਂ

(ੳ) ਸਾਰੇ ਮਨੁੱਖ ਮਰਨਹਾਰ ਹਨ। (All humans are mortal.)

(ਅ) ਅਰਸਤੂ ਇੱਕ ਮਨੁੱਖ ਹੈ। (Aristotle is human.)

(ੲ) ਇਸ ਲਈ ਅਰਸਤੂ ਮਰਨਹਾਰ ਹੈ। (Therefore Aristotle is mortal.)

ੳ ਧਾਰਨਾ ਦੇ ਆਧਾਰ 'ਤੇ ਅ ਧਾਰਨਾ ਬਾਰੇ ੲ ਨਿਰਨਾ (Judgement) ਦੇਣਾ ਨਿਗਮਨ ਵਿਧੀ (Syllogism) ਹੈ। ਇਹ ਦੋ ਆਧਾਰ ਵਾਕਾਂ (Premises) ਦੀ ਬੁਨਿਆਦ 'ਤੇ ਕੋਈ ਨਿਰਨਾ ਦੇਣ ਦੀ ਪ੍ਰਕ੍ਰਿਆ ਹੈ। ਉਪਰੋਕਤ ਨਿਗਮਨ ਤਰਕ ਵਿੱਚ ੳ ਨੂੰ ਨਿਰਪੇਖ ਸੱਚ ਮੰਨਿਆ ਜਾਂਦਾ ਹੈ, ਅ ਦਾ ਨਿਗਮਨ ੲ ਹੈ। ੳ, ਅ, ੲ ਦੀ ਬਣਤਰ ਨਿਰਧਾਰਨ ਕਰਨੀ, ੳ ਦੇ ਅਧਾਰ 'ਤੇ ਅ ਦਾ ਨਿਗਮਣ ੲ ਕਰਨ ਸਮੇਂ ਹੋ ਸਕਣ ਵਾਲੀਆਂ ਤਰੁੱਟੀਆਂ ਦੀਆਂ ਕਿਸਮਾਂ, ਉਨ੍ਹਾਂ ਦਾ ਨਾਮਕਰਨ ਅਤੇ ਸੂਤਰਵਦ ਕਰਨਾ ਨਿਗਮਨ ਤਰਕ ਹੈ ਇਸ ਦਾ ਆਧੁਨਿਕ ਰੂਪ ਜਿਹੜਾ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਵਰਤਿਆ ਜਾਂਦਾ ਹੈ, ਰਾਹੀਂ ਇਹ ਹੋਰ ਸਾਫ਼ ਹੋ ਜਾਵੇਗਾ

ਹੇਠ ਦਿੱਤੇ ਚਿੱਤਰਾਂ, ਏ ਤੋਂ ਲੈ ਕੇ ਡੀ ਤੱਕ ਇੱਕ ਤਬਦੀਲੀ ਹੋ ਰਹੀ ਹੈ ਤਬਦੀਲੀ ਦੀ ... **ਬਾਕੀ ਪੰਨਾ 43 'ਤੇ**

# ਮਧੂ ਮੱਖੀਆਂ



ਪ੍ਰਿੰਸੀਪਲ ਰਿਪਨਜੀਤ ਕੌਰ ਸੋਨੀ ਬੱਗਾ

ਅਸੀਂ ਮਧੂ ਮੱਖੀਆਂ ਬਾਰੇ ਕਿੰਨਾ ਕੁ ਜਾਣਦੇ ਹਾਂ। ਆਓ ਅੱਜ ਕੁੱਝ ਇਹਨਾਂ ਬਾਰੇ ਜਾਣੀਏ। ਇੱਕ ਗੱਲ ਦਾ ਸਾਨੂੰ ਗਿਆਨ ਹੈ ਕਿ ਅਸੀਂ ਜਿੰਨੀਆਂ ਵੀ ਸਬਜ਼ੀਆਂ ਅਤੇ ਫਲ ਖਾਂਦੇ ਹਾਂ, ਇਹਨਾਂ ਨੂੰ ਮਧੂ ਮੱਖੀਆਂ, ਤਿਤਲੀਆਂ ਅਤੇ ਛੋਟੇ-ਛੋਟੇ ਪੰਛੀਆਂ, ਜਿਹੜੇ ਕਿ ਫਲਾਂ ਦਾ ਰਸ ਚੂਸ ਕੇ ਜਿਉਂਦੇ ਹਨ, ਦੁਆਰਾ ਕੁਦਰਤੀ ਤੌਰ 'ਤੇ ਪਰਾਗਣ ਜਾਂ ਭਰੂਣ ਪ੍ਰਕਿਰਿਆ ਜਾਂ ਪੌਲੀਨੇਟ ਕੀਤਾ ਹੁੰਦਾ ਹੈ। ਮਧੂ ਮੱਖੀਆਂ ਦੀ ਮਨੁੱਖੀ ਜੀਵਨ ਦੇ ਵਿੱਚ ਮਹਾਨਤਾ ਨੂੰ ਸਮਝ ਕੇ ਯੂਨਾਈਟਡ ਨੇਸ਼ਨ ਨੇ 20 ਮਈ ਨੂੰ ਅੰਤਰਰਾਸ਼ਟਰੀ ਮਧੂ ਮੱਖੀ ਦਿਵਸ ਮਨਾਉਣ ਦਾ ਫੈਸਲਾ ਕੀਤਾ ਹੈ। ਦੁਨੀਆਂ ਦੇ ਵਿੱਚ ਜੀਭ ਦੇ ਅਕਾਰ ਦੇ ਆਧਾਰ 'ਤੇ 14 ਕਿਸਮ ਦੀਆਂ ਮਧੂ ਮੱਖੀਆਂ ਦੀਆਂ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ। ਮਧੂ ਮੱਖੀਆਂ ਦੇ ਇੱਕ ਛੱਤੇ ਵਿੱਚ ਤਕਰੀਬਨ 30 ਤੋਂ 60 ਹਜ਼ਾਰ ਮਧੂ ਮੱਖੀਆਂ ਹੋ ਸਕਦੀਆਂ ਹਨ। ਇਸ ਲਈ ਇਸ ਤੋਂ ਜ਼ਰਾ ਬਚ ਕੇ ਰਹੋ। ਪਿਛਲੇ 3500 ਸਾਲਾਂ ਤੋਂ ਵੈਸਟਰਨ ਬੀ ਨਾਮ ਦੀ ਮਧੂ ਮੱਖੀ ਸਭ ਤੋਂ ਵੱਧ ਸ਼ਹਿਦ ਤਿਆਰ ਕਰਦੀ ਹੈ ਅਤੇ ਮਨੁੱਖਤਾ ਦੀ ਸੇਵਾ ਕਰ ਰਹੀ ਹੈ।



ਮਧੂ ਮੱਖੀਆਂ 15 ਕਿਲੋਮੀਟਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਉੱਡ ਸਕਦੀਆਂ ਹਨ।

ਮਧੂ ਮੱਖੀਆਂ ਵੱਲੋਂ ਬਣਾਏ ਗਏ ਸ਼ਹਿਦ ਦਾ ਸਵਾਦ ਅਤੇ ਰੰਗ ਇਸ ਉੱਤੇ ਨਿਰਭਰ ਕਰਦਾ ਹੈ ਕਿ ਉਸਦੇ ਆਲੇ ਦੁਆਲੇ ਕਿਹੜੇ ਫਲ ਸਨ ਜਿੱਥੋਂ ਮਧੂਮੱਖੀਆਂ ਨੇ ਰਸ ਚੂਸਿਆ, ਇਸ ਲਈ ਕੁਦਰਤੀ ਵਿਰਾਸਤੀ ਰੁੱਖਾਂ ਦਾ ਹੋਣਾ ਬੜਾ ਜ਼ਰੂਰੀ ਹੈ ਪੰਜਾਬ ਵਿੱਚ ਲੋਕ ਅੱਜ ਕੱਲ੍ਹ ਘਰਾਂ ਵਿੱਚ, ਪਾਰਕਾਂ ਵਿੱਚ ਅਤੇ ਸੰਸਥਾਵਾਂ ਦੇ ਵਿੱਚ ਖਾਸ ਕਰਕੇ ਖਜੂਰ ਜਾਂ ਪਾਮ ਆਦਿ ਕਈ ਕਿਸਮਾਂ ਦੇ ਦਰੱਖਤ ਲਗਾ ਰਹੇ ਹਨ ਜੋ ਕਿ ਸਹੀ ਨਹੀਂ ਹੈ। ਇਸ ਨਾਲ ਕੋਈ ਤੁਹਾਡਾ ਆਲਾ ਦੁਆਲਾ ਇੰਨਾ ਸੋਹਣਾ ਨਹੀਂ ਹੁੰਦਾ। ਵਿਰਾਸਤੀ ਰੁੱਖ ਲੱਖਾਂ ਸਾਲਾਂ ਤੋਂ ਇਸ ਧਰਤੀ ਦਾ ਸ਼ਿੰਗਾਰ ਹਨ। ਉਹਨਾਂ ਦੇ ਅਨੁਸਾਰ ਹੀ ਉੱਥੇ ਰਹਿਣ ਵਾਲੇ ਜੀਵ ਜੰਤੂ, ਪੰਛੀ ਕੀੜੇ ਮਕੌੜੇ ਪਨਪਦੇ ਹਨ। ਉਹਨਾਂ ਦਾ ਕੱਟਣਾ ਸਹੀ ਨਹੀਂ ਹੈ। ਨਿੰਬੂ ਜਾਤੀ, ਸੰਤਰੇ ਜਾਤੀ ਦੇ ਫਲਾਂ ਦੇ ਰੁੱਖ, ਸੇਬ, ਆਲੂ ਬੁਖਾਰਾ, ਸੁਖਚੈਨ, ਚਾਦਨੀ ਖਜੂਰ, ਲੁਕਾਠ, ਆੜੂ, ਅੰਬ, ਜਾਮਣ, ਨਿੰਮ, ਸ਼ਰੀਂਹ, ਕਿੱਕਰ, ਅਮਲਤਾਸ, ਧਰੇਕ, ਹਮੇਲੀਆ, ਪੈਟਨਸ ਆਦਿ, ਇਹਨਾਂ ਦੇ ਫੁੱਲਾਂ ਦੇ ਰਸ ਤੋਂ ਮਧੂਮੱਖੀਆਂ ਨੂੰ ਭੋਜਨ ਮਿਲਦਾ ਹੈ। ਜਿੰਨਾ ਟਿਊਬ ਵਰਗਾ ਲੰਬਾ ਚੌਲ ਹੋਏਗਾ ਉਨਾ ਜਿਆਦਾ ਰਸ ਮਧੂਮੱਖੀਆਂ ਨੂੰ ਮਿਲੇਗਾ ਅਤੇ ਜਿੰਨਾ ਵੱਡਾ ਰੁੱਖ ਹੋਏਗਾ ਉਨਾ ਮਧੂਮੱਖੀਆਂ ਨੂੰ ਜਿਆਦਾ ਲੰਮਾ ਸਮਾਂ ਖਾਣਾ ਮਿਲੇਗਾ, ਇਸ ਕਰਕੇ ਆਪਣੇ ਇਲਾਕੇ ਵਿੱਚ ਵੱਡੇ ਰੁੱਖਾਂ ਨੂੰ ਨਾ ਵੱਢੋ। ਤੁਸੀਂ ਇੱਕ ਗੱਲ ਦਾ ਧਿਆਨ ਦੇਣਾ ਕਿ ਸਾਰੇ ਰੁੱਖ ਇੱਕੋ ਸਮੇਂ ਫੁੱਲ ਨਹੀਂ ਦਿੰਦੇ। ਥੋੜ੍ਹੇ-ਥੋੜ੍ਹੇ ਦਿਨਾਂ ਬਾਅਦ ਹਰ ਰੁੱਖਾਂ ਬੂਟਿਆਂ ਦੀ ਕਿਸਮ ਅਲੱਗ ਸਮੇਂ ਫੁੱਲ ਦਿੰਦੀ ਹੈ ਤਾਂ ਕਿ ਜੀਵਾਂ ਦੀ ਭੋਜਨ ਲੜੀ ਚਲਦੀ ਰਹੇ। ਅਸੀਂ ਕੁਦਰਤ ਦੇ ਇਸ ਅਸੂਲ ਤੋਂ ਕਿਵੇਂ ਵਿਰਵੇ ਹੋ ਸਕਦੇ ਹਾਂ ਜਾਂ ਅਸੀਂ ਇਸ ਅਸੂਲ ਨੂੰ ਕਿਉਂ ਖ਼ਤਮ ਕਰ ਰਹੇ ਹਾਂ ਪੰਜਾਬ ਵਿੱਚ ਨਵੀਆਂ ਜਾਤੀਆਂ ਦੇ ਦੂਜੇ ਇਲਾਕਿਆਂ ਦੇ ਰੁੱਖ ਲਗਾ ਕੇ। ਅਸੀਂ ਮਧੂ ਮੱਖੀਆਂ ਬਾਰੇ ਗੱਲ ਕਰ ਰਹੇ ਸੀ,

ਮੁੱਖ ਤਿੰਨ ਕਿਸਮ ਦੀਆਂ ਮਧੂ ਮੱਖੀਆਂ ਹੁੰਦੀਆਂ ਹਨ :

1. ਰਾਣੀ ਮਧੂ ਮੱਖੀ   2. ਕਾਮੀ ਮਧੂ ਮੱਖੀ

3. ਨਰ ਜਾਂ ਡਰੋਨ ਮਧੂ ਮੱਖੀ

ਮਧੂ ਮੱਖੀਆਂ ਦੀ ਕਲੋਨੀ ਵਿੱਚ ਇੱਕ ਰਾਣੀ ਮੱਖੀ ਹੁੰਦੀ ਹੈ ਜੋ ਹਰ ਰੋਜ਼ 2000 ਦੇ ਕਰੀਬ ਅੰਡੇ ਦਿੰਦੀ ਹੈ।

ਕਾਮੀਆਂ ਮਧੂ ਮੱਖੀਆਂ ਛੱਤੇ ਦੀ ਸਫ਼ਾਈ ਕਰਦੀਆਂ ਹਨ, ਰਾਣੀ ਮਧੂ ਮੱਖੀ ਦਾ ਖ਼ਿਆਲ ਰੱਖਦੀਆਂ ਹਨ, ਉਸ ਦੀ ਸਫ਼ਾਈ ਕਰਦੀਆਂ ਰਹਿੰਦੀਆਂ ਹਨ। ਜਦੋਂ ਕਾਮੀ ਮਧੂ ਮੱਖੀ ਪੱਤਿਆਂ ਦਾ ਰਸ ਆਪਣੇ ਮੂੰਹ ਵਿੱਚ ਇਕੱਠਾ ਕਰ ਲੈਂਦੀ ਹੈ ਤਾਂ ਸਿੱਧੀ ਆਪਣੇ ਛੱਤੇ 'ਤੇ ਵਾਪਸ ਆਉਂਦੀ ਹੈ। ਕਾਮਾ ਮਧੂ ਮੱਖੀਆਂ ਮਾਦਾ ਹੁੰਦੀਆਂ ਹਨ ਅਤੇ ਬਹੁਤ ਸਾਰੀਆਂ ਹੁੰਦੀਆਂ ਹਨ ਇਕ ਕਾਲੋਨੀ ਵਿੱਚ। ਇੱਕ ਛੋਟੇ ਜਿਹੇ ਮਧੂਮੱਖੀਆਂ ਦੇ ਝੁੰਡ ਵਿੱਚ ਘੱਟੋ ਘੱਟ 30 ਹਜ਼ਾਰ ਮਧੂ ਮੱਖੀਆਂ ਹੁੰਦੀਆਂ ਹਨ। ਮਧੂ ਮੱਖੀਆਂ ਦੇ ਛੱਤੇ ਤੋਂ ਬੀਸ ਵੈਕਸ ਬਣਦੀ ਹੈ ਜੋ ਕਿ ਮੋਮਬੱਤੀਆਂ ਬਣਾਉਣ ਦੇ ਕੰਮ ਆਉਂਦੀ ਹੈ। ਸਰਦੀਆਂ ਵਿੱਚ ਡਰੋਨ ਜਾਂ ਨਰ ਮਧੂ ਮੱਖੀ ਖਾਣੇ ਦੀ ਘਾਟ ਕਾਰਨ ਛੱਤੇ ਵਿੱਚੋਂ ਬਾਹਰ ਕੱਢ ਦਿੱਤੀਆਂ ਜਾਦੀਆਂ ਹਨ। ਮਧੂ ਮੱਖੀ ਦੀਆਂ ਛੇ ਲੱਤਾਂ ਹੁੰਦੀਆਂ ਹਨ ਅਤੇ ਪੰਜ ਅੱਖਾਂ ਹੁੰਦੀਆਂ ਹਨ। ਮਧੂ

ਮੱਖੀਆਂ ਬਾਰੇ ਇੱਕ ਖ਼ਾਸ ਗੱਲ ਮਸ਼ਹੂਰ ਹੈ ਕਿ ਜੇਕਰ ਇਹਨਾਂ ਦਾ ਡੰਗ ਕੱਢ ਦਿੱਤਾ ਜਾਵੇ ਤਾਂ ਇਹ ਮਰ ਜਾਂਦੀਆਂ ਹਨ।

ਸਰਦੀਆਂ ਦੇ ਮੌਸਮ ਵਿੱਚ ਜਦੋਂ ਫੁੱਲਾਂ ਦੀ ਕਮੀ ਕਰਕੇ ਖਾਣੇ ਦੀ ਘਾਟ ਹੋ ਜਾਂਦੀ ਹੈ ਤਾਂ ਮਧੂ ਮੱਖੀਆਂ ਬੀਸਵੈਕਸ ਵੀ ਖਾ ਜਾਂਦੀਆਂ ਹਨ, ਜਾਂ ਫਿਰ ਕਮਜ਼ੋਰ ਮੱਖੀਆਂ ਨੂੰ ਖਾ ਜਾਂਦੀਆਂ ਹਨ।

ਗਰੀਕ ਲੋਕਾਂ ਵਿੱਚ ਕੁਦਰਤ ਦੇ ਖਾਣੇ ਵਜੋਂ ਮਸ਼ਹੂਰ ਸ਼ਹਿਦ ਇੱਕ ਉਹ ਪਦਾਰਥ ਹੈ ਜਿਸ ਨੂੰ ਕਿ ਮਧੂ ਮੱਖੀਆਂ ਬਣਾਉਂਦੀਆਂ ਹਨ। ਮਧੂ ਮੱਖੀਆਂ ਇਸ ਮਿੱਠੇ ਅਤੇ ਸੁਆਦ ਤਰਲ ਨੂੰ ਫੁੱਲਦਾਰ ਬੂਟਿਆਂ ਤੋਂ ਰਸ ਵਜੋਂ ਇਕੱਠਾ ਕਰਦੀਆਂ ਹਨ। ਜੇਕਰ ਸਾਰੇ ਹਾਲਾਤ ਅਨੁਕੂਲ ਹੋਣ ਤਾਂ ਸਾਲ ਦੇ ਵਿੱਚ ਇੱਕ ਮਧੂ ਮੱਖੀਆਂ ਦੇ ਛੱਤੇ ਤੋਂ ਤਕਰੀਬਨ 35 ਤੋਂ 40 ਕਿੱਲੋ ਤੱਕ ਸ਼ਹਿਦ ਬਣ ਸਕਦਾ ਹੈ। ਇਸ ਨੂੰ ਸ਼ਹਿਦ ਦੇ ਛੱਤੇ ਵਿੱਚ ਮਧੂ ਮੱਖੀਆਂ ਲਈ ਸਰਦੀਆਂ ਵਿੱਚ ਖ਼ੁਰਾਕ ਵਜੋਂ ਵੀ ਰੱਖਿਆ ਜਾਂਦਾ ਹੈ। ਕਈ ਤਰ੍ਹਾਂ ਦੇ ਤੱਤਾਂ ਨਾਲ ਭਰਪੂਰ ਸ਼ੁੱਧ ਸਹਿਦ ਵਿੱਚ ਅਮੀਨੋ ਐਸਿਡ, ਐਂਟੀਓਕਸੀਡੈਂਟਸ, ਵਿਟਾਮਿਨ, ਮਿਨਰਲ ਅਤੇ ਸ਼ੂਗਰ ਹੁੰਦੀ ਹੈ। ਇਸ ਵਿੱਚ ਕਾਫੀ ਮਾਤਰਾ ਵਿੱਚ ਫਰੂਕਟੋਜ ਹੁੰਦਾ ਹੈ, ਜੋ ਇਸ ਨੂੰ ਖੰਡ ਨਾਲੋਂ ਵੀ ਮਿੱਠਾ ਬਣਾਉਂਦਾ ਹੈ ਭਾਵੇਂ ਇਹ ਗਲਾਈਸੇਮਿਕ ਇੰਡੈਕਸ ਵਿੱਚ ਖੰਡ ਨਾਲੋਂ ਕਿਤੇ ਥੱਲੇ ਹੈ। ਇਹ ਇੰਡੈਕਸ ਉਨ੍ਹਾਂ ਖਾਣਿਆਂ ਦਾ ਰੇਟਿੰਗ ਸਿਸਟਮ ਹੈ, ਜਿਨ੍ਹਾਂ ਵਿੱਚ ਕਾਰਬੋਹਾਈਡ੍ਰੇਟਸ ਦੀ ਮਾਤਰਾ ਵੱਧ ਹੁੰਦੀ ਹੈ। ਇਹ ਦਰਸਾਉਂਦਾ ਹੈ ਕਿ ਕਿਵੇਂ ਤੁਹਾਡਾ ਖਾਣਾ ਤੇਜ਼ੀ ਨਾਲ ਤੁਹਾਡੀ ਬਲੱਡ ਸ਼ੂਗਰ (ਗਲੂਕੋਜ਼) ਪੱਧਰ ਉੱਤੇ ਅਸਰ ਪਾਉਂਦਾ ਹੈ। ਸਾਨੂੰ ਆਪਣੇ ਖਾਣਿਆਂ ਵਿੱਚ ਉਹਨਾਂ ਖਾਣਿਆਂ ਦੀ ਵਰਤੋਂ ਕਰਨੀ ਚਾਹੀਦੀ ਹੈ ਜਿਨ੍ਹਾਂ ਦਾ ਗਲਾਈਸੇਮਿਕ ਇੰਡੈਕਸ ਘੱਟ ਹੋਵੇ।

ਇੱਕ ਚਮਚ ਸ਼ਹਿਦ ਵਿੱਚ (20 ਗ੍ਰਾਮ ਸ਼ਹਿਦ) ਵਿੱਚ 58 ਕੇ ਸੀ ਏ ਐਲ ਊਰਜਾ, 15.3 ਗ੍ਰਾਮ ਕਾਰਬੋਹਾਈਡ੍ਰੇਟਸ, 0.1 ਗ੍ਰਾਮ ਪ੍ਰੋਟੀਨ, 0 ਗ੍ਰਾਮ ਫੈਟ ਹੁੰਦੀ ਹੈ।

**ਸ਼ਹਿਦ ਦੇ ਸਿਹਤ ਲਈ ਫਾਇਦੇ**

ਸ਼ਹਿਦ ਸਿਹਤ ਲਈ ਕਿਵੇਂ ਲਾਹੇਵੰਦ ਹੋ ਸਕਦਾ ਹੈ। ਇਹ ਇਸ ਦੀ ਪ੍ਰੋਸੈਸਿੰਗ ਦੇ ਨਾਲ ਨਾਲ ਉਨ੍ਹਾਂ ਫੁੱਲਾਂ ਦੀ ਗੁਣਵਤਾ ਉੱਤੇ ਵੀ ਨਿਰਭਰ ਕਰਦਾ ਹੈ ਜਿਨ੍ਹਾਂ ਤੋਂ ਮਧੂਮੱਖੀ ਨੇ ਸ਼ਹਿਦ ਇਕੱਠਾ ਕੀਤਾ ਹੋਵੇ। ਸੁਖਚੈਨ, ਨਿੰਮ, ਸ਼ਰੀਂਹ, ਕਿੱਕਰ, ਹਮੇਲੀਆ ਆਦਿ ਦੇ ਫੁੱਲ ਵਧੀਆ ਸ਼ਹਿਦ ਤਿਆਰ ਕਰਨ ਵਿੱਚ ਸਹਾਈ ਹੁੰਦੇ ਹਨ। ਜਿਨ੍ਹਾਂ ਨੇ ਮਧੂ ਮੱਖੀ ਪਾਲਣ ਦਾ ਕਿੱਤਾ ਅਪਣਾਉਣਾ ਹੈ ਉਹਨਾਂ ਦੇ ਆਪਣੇ ਇਲਾਕੇ ਦੇ ਵਿੱਚ ਕਿਲੋਮੀਟਰ ਦੇ ਘੇਰੇ ਦੇ ਵਿੱਚ ਇਹਨਾਂ ਰੁੱਖਾਂ ਦਾ ਹੋਣਾ ਲਾਜ਼ਮੀ ਹੈ।

ਸ਼ੁੱਧ ਸ਼ਹਿਦ, ਜਿਸ ਨੂੰ ਕਿ ਗਰਮ ਨਾ ਕੀਤਾ ਗਿਆ ਹੋਵੇ, ਜਾਂ ਕਿਸੇ ਹੋਰ ਪ੍ਰਕਿਰਿਆ ਜਿਸ ਵਿੱਚ ਪੈਸਚੁਰਾਈਜ਼ੇਸ਼ਨ, ਕਲੈਰੀਫਿਕੇਸ਼ਨ ਅਤੇ ਫਿਲਟਰ ਵਿੱਚੋਂ ਨਾ ਲੰਘਾਇਆ ਗਿਆ ਹੋਵੇ, ਉਸ ਵਿੱਚ ਸਿਹਤ ਨੂੰ ਲਾਭ ਪਹੁੰਚਾਉਣ ਵਾਲੇ ਸਾਰੇ ਪੋਸ਼ਕ ਤੱਤ ਮੌਜੂਦ ਹੋਣਗੇ।

ਸ਼ਹਿਦ ਨੂੰ ਕਈ ਸਾਲਾਂ ਤੱਕ ਐਂਟੀਸੈਪਟਿਕ (ਰੋਗਾਣੂਨਾਸ਼ਕ) ਵਜੋਂ ਵਰਤਿਆ ਜਾਂਦਾ ਰਿਹਾ ਹੈ। ਇਹ ਮੰਨਿਆ ਜਾਂਦਾ ਹੈ ਕਿ ਇਸ ਨਾਲ ਜ਼ਖ਼ਮਾਂ ਦੇ ਠੀਕ ਹੋਣ ਦੀ ਰਫ਼ਤਾਰ ਤੇਜ਼ ਹੋ ਜਾਂਦੀ ਹੈ। ਇਸ ਨਾਲ ਘੱਟ ਗੰਭੀਰ ਜ਼ਖ਼ਮ, ਛਾਲੇ ਅਤੇ ਸੜਨ ਦੇ ਜ਼ਖ਼ਮ ਵੀ ਠੀਕ ਹੋ ਜਾਂਦੇ ਹਨ। ਇਹ ਦੋ ਤੱਤਾਂ ਗਲੂਕੋਜ਼ ਅਤੇ ਫਰੋਕਟੋਜ਼ ਤੋਂ ਬਣਿਆ ਹੁੰਦਾ ਹੈ। ਇਹ ਦੋਵੇਂ ਪਾਣੀ ਸੋਖਦੇ ਹਨ। ਸ਼ਹਿਦ ਜ਼ਖ਼ਮ ਵਿੱਚੋਂ ਪਾਣੀ ਸੋਖ ਲੈਂਦਾ ਹੈ। ਇਸ ਨੂੰ ਸੁਕਾ ਕੇ ਜ਼ਖ਼ਮ ਵਿੱਚ ਰੋਗਾਣੂਆਂ ਦਾ ਵਿਕਾਸ ਘੱਟ ਜਾਵੇਗਾ ਅਤੇ ਉੱਲੀ ਵੀ ਰੁਕਦੀ ਹੈ। ਗਹਿਰੀ ਕਿਸਮ ਦੇ ਸ਼ਹਿਦ ਵਿੱਚ ਫਲੇਵੋਨੋਇਡਜ਼ ਜਿਹੇ ਕੈਮੀਕਲ ਕੰਪਾਊਂਡਜ ਦੀ ਭਾਰੀ ਮਾਤਰਾ ਹੁੰਦੀ, ਜੋ ਕਿ ਐਂਟੀ ਆਕਸੀਡੈਂਟ ਦੀ ਹੀ ਇੱਕ ਕਿਸਮ ਹੈ। ਫਲੇਵੋਨੋਇਡਜ਼ ਵਿੱਚ ਰੋਗਾਣੂਨਾਸ਼ਕ, ਲਾਗ ਨਾਸ਼ਕ, ਵਾਇਰਲ ਅਤੇ ਐਲਰਜੀ ਨਾਸ਼ਕ ਤੱਤ ਹੁੰਦੇ ਹਨ। ਐਂਟੀਔਕਸੀਡੈਂਟ ਫਲੇਵੋਨੋਇਡ ਕਾਰਨ ਕੁਝ ਲੋਕ ਸ਼ਹਿਦ ਨੂੰ ਸ਼ੂਗਰ ਦਾ ਇੱਕ ਸਿਹਤਮੰਦ ਬਦਲ ਮੰਨਦੇ ਹਨ। ਹਾਲਾਕਿ ਭਾਵੇਂ ਸ਼ਹਿਦ ਗਲਾਈਸੇਮਿਕ ਇੰਡੈਕਸ ਉੱਤੇ ਸ਼ੂਗਰ ਨਾਲ ਹੇਠਲੇ ਥਾਂ ਉੱਤੇ ਆਉਂਦਾ ਹੈ ਇਸ ਵਿੱਚ ਕੈਲੋਰੀਜ਼ ਦੀ ਮਾਤਰਾ ਕਾਫੀ ਵੱਧ ਹੁੰਦੀ ਹੈ, ਇਸ ਨਾਲ ਬਲੱਡ ਸ਼ੂਗਰ ਵੀ ਵੱਧ ਜਾਂਦੀ ਹੈ। ਇਸ ਲਈ ਇਸ ਨੂੰ ਘੱਟ ਮਾਤਰਾ ਵਿੱਚ ਹੀ ਲੈਣਾ ਚਾਹੀਦਾ ਹੈ।

**ਕੀ ਸ਼ਹਿਦ ਖੰਡ ਨਾਲੋਂ ਬਿਹਤਰ ਹੈ?**

ਇਸ ਪ੍ਰਸ਼ਨ ਦਾ ਜਵਾਬ ਹਾਂ ਵਿੱਚ ਹੈ ਅਸੀਂ ਵੇਖਦੇ ਹਾਂ ਕਿ ਸ਼ਹਿਦ ਗਲਾਈਸੇਮਿਕ ਇੰਡੈਕਸ ਵਿੱਚ ਸ਼ੂਗਰ ਨਾਲੋਂ ਹੇਠਲੇ ਨੰਬਰ ਉੱਤੇ ਆਉਂਦਾ ਹੈ ਯਾਨਿ ਇਹ ਤੇਜ਼ੀ ਨਾਲ ਖ਼ੂਨ ਵਿੱਚ ਸ਼ੂਗਰ ਦੀ ਮਾਤਰਾ ਨਹੀਂ ਵਧਾਉਂਦਾ। ਸ਼ਹਿਦ ਖੰਡ ਤੋਂ ਵੱਧ ਮਿੱਠਾ ਹੁੰਦਾ ਹੈ ਇਸ ਲਈ ਤੁਸੀਂ ਇਸ ਨੂੰ ਘੱਟ ਮਾਤਰਾ ਵਿੱਚ ਲੈ ਸਕਦੇ ਹੋ ਪਰ ਇਸ ਵਿੱਚ ਕੈਲੋਰੀਜ਼ ਦੀ ਮਾਤਰਾ ਥੋੜ੍ਹੀ ਵੱਧ ਹੁੰਦੀ ਹੈ ਇਸ ਲਈ ਇਸ ਨੂੰ ਖਾਣ ਲੱਗਿਆਂ ਧਿਆਨ ਰੱਖਣਾ ਜ਼ਰੂਰੀ ਹੈ। ਜੇਕਰ ਤੁਸੀਂ ਸ਼ਹਿਦ ਪਸੰਦ ਕਰਦੇ ਹੋ ਤਾਂ ਸ਼ੁੱਧ ਸ਼ਹਿਦ ਲਈ ਜਾ ਸਕਦੀ ਹੈ। ਇਸ ਵਿੱਚ ਸਫੈਦ ਖੰਡ ਨਾਲੋਂ ਵਧੇਰੇ ਵਿਟਾਮਿਨ, ਐਂਜ਼ਾਈਮ, ਐਂਟੀਓਕਸੀਡੈਂਟਸ ਅਤੇ ਹੋਰ ਨਿਊਟ੍ਰੀਐਂਟਸ ਹੁੰਦੇ ਹਨ।

ਮਧੂ ਮੱਖੀਆਂ ਬਾਰੇ ਗੱਲ ਚੱਲ ਰਹੀ ਹੈ। ਬੜੀ ਹੈਰਾਨੀ ਵਾਲਾ ਤੱਥ ਸਾਹਮਣੇ ਆਇਆ ਹੈ ਕਿ ਇਹ ਮਨੁੱਖ ਦੀ ਸ਼ਕਲ ਪਛਾਣ ਲੈਂਦੀਆਂ ਹਨ। ਮਧੂ ਮੱਖੀਆਂ ਦੀਆਂ ਅੱਖਾਂ ਇਸ ਤਰੀਕੇ ਨਾਲ ਬਣੀਆਂ ਹੁੰਦੀਆਂ ਹਨ ਕਿ ਇਹ ਬੰਦੇ ਦੇ ਨੈਣ ਨਕਸ਼ ਵਿਚ ਅੰਤਰ ਪਛਾਣ ਸਕਦੀਆਂ ਹਨ। ਜਦੋਂ ਮਧੂ ਮੱਖੀਆਂ ਨੂੰ ਕਿਧਰੇ ਖਾਣਾ ਮਿਲਦਾ ਹੈ ਤਾਂ ਇਹ ਇੱਕ ਖ਼ਾਸ ਕਿਸਮ ਦਾ ਨਾਚ ਕਰਦੀਆਂ ਹਨ ਜੋ ਦੱਸਦਾ ਹੈ ਕਿ ਖਾਣਾ ਕਿੰਨੀ ਕੁ ਦੂਰ ਹੈ ਅਤੇ ਕਿਸ ਜਗ੍ਹਾ ਹੈ, ਇਸ ਨਾਚ ਨੂੰ ਅੰਗਰੇਜ਼ੀ ਵਿੱਚ ਵੈਗਲ ਡਾਂਸ ਕਹਿੰਦੇ ਹਨ।

ਦੁਨੀਆਂ ਵਿੱਚ ਅੰਨ ਦੀ ਪ੍ਰਾਪਤੀ ਲਈ ਫੁੱਲਾਂ ਦਾ ਹੋਣਾ ਅਤੇ ਫਿਰ ਉਹਨਾਂ ਦੇ ਪ੍ਰਾਗ ਕਣਾਂ ਦਾ ਆਪਸ ਵਿੱਚ ਮਿਲਣਾ ਬੜਾ ਜ਼ਰੂਰੀ ਹੈ ਤਾਂ ਹੀ ਬੀਜ ਬਣੇਗਾ ਤੇ ਫਲ ਬਣੇਗਾ, ਇਸ ਸਾਰੇ ਕਾਰਜ ਵਿੱਚ ਮਧੂ ਮੱਖੀਆਂ ਦਾ ਬਹੁਤ ਵੱਡਾ ਰੋਲ ਹੈ। ਜਦੋਂ ਉਹ ਇੱਕ ਫੁੱਲ ਉੱਤੇ ਬੈਠਦੀਆਂ ਹਨ ਤਾਂ ਪਰਾਗ ਕਣ ਉਹਨਾਂ ਦੀਆਂ ਲੱਤਾਂ ਨੂੰ ਚਿੰਬੜ ਜਾਂਦੇ ਹਨ ਤੇ ਜਦੋਂ ਦੂਜੇ ਫੁੱਲਾਂ ਤੇ ਜਾਂਦੀਆਂ ਹਨ ਤਾਂ ਆਪਣੇ ਆਪ ਹੀ ਪਰਾਗ ਕਣ ਦੂਸਰੇ ਫੁੱਲ ਨੂੰ ਲੱਗ ਜਾਂਦੇ ਹਨ । ਇਸ ਤਰ੍ਹਾਂ ਦੇ ਨਾਲ ਫੁੱਲਾਂ ਤੋਂ ਫਲ ਅਤੇ ਬੀਜ ਬਣਦਾ ਹੈ। ਮਧੂ ਮੱਖੀਆਂ ਨਾ ਹੋਣ ਤਾਂ ਧਰਤੀ ਉੱਤੇ ਜੀਵਨ ਖਤਮ ਹੋ ਜਾਵੇਗਾ, ਇਹੋ ਇਸ ਲਿਖਤ ਦਾ ਤੱਤ ਹੈ। ਕੁੱਝ ਕੀੜੇਮਾਰ ਦਵਾਈਆਂ ਮਧੂ ਮੱਖੀਆਂ ਲਈ ਬਹੁਤ ਖ਼ਤਰਨਾਕ ਹਨ। ਪੂਰੀ ਦੁਨੀਆਂ ਵਿਚ ਉਹਨਾਂ ਦੀ ਵਰਤੋਂ ਫ਼ਸਲਾਂ ਉੱਤੇ ਖੁੱਲ੍ਹੇਆਮ ਹੋ ਰਹੀ ਹੈ। ਕਨੇਡਾ ਵਿਚ ਅਜੇ ਪਿੱਛੇ ਜਿਹੇ ਹੀ ਉਹਨਾਂ ਦੀ ਵਰਤੋਂ ਵਿਰੁੱਧ ਮਤਾ ਪਾਸ ਕੀਤਾ ਗਿਆ ਹੈ ਅਤੇ ਉਹਨਾਂ ਰਸਾਇਣਾਂ ਨੂੰ ਵਰਤਣ ਦੀ ਮਨਾਹੀ ਕਰ ਦਿੱਤੀ ਗਈ ਹੈ, ਪਰ ਕੁੱਝ ਦੇਸ਼ਾਂ ਨੂੰ ਛੱਡ ਕੇ ਬਾਕੀ ਸਾਰੇ ਸੰਸਾਰ ਵਿਚ ਉਹ ਨਿਰੰਤਰ ਛਿੜਕੇ ਜਾ ਰਹੇ ਹਨ। ਪੂਰੀ ਦੁਨੀਆਂ ਵਿਚ ਮਧੂ ਮੱਖੀਆਂ ਦੀ ਅਥਾਹ ਘਾਟ ਕਾਰਨ ਪਰਾਗਣ ਦੀ ਸਮੱਸਿਆ ਪੈਦਾ ਹੋ ਗਈ ਹੈ। ਬੂਟਿਆਂ ਨੂੰ ਪੂਰੀ ਤਰ੍ਹਾਂ ਫਲ ਨਹੀਂ ਲੱਗ ਰਹੇ ਅਤੇ ਖਾਣ ਵਾਲੇ ਪਦਾਰਥਾਂ ਦੀ ਘਾਟ ਪੈਦਾ ਹੋ ਰਹੀ ਹੈ

ਮਧੂ ਮੱਖੀਆਂ ਅਤਿਅੰਤ ਕੋਮਲ ਹੋਣ ਕਾਰਨ ਮਰ ਰਹੀਆਂ ਹਨ, ਪਰ ਲੋਕਾਂ/ਦੇਸ਼ਾਂ ਨੂੰ ਅਕਲ ਨਹੀਂ ਆ ਰਹੀ, ਜਾਂ ਫਿਰ ਉਹਨਾਂ ਨੂੰ ਸਮਝ ਨਹੀਂ ਹੈ। Nature ਪਰਚੇ ਦੇ ਹਵਾਲੇ ਨਾਲ ਇਹ ਸਿੱਧ ਕੀਤਾ ਗਿਆ ਹੈ ਕਿ ਮਧੂ ਮੱਖੀ ਸੰਸਾਰ ਦਾ ਸਭ ਤੋਂ ਵੱਧ ਮਹੱਤਵਪੂਰਨ ਜੀਵ ਹੈ। ਦੇਖੋ ਕੁਦਰਤ. ਧਰਤੀ ਉੱਤੇ ਪਾਏ ਜਾਣ ਵਾਲੇ ਜੀਵ, ਜੰਤੂ, ਪੌਦੇ ਆਪਸ ਦੇ ਵਿੱਚ ਇੱਕ ਦੂਜੇ ਉੱਤੇ ਕਿੰਨੇ ਨਿਰਭਰ ਹਨ। 98787 53423

**... ਪੰਨਾ 40 ਦਾ ਬਾਕੀ** ਨਿਸ਼ਾਨਦੇਹੀ ਕਰਕੇ, ਉਸ ਆਧਾਰ 'ਤੇ 1 ਤੋਂ 4 ਤੱਕ ਦੇ ਚਿੱਤਰਾਂ ਵਿੱਚੋਂ, ਡੀ ਤੋਂ ਬਾਅਦ ਆਉਣ ਵਾਲਾ ਚਿੱਤਰ ਲੱਭਣਾ ਜਾਂ ਇਹ ਕਹਿਣਾ ਕਿ ਇਨ੍ਹਾਂ ਵਿੱਚੋਂ ਕੋਈ ਨਹੀਂ, ਰੀਜ਼ਨਿੰਗ ਹੈ ਪ੍ਰਾਪਤ ਰੀਜ਼ਨ (ਤਰਕ) ਦੇ ਆਧਾਰ 'ਤੇ ਭਵਿੱਖ ਦੀ ਪਛਾਣ ਕਰਨੀ ਜਾਂ ਸਿੱਟਾ ਕੱਢਣਾ ਨਿਗਮਨ ਤਰਕ ਹੈ।




ਇਸ ਤਰ੍ਹਾਂ ਅੰਗਰੇਜ਼ ਤਰਕਸ਼ਾਸਤਰੀ ਜੌਹਨ ਵੈੱਨ (1834-1932) ਨੇ ਸ਼੍ਰੇਣੀ ਧਾਰਨਾਵਾਂ (Categorical propositions) ਦੇ ਆਪਸੀ ਸਬੰਧ ਦਰਸਾਉਣ ਲਈ ਚਿੱਤਰਾਂ ਦੀ ਵਰਤੋਂ ਦੀ ਖੋਜ ਕੀਤੀ। ਉਦਾਹਰਣ ਵਜੋਂ ਧਾਰਨਾਵਾਂ ਮੁਜਰਮ, ਜੇਬ ਕਤਰੇ ਅਤੇ ਝੱਪਟਮਾਰ ਨੂੰ ਸ਼੍ਰੇਣੀਬਧ ਕਰਨ ਅਤੇ ਆਪਸੀ ਸੰਬੰਧਾਂ ਨੂੰ ਦਰਸਾਉਂਦਾ ਚਿੱਤਰ




**A ਮੁਜ਼ਰਮ, B ਜੇਬ ਕਤਰੇ,**
**C ਝੱਪਟਮਾਰ, D ਕੁੱਝ ਝੱਪਟਮਾਰ ਜੇਬ ਕਤਰੇ ਅਤੇ ਝਪਟਮਾਰ ਦੋਨੋਂ ਹਨ।**

ਮੁਜ਼ਰਮ ਸ਼੍ਰੇਣੀ ਇੱਕ ਵੱਡੀ ਸ਼੍ਰੇਣੀ ਹੈ ਇਸ ਲਈ ਇੱਕ ਵੱਡਾ ਚੱਕਰ ਏ ਹੈ। ਹੋਰਨਾਂ ਤੋਂ ਇਲਾਵਾ ਇਸ ਦੇ ਅੰਦਰ ਦੋ ਉੱਪ ਸ਼੍ਰੇਣੀਆਂ ਜੇਬਕਤਰੇ ਬੀ ਅਤੇ ਝੱਪਟਮਾਰ ਸੀ ਆਉਂਦੇ ਹਨ ਪਰ ਕੁੱਝ ਝਪਟਮਾਰ ਜੇਬਕਤਰੇ ਵੀ ਹੁੰਦੇ ਹਨ। ਇਸ ਲਈ ਚੱਕਰ ਬੀ ਅਤੇ ਸੀ ਇੱਕ ਦੂਸਰੇ ਨੂੰ ਕੱਟਦੇ ਹਨ। ਵੈਨ ਚਿੱਤਰ (Venn Diagram) ਮੈਥ ਅਤੇ ਤਰਕ ਸਾਸਤਰ ਦੇ ਵਿਕਾਸ ਦੀ ਇੱਕ ਉਘੜਵੀਂ ਉਦਾਹਰਣ ਹੈ।

ਬੇਸ਼ੱਕ ਅਰਸਤੂ ਤੋਂ ਬਾਅਦ, ਵੱਖ-ਵੱਖ ਲੋੜਾਂ ਅਤੇ ਇਸ ਦੀ ਵਿਗਿਆਨ ਵਿੱਚ ਵਰਤੋਂ ਕਾਰਨ, ਪੱਛਮੀ ਤਰਕ ਸ਼ਾਸਤਰ ਨੇ ਬਹੁਤ ਵਿਕਾਸ ਕੀਤਾ ਹੈ ਪਰ ਅਰਸਤੂ ਦੀ ਰੱਖੀ ਅਧਾਰਸ਼ਿਲਾ ਅੱਜ ਵੀ ਕਾਇਮ ਹੈ। ਮੁੱਢਲੇ ਤਰਕ ਸ਼ਾਸਤਰ ਦਾ ਗਿਆਨ ਹੋਣਾ ਗੁੰਝਲਦਾਰ ਸਮੱਸਿਆਵਾਂ ਦੇ ਹੱਲ ਲਈ ਜ਼ਰੂਰੀ ਹੈ। ਬੇ-ਲੋੜਾ ਲਮਕਵੀਆਂ ਅਤੇ ਬੇ-ਸਿੱਟਾ ਬਹਿਸਾਂ ਤੋਂ ਬਚਣ ਵਿੱਚ ਤਰਕ ਸ਼ਾਸਤਰ ਮਦਦ ਕਰ ਸਕਦਾ ਹੈ। **94170-37843**

**ਈਸ਼ਵਰ**

ਬੰਦੂਕਾਂ 'ਤੇ ਸਾਰਾ ਦੋਸ਼ ਨਾ ਥੋਪਿਆ ਜਾਵੇ
ਕੁੱਝ ਲੋਕਾਂ ਨੇ ਤੈਅ ਕੀਤਾ
ਚਲੋ ਕੋਈ ਈਸ਼ਵਰ ਘੜਿਆ ਜਾਵੇ।

**- ਜਸਿੰਤਾ ਕੇਰਕੇਟਾ**

# ਦੇਸ਼ ਦਾ ਨਿੱਘਰ ਰਿਹਾ ਸਿਆਸੀ ਅਤੇ ਕਾਨੂੰਨੀ ਪ੍ਰਬੰਧ

**ਜਸਵੰਤ ਜੀਰਖ**



ਸਾਡੇ ਦੇਸ਼ ਦੀ ਸਿਆਸੀ ਅਤੇ ਕਾਨੂੰਨੀ ਵਿਵਸਥਾ ਦੇ ਨਿਘਾਰ ਲਈ ਜਿੱਥੇ ਰਾਜਨੀਤਕ ਪਾਰਟੀਆਂ ਜ਼ਿੰਮੇਵਾਰ ਹਨ, ਉੱਥੇ ਇਹਨਾਂ ਪਿੱਛੇ ਲੱਗੇ ਲੋਕਾਂ ਨੂੰ ਵੀ ਉਹਨਾਂ ਦੀ ਕਾਰਗੁਜ਼ਾਰੀ ਤੋਂ ਮੁਕਤ ਨਹੀਂ ਕੀਤਾ ਜਾ ਸਕਦਾ। 1947 ਤੋਂ ਬਾਅਦ ਪੌਣੀ ਸਦੀ ਦਾ ਸਮਾਂ ਬੀਤ ਜਾਣ 'ਤੇ ਵੀ ਜੇ ਲੋਕਾਂ ਦੇ ਜਿਉਣ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਨਹੀਂ ਹੋਈਆਂ, ਤਾਂ ਨੁਕਸ ਕਿੱਥੇ ਹੈ ? ਉਹ ਲੱਭਣਾ ਹੀ ਪਏਗਾ ਅਤੇ ਇਹ ਲੱਭਣਾ ਵੀ ਉਹਨਾਂ ਨੂੰ ਹੀ ਪੈਣਾ ਹੈ, ਜਿਹਨਾਂ ਦੀਆਂ ਇਹ ਲੋੜਾਂ ਪੂਰੀਆਂ ਨਹੀਂ ਹੋ ਰਹੀਆਂ ਤੇ ਉਹ ਭਾਵੇ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਣ। ਸਿਆਸਤਦਾਨਾਂ ਨੇ ਤਾਂ ਇੱਕ ਖੇਡ ਸ਼ੁਰੂ ਕਰ ਰੱਖੀ ਹੈ ਕਿ ਜਦੋਂ ਆਪਣੀ ਪਾਰਟੀ ਵਿੱਚੋਂ ਟਿਕਟ ਮਿਲਣ ਦੀ ਆਸ ਖਤਮ ਹੋ ਜਾਂਦੀ ਹੈ ਤਾਂ ਪਲਟੀ ਮਾਰਕੇ ਦੂਜੀ ਪਾਰਟੀ 'ਚ, ਜੇ ਉੱਥੇ ਵੀ ਮੰਤਵ ਪੂਰਾ ਨਾ ਹੋਵੇ ਤਾਂ ਤੀਜੀ ਵਿੱਚ। ਅੰਤ ਜੇ ਉੱਥੇ ਵੀ ਕੋਈ ਘਾਟ ਮਹਿਸੂਸ ਹੋਵੇ ਤਾਂ ਫਿਰ ਪਹਿਲੀ ਵਿੱਚ ਘਰ ਵਾਪਸੀ ਕਹਿ ਬੇਸ਼ਰਮੀ ਦੀ ਹੱਦ ਪਾਰ ਕਰ ਲਈ ਜਾਂਦੀ ਹੈ ਜਾਂ ਕੋਈ ਨਵੀਂ ਪਾਰਟੀ ਬਣਾਉਣ ਦਾ ਅਡੰਬਰ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਹਮਾਮ ਵਿੱਚ ਸਾਰੀਆਂ ਮੁੱਖ ਪਾਰਟੀਆਂ ਹੀ ਨੰਗੀਆਂ ਵਿਖਾਈ ਦੇ ਰਹੀਆਂ ਹਨ। ਲੋਕ ਭਾਵੇਂ ਇਹ ਸਾਰੀ ਖੇਡ ਦਰਸ਼ਕ ਬਣ ਕੇ ਵੇਖ ਰਹੇ ਹੁੰਦੇ ਹਨ, ਪਰ ਜਦੋਂ ਵੋਟਾਂ ਵੇਲੇ ਅਜਿਹੇ ਉਮੀਦਵਾਰ ਉਹਨਾਂ ਵਿੱਚ ਆਉਂਦੇ ਹਨ ਤਾਂ ਫੁੱਲਾਂ ਦੇ ਹਾਰ ਵੀ, ਉਹਨਾਂ ਦਰਸ਼ਕਾਂ ਵਿੱਚੋਂ ਹੀ ਕਈ ਉਸ ਉਮੀਦਵਾਰ ਦੇ ਗਲ ਵਿੱਚ ਪਾਉਣ ਲਈ ਲਾਈਨਾਂ ਬਣਾਈ ਖੜ੍ਹੇ ਹੁੰਦੇ ਹਨ। ਕਈ ਵਾਰ ਲੋਕਾਂ ਦਾ ਹਰਾਇਆ ਹੋਇਆ ਉਮੀਦਵਾਰ ਵੀ ਮੰਤਰੀ ਬਣਾ ਦਿੱਤਾ ਜਾਂਦਾ ਹੈ, ਤਾਂ ਕੀ ਇਹ ਲੋਕਾਂ ਨੂੰ ਟਿੱਚ ਸਮਝਕੇ ਉਹਨਾਂ ਦਾ ਮੂੰਹ ਚਿੜਾਉਣਾ ਨਹੀਂ ਤਾਂ ਹੋਰ ਕੀ ਹੈ ? ਇਸ ਤਰ੍ਹਾਂ ਇਹ ਵਰਤਾਰਾ ਲਗਾਤਾਰ ਚੱਲਦਾ ਅਸੀਂ ਸਾਰੇ ਵੇਖੀ ਜਾ ਰਹੇ ਹਾਂ।

ਪੰਜਾਂ ਸਾਲਾਂ ਬਾਅਦ ਹਰ ਵਾਰ ਅਜਿਹਾ ਕੁੱਝ ਹੁੰਦਾ ਅਕਸਰ ਚਲਦਾ ਆ ਰਿਹਾ ਹੈ, ਪਰ ਪਿਛਲੇ 10 ਕੁ ਸਾਲਾਂ ਤੋਂ ਇਸ ਦੀ ਰਫਤਾਰ ਹੋਰ ਵੀ ਤੇਜ ਹੋ ਗਈ ਹੈ। ਗੁਲਾਮਦਾਰੀ ਯੁੱਗ ਵਿੱਚ ਗੁਲਾਮਾਂ ਨੂੰ ਖਰੀਦਿਆ ਵੇਚਿਆ ਜਾਂਦਾ ਸੀ ਪਰ ਅੱਜ ਸਿਆਸੀ ਪਾਰਟੀਆਂ ਇੱਕ ਦੂਜੀ ਦੇ ਲੀਡਰਾਂ ਦੇ ਮੁੱਲ ਤਹਿ ਕਰਕੇ ਖਰੀਦੋ ਫਰੋਖਤ ਕਰਦੀਆਂ ਹਨ। ਦੇਸ਼ ਪ੍ਰਤੀ ਸੰਜੀਦਾ/ਚਿੰਤਕ ਲੋਕ ਅਜਿਹੇ ਵਰਤਾਰਿਆਂ ਬਾਰੇ ਅਕਸਰ ਲੋਕਾਂ ਨੂੰ ਸੁਚੇਤ ਵੀ ਕਰਦੇ ਆ ਰਹੇ ਹਨ ਪਰ ਇਹ ਜਾਗ੍ਰਿਤ ਕਰਨ ਵਾਲੇ ਕਿਸੇ ਵੀ ਪਾਰਟੀ ਨੂੰ ਨਹੀਂ ਭਾਉਂਦੇ, ਜਿਸ ਕਰਕੇ ਉਹਨਾਂ ਖਿਲਾਫ਼ ਝੂਠੇ ਇਲਜਾਮ ਲਾ ਕੇ ਜੇਲ੍ਹੀਂ ਬੰਦ ਕਰਨ ਦੀਆਂ ਵਿਉਂਤਾਂ ਸਰਕਾਰੀ ਸਰਪ੍ਰਸਤੀ ਹੇਠ ਬਣਾਈਆਂ ਜਾਂਦੀਆਂ ਹਨ। ਕਿੰਨੇ ਹੀ ਅਜਿਹੇ ਬੁੱਧੀਜੀਵੀ, ਪੱਤਰਕਾਰ, ਵਕੀਲ, ਡਾਕਟਰ, ਪ੍ਰੋਫੈਸਰ, ਰੰਗ ਕਰਮੀ ਭੀਮਾ ਕੋਰੇ ਗਾਓਂ, ਸ਼ਹੀਨ ਬਾਗ, ਜੇ ਐਨ ਯੂ ਦਿੱਲੀ ਦੇ ਝੂਠੇ ਕੇਸਾਂ ਵਿੱਚ ਜੇਲ੍ਹਾਂ 'ਚ ਬੰਦ ਹਨ, ਪਰ ਇਸ ਸਾਰੇ ਵਰਤਾਰੇ ਦੀ ਅਸਲੀਅਤ ਜਾਨਣ ਦੇ ਸਿੱਟੇ ਵਜੋਂ ਲੋਕਾਂ ਦੀ ਸਮਝ ਵਿੱਚ ਵਾਧਾ ਵੀ ਹੋ ਰਿਹਾ ਹੈ। ਉਹਨਾਂ ਨੂੰ ਸਮਝ ਲੱਗ ਰਹੀ ਹੈ ਕਿ ਇਹ ਜੇਲ੍ਹਾਂ ਵਿੱਚ ਬੰਦ ਲੋਕ ਕੋਈ ਦੇਸ਼ ਧ੍ਰੋਹੀ ਨਹੀਂ, ਜਿਵੇਂ ਕਿ ਉਹਨਾਂ ਬਾਰੇ ਸਰਕਾਰਾਂ ਅਤੇ ਗੋਦੀ ਮੀਡੀਆ ਪ੍ਰਚਾਰ ਰਿਹਾ ਹੈ। ਇਹ ਉਹ ਲੋਕ ਹਨ ਜਿਹੜੇ ਇਸ ਦੇਸ਼ ਨੂੰ ਅਸਲ ਦੇਸ਼ ਧ੍ਰੋਹੀਆਂ ਦੀ ਚੁੰਗਲ ਵਿੱਚੋਂ ਕੱਢਣਾ ਚਾਹੁੰਦੇ ਹਨ। ਹੁਣ ਇਹਨਾਂ ਲੋਕ ਨਾਇਕਾਂ ਬਾਰੇ ਕੀਤਾ ਜਾ ਰਿਹਾ ਝੂਠਾ ਸਰਕਾਰੀ ਭੰਡੀ ਪ੍ਰਚਾਰ ਲਗਾਤਾਰ ਨੰਗਾ ਹੋ ਰਿਹਾ ਹੈ ਜਿਸ ਕਾਰਣ ਲੋਕ ਇਹਨਾਂ ਨਾਇਕਾਂ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾ ਕੇ ਉਸ ਅਨੁਸਾਰ ਆਪਣੀ ਜ਼ਿੰਦਗੀ ਨਾਲ ਸਬੰਧਤ ਮਸਲਿਆਂ ਦੇ ਹੱਲ ਲਈ ਸਿਆਸੀ ਪਾਰਟੀਆਂ ਤੋਂ ਆਸ ਛੱਡ ਜਥੇਬੰਦਕ ਸੰਘਰਸ਼ਾਂ ਦਾ ਰਾਹ ਵੀ ਫੜ੍ਹ ਰਹੇ ਹਨ। ਦਿੱਲੀ ਦੀਆਂ ਬਰੂਹਾਂ 'ਤੇ ਇੱਕ ਸਾਲ ਤੋਂ ਵੀ ਵੱਧ ਸਮਾਂ ਲੜਿਆਂ ਸੰਘਰਸ਼ ਇਸ ਗੱਲ ਦਾ ਜਾਹਰਾ ਸਬੂਤ ਹੈ, ਜਿਸ ਵਿੱਚ ਕਿਸੇ ਵੀ ਸਿਆਸੀ ਪਾਰਟੀ ਨੂੰ ਉਹਨਾਂ ਵੱਲੋਂ ਆਪਣੀ ਸਟੇਜ 'ਤੇ ਚੜ੍ਹਨ ਨਹੀਂ ਦਿੱਤਾ ਗਿਆ। ਅਜਿਹੇ ਸੰਘਰਸ਼ੀ ਮੋਰਚਿਆਂ ਦਾ ਉਭਾਰ ਉਠਣ ਦੇ ਅਸਾਰ ਹੋਰ ਵੀ ਤੇਜ ਹੋਣੇ ਸੰਭਾਵਤ ਹਨ।

ਇਹਨਾਂ ਲੋਕ ਸੰਘਰਸ਼ਾਂ ਦੇ ਤੇਜ ਹੋਣ ਦੀਆਂ ਸੰਭਾਵਨਾਵਾਂ ਕਾਰਣ ਹੁਣ ਕੇਂਦਰ ਸਰਕਾਰ ਨੇ ਲੋਕਾਂ ਦੇ ਅੱਖੀਂ ਘੱਟਾ ਪਾ ਕੇ ਅੰਗਰੇਜ਼ ਵੇਲੇ ਦੇ ਬਸਤੀਵਾਦੀ ਕਾਨੂੰਨ ਖਤਮ ਕਰਨ ਦੇ ਬਹਾਨੇ, ਨਵੇਂ ਫੌਜਦਾਰੀ ਕਾਨੂੰਨ ਬਿਨਾਂ ਕਾਨੂੰਨੀ ਪ੍ਰਕਿਰਿਆ ਅਪਣਾਉਂਦਿਆਂ ਪਾਸ ਕਰਕੇ, ਪਹਿਲੀ ਜੁਲਾਈ, 2024 ਤੋਂ ਲਾਗੂ ਕੀਤੇ ਹਨ। ਅੰਗਰੇਜ਼ਾਂ ਦੇ ਨਾਂ 'ਤੇ ਬੋਲਿਆਂ ਝੂਠ ਓਦੋਂ ਨੰਗਾ ਹੋ ਗਿਆ, ਜਦੋਂ ਕਾਨੂੰਨੀ ਮਾਹਰਾਂ ਨੇ ਇਹਨਾਂ ਕਾਨੂੰਨਾਂ ਦੀ ਤੁਲਨਾ ਅੰਗਰੇਜ਼ਾਂ ਵੱਲੋਂ ਭਾਰਤੀ ਲੋਕਾਂ ਦੀ ਆਜ਼ਾਦੀ ਦੇ ਸੰਘਰਸ਼ਾਂ ਨੂੰ ਦਬਾਉਣ ਲਈ ਲਿਆਂਦੇ ਰੋਲਟ ਐਕਟ ਨਾਲ

ਕਰਦਿਆਂ ਸਪਸ਼ਟ ਕੀਤਾ, ਕਿ ਇਨ੍ਹਾਂ ਨਵੇਂ ਕਾਨੂੰਨਾਂ ਰਾਹੀਂ ਵੀ ਲੋਕਾਂ ਦੇ ਹੱਕੀ ਸੰਘਰਸ਼ਾਂ ਨੂੰ ਕੁਚਲਣ ਦੇ ਹਥਿਆਰ ਵਜੋਂ, ਰੋਲਟ ਐਕਟ ਦੇ ਹੀ ਦੰਦ ਹੋਰ ਤਿੱਖੇ ਕੀਤੇ ਗਏ ਹਨ। ਮਾਹਰ ਦੱਸਦੇ ਹਨ ਕਿ ਇਹਨਾਂ ਕਾਨੂੰਨਾਂ ਵਿੱਚ 80% ਪਹਿਲਾਂ ਵਾਲਾ ਹੀ ਹੈ, ਜੋ ਬਦਲਿਆ ਹੈ ਉਹ ਹੋਰ ਵੀ ਘਾਤਕ ਹੈ। ਕਾਨੂੰਨਾਂ ਵਿੱਚ ਸੋਧ ਹਮੇਸ਼ਾ ਲੋਕਾਂ ਦੀ ਸਹੂਲਤ ਲਈ ਹੋਣੀ ਚਾਹੀਦੀ ਹੈ, ਨਾ ਕਿ ਉਹਨਾਂ ਦੀ ਹੱਕੀ ਤੇ ਜਮਹੂਰੀ ਆਵਾਜ ਬੰਦ ਕਰਨ ਲਈ। ਇਹ ਵੀ ਸਾਫ ਹੋ ਗਿਆ ਹੈ ਕਿ ਜਿਵੇਂ 3 ਖੇਤੀ ਕਾਨੂੰਨ ਲਾਗੂ ਕਰਨ ਵੇਲੇ ਖੇਤੀ ਲਈ ਬਹੁਤ ਫਾਇਦੇ ਵਾਲੇ ਕਰਾਰ ਦਿੱਤੇ ਗਏ ਸਨ, ਉਸੇ ਤਰ੍ਹਾਂ ਇਹਨਾ ਕਾਨੂੰਨਾਂ ਨੂੰ ਵੀ ਲੋਕਾਂ ਦੇ ਹਿੱਤ ਵਿੱਚ ਹੋਣ ਦਾ ਢੰਡੋਰਾ ਪਿੱਟਿਆ ਗਿਆ ਜੋ ਖੇਤੀ ਕਾਨੂੰਨਾਂ ਦੀ ਤਰ੍ਹਾਂ ਕੀਤੇ ਝੂਠੇ ਪ੍ਰਾਪੇਗੰਡੇ ਵਾਂਗੂ ਹੀ ਕੋਰਾ ਝੂਠ ਨਿਕਲਿਆ।

ਦੇਸ ਦੀ ਸਿਆਸੀ ਅਤੇ ਕਾਨੂੰਨੀ ਹਾਲਤ ਬਾਰੇ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੀ ਪੜ੍ਹੀ ਲਿਖੀ ਇਕ ਸਵਰਾ ਭਾਸਕਰ ਨਾਂ ਦੀ ਲੜਕੀ ਨੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਬਹੁਤ ਬੇ ਬਾਕ ਸ਼ਬਦਾਂ ਰਾਹੀਂ ਸਪਸ਼ਟ ਕੀਤਾ ਹੈ। ਉਸਨੇ ਸਿਆਸਤ ਬਾਰੇ ਗੱਲ ਕਰਦਿਆਂ ਕਿਹਾ ਕਿ ਗੁਜਰਾਤ ਦੇ ਮੁੱਖ ਮੰਤਰੀ ਤੋਂ ਦੇਸ਼ ਦੇ ਪ੍ਰਧਾਨ ਮੰਤਰੀ ਤੱਕ ਪਹੁੰਚਣ ਤੱਕ ਦੇ ਸਫ਼ਰ ਵਿੱਚ ਪਾਖੰਡ, ਅੰਧਵਿਸ਼ਵਾਸ, ਸੰਪਰਦਾਇਕਤਾ, ਢੌਂਗ, ਝੂਠ, ਹਿੰਸਾ ਦੇ ਧੱਬੇ ਲੱਗੇ ਹੋਏ ਹਨ ਇਸਤਰੀ ਬਲਾਤਕਾਰ, ਜਾਤੀ, ਧਰਮ, ਦਾ ਜਹਿਰ ਇਹਨਾਂ ਦੀ ਸਿਆਸਤ ਹੈ। ਉਸਨੇ ਦੱਸਿਆ ਕਿ ਜੇ ਐਨ ਯੂ ਦਾ ਵਿਦਿਆਰਥੀ ਆਗੂ ਉਮਰ ਖਾਲਿਦ ਜੋ ਪਿਛਲੇ 4 ਸਾਲ ਤੋਂ ਇਸ ਕਰਕੇ ਝੂਠੇ ਕੇਸ ਵਿੱਚ ਜੇਲ੍ਹ 'ਚ ਬੰਦ ਹੈ, ਕਿਉਂਕਿ ਉਹ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਆਲੋਚਕ ਅਤੇ ਮੁਸਲਮਾਨ ਧਰਮ ਦਾ ਹੈ। ਸਵਰਾ ਭਾਸਕਰ ਨੇ ਬੜੇ ਫ਼ਖਰ ਨਾਲ ਕਿਹਾ ਕਿ ਉਹ ਆਪ ਉਮਰ ਖਾਲਿਦ ਦੇ ਵਿਚਾਰਾਂ ਨੂੰ ਠੀਕ ਮੰਨਦੀ ਹੈ ਅਤੇ ਉਹੀ ਕੁੱਝ ਬੋਲਦੀ ਹੈ ਜੋ ਉਮਰ ਬੋਲਦਾ ਹੈ ਅਸੀਂ ਇਕੱਠੇ ਹੀ ਪ੍ਰਚਾਰ ਕਰਦੇ ਰਹੇ ਹਾਂ ਜਿਸ ਕਰਕੇ ਮੇਰਾ ਨਾਂ ਵੀ 2-3 ਵਾਰ ਉਸ ਨਾਲ ਸਬੰਧਤ ਕੇਸਾਂ ਵਿੱਚ ਆਇਆ ਸੀ ਪਰ ਇਤਫ਼ਾਕ ਨਾਲ ਮੈਂ ਇੱਕ ਅੰਗਰੇਜ਼ੀ ਪੜ੍ਹੇ ਲਿਖੇ ਸਵਰਨ ਹਿੰਦੂ ਪ੍ਰਵਾਰ 'ਚੋਂ ਹਾਂ ਤੇ ਮੇਰੀ ਮਾਂ ਜੇ ਐਨ ਯੂ ਦੀ ਪ੍ਰੋਫੈਸਰ ਰਹੀ ਹੈ ਅਤੇ ਪਿਤਾ ਵੀ ਚੰਗੀ ਹੈਸੀਅਤ ਰੱਖਦੇ ਹਨ। ਮੈਂ ਹਿੰਦੂ ਹੋਣ 'ਤੇ ਵੀ ਮੁਸਲਮਾਨ ਲੜਕੇ ਨਾਲ ਪਰਿਵਾਰਾਂ ਦੀ ਸਹਿਮਤੀ ਨਾਲ ਸ਼ਾਦੀ ਕੀਤੀ ਹੈ। ਮੈਂ ਇਸ ਕਰਕੇ ਜੇਲ੍ਹ ਵਿੱਚ ਨਹੀਂ, ਕਿਉਂਕਿ ਹਿੰਦੂ ਹਾਂ, ਜਿਸ ਕਰਕੇ ਉਹ ਸੋਚਦੇ ਹਨ ਕਿ ਜੇ ਇਸ ਨਾਲ ਅਜਿਹਾ ਕੀਤਾ ਤਾਂ ਕੁੱਝ ਜਿਆਦਾ ਹੋ ਜਾਵੇਗਾ। ਉਸਨੇ ਦੱਸਿਆ ਕਿ 4 ਸਾਲ ਦਾ ਸਮਾਂ ਬਹੁਤ ਲੰਮਾ ਹੁੰਦਾ ਹੈ, ਮੇਰੀ ਜ਼ਿੰਦਗੀ ਇਹਨਾਂ ਸਾਲਾਂ ਵਿੱਚ ਕਿੱਥੋਂ ਕਿੱਥੇ ਪਹੁੰਚ ਗਈ ਹੈ, ਪਰ ਉਮਰ ਜੇਲ੍ਹ ਵਿੱਚ ਹੀ ਹੈ। ਉਸ ਨੇ ਨਿਆਂ ਵਿਵਸਥਾ 'ਤੇ ਸਵਾਲ ਕਰਦਿਆਂ ਪੁੱਛਿਆ ਕਿ ਉਮਰ ਖਾਲਿਦ ਦੀ ਜਮਾਨਤ ਲਈ ਕੇਸ ਦੀ ਸੁਣਵਾਈ ਕਰਨ ਤੋਂ, ਜੱਜ ਇਹ ਕਹਿ ਕੇ ਆਪਣੇ ਆਪ ਨੂੰ ਪਿੱਛੇ ਕਰ ਲੈਂਦਾ ਹੈ ਕਿ ਉਹ ਇਸ ਸੁਣਵਾਈ ਕਰਨ ਦੇ ਕਾਬਲ ਨਹੀਂ। ਕੀ ਇਸ ਜੱਜ ਨੂੰ ਅਸਤੀਫਾ ਨਹੀਂ ਦੇ ਦੇਣਾ ਚਾਹੀਦਾ? ਜੱਜ ਬਣਨ ਲਈ ਉਸ ਨੇ ਕਿੰਨੀ ਪੜ੍ਹਾਈ ਕੀਤੀ ਹੋਵੇਗੀ, ਜੇ ਫਿਰ ਵੀ ਕਾਬਲ ਨਹੀਂ ਤਾਂ ਫਿਰ ਕੀ ਉਹ ਲੋਕਾਂ ਨਾਲ ਧੋਖਾ ਨਹੀਂ ਕਰ ਰਿਹਾ? ਬਿਨ੍ਹਾ ਕੇਸ ਚਲਾਏ ਕਿਸੇ ਨੂੰ ਜੇਲ੍ਹ 'ਚ ਰੱਖਕੇ ਜਮਾਨਤ ਵੀ ਨਾ ਦੇਣੀ ਕਿਹੜੀ ਕਾਨੂੰਨੀ ਪ੍ਰਕਿਰਿਆ ਹੈ?

ਉੱਥੇ ਵਕੀਲ ਕਪਿਲ ਸਿੱਬਲ ਨੇ 20 ਮਿੰਟ ਇਸ ਕੇਸ ਦੀ ਬੇਗੁਨਾਹੀ ਦੱਸਣ ਲਈ ਸਮਾਂ ਮੰਗਿਆ ਸੀ, ਪਰ ਉਸ ਨੂੰ ਸਮਾਂ ਨਹੀਂ ਦਿੱਤਾ ਗਿਆ। ਇਸ 'ਤੇ ਦੁੱਖ ਜਾਹਰ ਕਰਦਿਆਂ ਉਸ ਕਿਹਾ ਕਿ ਚੀਫ ਜਸਟਿਸ ਪ੍ਰਧਾਨ ਮੰਤਰੀ ਨੂੰ ਗਣੇਸ਼ ਪੂਜਾ ਲਈ ਸਮਾਂ ਦੇ ਸਕਦੇ ਹਨ, ਪਰ ਜੋ ਉਹਨਾਂ ਦੀ ਜ਼ਿੰਮੇਵਾਰੀ ਹੈ ਉਸ ਲਈ 20 ਮਿੰਟ ਨਹੀਂ ਦੇ ਸਕਦੇ। ਉਸ ਨੇ ਸਵਾਲ ਕੀਤਾ ਹੈ ਕਿ ਨਿਆ ਦੇਣ ਲਈ ਜੱਜਾਂ ਨੂੰ ਕਿਸ ਤੋਂ ਡਰ ਲਗਦਾ ਹੈ? ਆਮ ਲੋਕਾਂ ਨੂੰ ਤਾਂ ਰੋਜ਼ਗਾਰ ਚਲੇ ਜਾਣ, ਮੁਸਲਮਾਨ ਤੇ ਦਲਿਤਾਂ ਨੂੰ ਕੁੱਟੇ ਜਾਣ ਦਾ ਡਰ ਹੋਵੇਗਾ, ਪਰ ਇੱਕ ਜੱਜ ਨੂੰ ਕਿਸ ਦਾ ਡਰ ਹੋ ਸਕਦਾ ਹੈ? ਕੀ ਉਹਨਾਂ ਨੂੰ ਬੁੱਢੇ ਹੋ ਜਾਣ ਬਾਅਦ ਵੀ ਰਾਜ ਸਭਾ ਦਾ ਮੈਂਬਰ, ਗਵਰਨਰ ਜਾਂ ਕਿਸੇ ਅਦਾਰੇ ਦਾ ਚੇਅਰਮੈਨ ਬਣਨ ਦਾ ਲਾਲਚ ਹੈ? ਉਹਨਾਂ ਕਿਹਾ ਕਿ ਨਿਆ ਕਰਨ ਨਾਲ ਹੁੰਦਾ ਹੈ, ਬੋਲਣ ਨਾਲ ਨਹੀਂ। ਇਨਸਾਫ ਧਾਰਮਿਕ ਅਕੀਦੇ ਨਾਲ ਨਹੀਂ, ਸੰਵਿਧਾਨਿਕ ਪ੍ਰਕਿਰਿਆ ਅਨੁਸਾਰ ਹੋਣਾ ਚਾਹੀਦਾ ਹੈ। ਜਿਹੜੇ ਲੋਕਾਂ ਨੂੰ ਝੂਠੇ ਕੇਸਾਂ ਵਿੱਚ ਫਸਾਇਆ ਗਿਆ, ਉਹਨਾਂ ਦੇ ਸਾਲਾਂ ਬੱਧੀ ਜੇਲ੍ਹ ਵਿੱਚ ਰਹਿਣ ਦੇ ਬਾਵਜੂਦ ਵੀ ਕੇਸ ਟ੍ਰਾਇਲ ਸ਼ੁਰੂ ਨਹੀਂ ਹੋਏ, ਤਾਂ ਅਜਿਹੀ ਨਿਆ ਵਿਵਸਥਾ ਕਿਸ ਕੰਮ ਦੀ? ਉਹਨਾਂ ਦੇਸ਼ ਦੇ ਵਿਕਾਸ ਲਈ ਵੀ ਟਿੱਪਣੀ ਕਰਦਿਆਂ ਕਿਹਾ ਕਿ ਧਾਰਮਿਕ ਸਥਾਨਾਂ ਦੇ ਵਿਕਾਸ ਨੂੰ ਵਿਕਾਸ ਨਹੀਂ ਕਿਹਾ ਜਾਂਦਾ, ਸਗੋਂ ਰੋਜ਼ਗਾਰ ਦੇ ਕੇ ਮਹਿੰਗਾਈ 'ਤੇ ਕੰਟਰੋਲ ਕਰਕੇ ਲੋਕਾਂ ਦਾ ਜੀਵਨ ਪੱਧਰ ਸੁਧਾਰਨਾ ਹੁੰਦਾ ਹੈ ਜਹਾਜ਼ਾਂ ਰਾਹੀਂ ਚੋਣ ਪ੍ਰਚਾਰ ਕਰਨ ਵਾਲਿਆਂ ਪਾਸੋਂ ਗਰੀਬੀ ਤੇ ਮਹਿੰਗਾਈ ਤੋਂ ਛੁਟਕਾਰੇ ਦੀ ਆਸ ਨਾ ਰੱਖੋ।

ਅਜਿਹੇ ਸਮੇਂ ਹੀ ਦੇਸ਼ ਵਿੱਚ ਮਨੁੱਖੀ ਹੱਕਾਂ ਦੀ ਪਹਿਰੇਦਾਰੀ ਕਰ ਰਹੇ ਸਟੇਨ ਸਵਾਮੀ ਨੂੰ ਜਮਾਨਤ ਨਾ ਮਿਲਣ ਕਾਰਣ ਜੇਲ੍ਹ ਵਿਚ ਹੀ ਆਪਣੀ ਜਾਨ ਦੇਣੀ ਪਈ, ਜਿਸ ਨੂੰ ਸਿੱਧੇ ਤੌਰ 'ਤੇ ਇਕ ਸਿਆਸੀ ਕਤਲ ...ਬਾਕੀ ਪੰਨਾ 55'ਤੇ

# ਸੇਂਧਾ ਲੂਣ ਜਾਂ ਚਿੱਟਾ ਲੂਣ ?

ਅੱਜਕੱਲ੍ਹ ਸੇਂਧਾ ਲੂਣ ਦੀ ਖੂਬ ਇਸ਼ਤਿਹਾਰਬਾਜ਼ੀ ਹੋ ਰਹੀ ਹੈ, ਸੇਂਧਾ ਲੂਣ ਨੂੰ ਪੇਟ/ਜਿਗਰ ਦੀਆਂ ਬਿਮਾਰੀਆਂ ਨੂੰ ਦੂਰ ਕਰਨ, ਇੱਥੋਂ ਤੱਕ ਦਿਮਾਗ ਲਈ ਅੱਤ ਦੀ ਜ਼ਰੂਰੀ ਚੀਜ਼ ਵਜੋਂ ਪ੍ਰਚਾਰਿਆ ਜਾ ਰਿਹਾ ਹੈ ਅਤੇ ਨਾਲ਼ ਹੀ ਚਿੱਟੇ ਲੂਣ ਨੂੰ ਬਿਮਾਰੀਆਂ ਦੀ ਜੜ੍ਹ। ਇੱਥੋਂ ਤੱਕ ਕਿ ਕਈ ਬੰਦੇ ਤਾਂ ਚਿੱਟੇ ਲੂਣ ਨੂੰ ਜ਼ਹਿਰ ਗਰਦਾਨ ਰਹੇ ਹਨ। ਕੀ ਇਹਨਾਂ ਦਾਅਵਿਆ ਵਿੱਚ ਕੋਈ ਸੱਚਾਈ ਹੈ, ਇਸ ਪੋਸਟ ਦਾ ਵਿਸ਼ਾ ਇਹੀ ਹੈ।

ਸੇਂਧਾ ਲੂਣ, ਪਿੰਕ ਸਾਲਟ, ਪਹਾੜੀ ਲੂਣ, ਕਾਲਾ ਲੂਣ, ਰਾਕ ਸਾਲਟ, ਹਿਮਾਲਿਅਨ ਸਾਲਟ, ਪਾਕਿਸਤਾਨੀ ਲੂਣ ਇਹ ਸਾਰੇ ਲੂਣ ਮੋਟੇ ਰੂਪ ਵਿੱਚ ਇੱਕੋ ਜਿਹੇ ਹੀ ਹਨ, ਸਿਰਫ਼ ਰੰਗ ਤੇ ਸਵਾਦ ਦੇ ਤਿੱਖੇਪਣ ਵਿੱਚ ਕੁੱਝ ਕੁੱਝ ਅੰਤਰ ਹੁੰਦਾ ਹੈ। ਇਹ ਸਾਰੇ ਲੂਣ ਅਲੱਗ ਅਲੱਗ ਥਾਂਵਾਂ ਤੋਂ ਧਰਤੀ ਹੇਠੋਂ ਜਾਂ ਚਟਾਨਾਂ ਹੇਠੋਂ ਕੱਢੇ ਜਾਂਦੇ ਹਨ ਅਤੇ ਫ਼ਿਰ ਸੁਧਾਈ ਕਰਕੇ ਵਰਤੋਂ ਲਈ ਪੈਕ ਕੀਤੇ ਜਾਂਦੇ ਹਨ।

ਫੇਸਬੁੱਕ ਉੱਪਰ ਬਣਿਆ ਹੋਇਆ "ਸਾਡਾ ਡਾਕਟਰ- Saada-Our Doctor" ਨਾਮ ਦਾ ਉਪਰੋਕਤ ਪੇਜ ਕੁੱਝ ਕੁ ਲੋਕ ਸਰੋਕਾਰ ਰੱਖਣ ਵਾਲੇ ਡਾਕਟਰਾਂ ਦਾ ਇੱਕ ਅਜਿਹਾ ਮੰਚ ਹੈ, ਜਿਸ ਦਾ ਉਦੇਸ਼ ਹੈ ਆਮ ਲੋਕਾਂ ਨਾਲ ਸਰਲ ਭਾਸ਼ਾ ਦੇ ਵਿੱਚ ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਬਾਰੇ ਜਾਣਕਾਰੀ ਸਾਂਝੀ ਕਰਨੀ, ਬਿਮਾਰੀਆਂ ਦੇ ਕਾਰਨਾਂ ਅਤੇ ਇਲਾਜ ਨਾਲ ਜੁੜੀਆਂ ਮਿੱਥਾਂ/ਵਹਿਮਾਂ ਬਾਬਤ, ਇਲਾਜ ਦੇ ਵਿਗਿਆਨਿਕ ਤੌਰ ਤਰੀਕੇ, ਸਿਹਤ ਸਬੰਧੀ ਆਮ ਸਵਾਲਾਂ ਅਤੇ ਸਿਹਤ ਢਾਂਚੇ ਬਾਰੇ ਵਿਚਾਰਾਂ ਦੀ ਸਾਂਝ ਕਰਨੀ। ਸਮਾਜ ਵਿੱਚ ਫੈਲ ਰਹੀਆਂ ਗੈਰ ਵਿਗਿਆਨਕ ਧਾਰਨਾਵਾਂ ਦਾ ਖੰਡਨ ਕਰਦੇ ਹੋਏ, ਸੁਚੱਜੀ ਵਿਗਿਆਨਕ ਜਾਣਕਾਰੀ ਨੂੰ ਫੈਲਾਉਣ ਵਾਲੇ ਇਸ ਉਪਰਾਲੇ ਦੀ ਸ਼ਲਾਘਾ ਕਰਦੇ ਹੋਏ ਅਸੀਂ ਇਸ ਜਾਣਕਾਰੀ ਨੂੰ ਆਪਣੇ ਮੈਗਜ਼ੀਨ ਰਾਹੀਂ ਪਾਠਕਾਂ ਤੱਕ ਪਹੁੰਚਾਉਣ ਦਾ ਕਾਰਜ ਕਰ ਰਹੇ ਹਾਂ। – ਸੰਪਾਦਕ

**ਸਮੁੰਦਰੀ ਲੂਣ**-ਇਹ ਲੂਣ ਨਾਲ਼ ਭਰੇ ਪਾਣੀ ਨੂੰ ਉਬਾਲ ਕੇ/ਸੁਕਾ ਕੇ ਤਿਆਰ ਕੀਤਾ ਜਾਂਦਾ ਹੈ, ਅਤੇ ਫ਼ਿਰ ਸੁਧਾਈ ਹੁੰਦੀ ਹੈ।

**ਚਿੱਟਾ ਲੂਣ (ਟੇਬਲ ਸਾਲਟ)**- ਇਹ ਲੂਣ ਉਪਰੋਕਤ ਲੂਣਾਂ ਵਿੱਚੋਂ ਕੁੱਝ ਨੂੰ ਪ੍ਰੋਸੈਸ ਕਰਕੇ ਬਰੀਕ ਬੂਰਾ ਰੂਪ ਵਿੱਚ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰਕਿਰਿਆ ਦੌਰਾਨ ਲੂਣ ਵਿੱਚੋਂ ਬਹੁਤੇ ਖਣਿਜ ਨਿਕਲ ਜਾਂਦੇ ਹਨ, ਪਰ ਨਾਲ਼ ਹੀ ਕੁੱਝ ਜ਼ਰੂਰੀ ਖਣਿਜ ਪਾਏ ਵੀ ਜਾਂਦੇ ਹਨ। ਜਿਵੇਂ ਭਾਰਤ ਵਿੱਚ ਲੂਣ ਨੂੰ ਆਇਓਡੀਨ-ਯੁਕਤ ਕਰਨਾ ਲਾਜ਼ਮੀ ਹੈ, ਇਸ ਲਈ ਚਿੱਟਾ ਲੂਣ ਆਮ ਕਰਕੇ ਆਇਓਡੀਨ ਯੁਕਤ ਹੁੰਦਾ ਹੈ। ਕਈ ਦੇਸ਼ਾਂ ਵਿੱਚ ਆਇਰਨ, ਕੈਲਸ਼ੀਅਮ ਆਦਿ ਲੂਣ ਵਿੱਚ ਮਿਲਾਏ ਜਾਂਦੇ ਹਨ।

**ਸਵਾਲ ਇਹ ਕਿ ਕਿਹੜਾ ਲੂਣ ਵਰਤੀਏ ?**

1. ਭਾਰਤ ਇੱਕ ਆਇਓਡੀਨ ਦੀ ਕਮੀ ਵਾਲ਼ਾ ਇਲਾਕਾ ਹੈ, ਇਸ ਲਈ ਸਭ ਤੋਂ ਪਹਿਲੀ ਧਿਆਨ ਦੇਣ ਵਾਲੀ ਗੱਲ ਇਹ ਹੋਣੀ ਚਾਹੀਦੀ ਹੈ ਕਿ ਲੂਣ ਵਿੱਚ ਆਇਓਡੀਨ ਹੈ ਕਿ ਨਹੀਂ। ਸੇਂਧਾ ਲੂਣ (ਇੱਕਾ-ਦੁੱਕਾ ਨੂੰ ਛੱਡ ਕੇ) ਆਇਓਡੀਨ ਯੁਕਤ ਨਹੀਂ ਕੀਤਾ ਜਾਂਦਾ, ਇਸ ਲਈ ਇਸ ਪੱਖੋਂ ਇਹ ਬਿਲਕੁਲ ਵੀ ਠੀਕ ਚੋਣ ਨਹੀਂ ਹੈ।

2. ਇਹ ਕਿਹਾ ਜਾਂਦਾ ਹੈ ਕਿ ਸੇਂਧਾ ਲੂਣ ਵਿੱਚ ਸੋਡੀਅਮ ਘੱਟ ਹੁੰਦਾ ਹੈ, ਸੋਡੀਅਮ ਕਿਉਂਕਿ ਬਲੱਡ ਪ੍ਰੈਸ਼ਰ ਵਧਣ ਦਾ ਕਾਰਨ ਹੈ ਅਤੇ ਦਿਲ ਦੀਆਂ ਬਿਮਾਰੀਆਂ ਵਿੱਚ ਇਹ ਇੱਕ ਵਜ੍ਹਾ ਹੈ, ਇਸ ਲਈ ਸੇਂਧਾ ਲੂਣ ਵਰਤਣ ਦੀਆਂ ਸਲਾਹਾਂ ਦਿੱਤੀਆਂ ਜਾਂਦੀਆਂ ਹਨ। 2020 ਵਿੱਚ ਆਸਟ੍ਰੇਲੀਆ ਵਿੱਚ ਹੋਏ ਇੱਕ ਅਧਿਐਨ ਦੌਰਾਨ ਇਹ ਪਾਇਆ ਗਿਆ ਕਿ ਸੇਂਧਾ ਲੂਣ ਦੀਆਂ ਸਾਰੀਆਂ ਉਪਲਬਧ ਬਜ਼ਾਰੀ ਕਿਸਮਾਂ ਵਿੱਚ ਪ੍ਰਤੀ 100 ਗ੍ਰਾਮ ਲੂਣ ਪਿੱਛੇ 36-39 ਗ੍ਰਾਮ ਸੋਡੀਅਮ ਹੁੰਦਾ ਹੈ (2-3 ਕਿਸਮਾਂ ਵਿੱਚ 42-44 ਗ੍ਰਾਮ ਸੋਡੀਅਮ ਵੀ ਮਿਲਿਆ), ਜਦ ਕਿ ਚਿੱਟੇ ਲੂਣ ਵਿੱਚ 100 ਗ੍ਰਾਮ ਵਿੱਚ 42 ਗ੍ਰਾਮ ਸੋਡੀਅਮ ਹੁੰਦਾ ਹੈ, ਇਸ ਤਰ੍ਹਾਂ ਇਹ ਫ਼ਰਕ ਪਹਿਲੀ ਗੱਲ ਤਾਂ ਬੇਹੱਦ ਮਾਮੂਲੀ ਹੈ। ਪੰਜਾਬ ਵਿੱਚ ਹੋਏ ਇੱਕ ਤਾਜ਼ਾ (ਦਸੰਬਰ, 2023) ਅਧਿਐਨ ਦੌਰਾਨ ਵੀ ਇਹੀ ਸਾਹਮਣੇ ਆਇਆ ਕਿ ਸਭਨਾਂ ਕਿਸਮ ਦੇ ਲੂਣਾਂ ਵਿੱਚ ਸੋਡੀਅਮ ਦੀ ਮਾਤਰਾ ਵਿੱਚ ਮਾਮੂਲੀ ਫ਼ਰਕ ਹੈ।

ਦੂਜੀ ਗੱਲ, ਰੋਜ਼ਾਨਾ ਇੱਕ ਬਾਲਗ ਮਨੁੱਖ ਲਈ 2 ਗ੍ਰਾਮ ਸੋਡੀਅਮ (ਲਗਭਗ 5 ਗ੍ਰਾਮ ਲੂਣ) ਤੱਕ ਦੀ ਮਾਤਰਾ ਜ਼ਰੂਰੀ ਮੰਨੀ ਗਈ ਹੈ, ਇਸ ਤੋਂ ਜਿਆਦਾ ਲੂਣ ਖਾਣਾ ਬਿਮਾਰੀ ਦੀ ਵਜ੍ਹਾ ਬਣ ਸਕਦਾ ਹੈ (2-3% ਲੋਕ ਅਪਵਾਦ ਵੀ ਹਨ – ਇਹ ਕਹਾਣੀ ਕਦੇ ਫ਼ਿਰ) ਜੇ ਲੂਣ ਦੀ ਮਾਤਰਾ 5 ਗ੍ਰਾਮ

ਹੀ ਖਾਣੀ ਹੈ, ਤਾਂ ਸੇਂਧਾ ਲੂਣ ਜਾਂ ਚਿੱਟਾ ਲੂਣ, ਇਸ ਵਿੱਚ ਕੋਈ ਫ਼ਰਕ ਨਹੀਂ। ਉਲਟਾ ਕਿਉਂਕਿ ਨਮਕੀਨ ਸਵਾਦ ਚਿੱਟੇ ਲੂਣ ਦਾ ਜ਼ਿਆਦਾ ਤੇਜ਼ ਹੁੰਦਾ ਹੈ, ਇਸ ਲਈ ਜਿਹੜੇ ਆਦਮੀ ਨੂੰ ਨਮਕੀਨ ਪਸੰਦ ਹੈ, ਉਹ ਸੇਂਧਾ ਲੂਣ ਖਾਂਦਾ-ਖਾਂਦਾ ਜਿਆਦਾ ਸੋਡੀਅਮ ਖਾ ਬਹਿੰਦਾ ਹੈ।

ਇਸ ਦਾ ਇੱਕ ਹੋਰ ਨੁਕਸਾਨ ਵੀ ਹੈ। ਕਿਉਂਕਿ ਬਹੁਤੇ ਆਮ ਲੋਕਾਂ ਨੂੰ "ਘੱਟ ਸੋਡੀਅਮ" ਕਹਿ ਕੇ ਪ੍ਰਚਾਰੇ-ਖਵਾਏ ਜਾ ਰਹੇ ਸੇਂਧਾ ਲੂਣ ਦੀ ਸੋਡੀਅਮ ਮਾਤਰਾ ਬਾਰੇ ਕੁੱਝ ਪਤਾ ਨਹੀਂ ਹੁੰਦਾ, ਉਹ ਡਾਕਟਰੀ ਸਲਾਹ ਨੂੰ ਪਾਸੇ ਰੱਖ ਕੇ "ਅਖੌਤੀ ਫਾਇਦਿਆਂ" ਲਈ ਜ਼ਿਆਦਾ ਮਾਤਰਾ ਵਿੱਚ ਸੇਂਧਾ ਲੂਣ ਖਾਂਦੇ ਰਹਿੰਦੇ ਹਨ, ਜੋ ਕਿ ਬਿਮਾਰੀ ਦਾ ਕਾਰਨ ਬਣਦਾ ਹੈ।

3. ਸੇਂਧਾ ਲੂਣ ਵਿੱਚ ਜ਼ਰੂਰੀ ਖਣਿਜ (mineral) ਜਿਵੇ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਆਦਿ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ ਸੇਂਧਾ ਲੂਣ ਦੇ ਲਗਭਗ ਸਾਰੇ ਹੀ ਬ੍ਰਾਂਡ 80-84 ਖਣਿਜ ਹੋਣ ਦਾ ਦਾਅਵਾ ਠੋਕਦੇ ਹਨ, ਇਹ ਹੈ ਤਾਂ ਠੀਕ ਪਰ ਕੀ ਇਸ ਤੱਥ ਦਾ ਕੋਈ ਅਸਲੀ ਫ਼ਾਇਦਾ ਹੁੰਦਾ ਹੈ ? ਜਵਾਬ ਹੈ ਨਹੀਂ ਸੇਂਧਾ ਲੂਣ ਵਿੱਚ ਇਹਨਾਂ ਖਣਿਜ ਤੱਤਾਂ ਦੀ ਮਾਤਰਾ ਬਹੁਤ ਥੋੜ੍ਹੀ ਹੁੰਦੀ ਹੈ, ਇਹਨਾਂ ਤੱਤਾਂ ਦੀ ਕੁੱਝ ਗਿਣਨਯੋਗ ਮਾਤਰਾ ਲੈਣ ਲਈ ਇੱਕ ਮਨੁੱਖ ਨੂੰ 30 ਗ੍ਰਾਮ ਤੋਂ ਜ਼ਿਆਦਾ ਸੇਂਧਾ ਲੂਣ ਖਾਣਾ ਪਵੇਗਾ, ਜੋ ਕਿ ਨਾ ਤਾਂ ਸੰਭਵ ਹੀ ਹੈ ਅਤੇ ਨਾ ਹੀ ਲਾਭਕਾਰੀ, ਸਗੋਂ ਭਿਅੰਕਰ ਨੁਕਸਾਨਦਾਇਕ ਹੈ

4. ਕੀ ਸੇਂਧਾ ਲੂਣ ਵਿੱਚ ਸਾਰੇ ਫਾਇਦੇਮੰਦ ਖਣਿਜ ਹੀ ਹਨ ? ਨਹੀਂ। ਸੇਂਧਾ ਲੂਣ ਵਿੱਚ ਅਸ਼ੁੱਧੀਆਂ ਹੋਣ ਦੀ ਸੰਭਾਵਨਾ ਜ਼ਿਆਦਾ ਹੁੰਦੀ ਹੈ। ਅਲੂਮੀਨੀਅਮ, ਲੈਡ, ਸਲਫ਼ਰ ਆਦਿ ਤੱਤ ਵੀ ਸੇਂਧਾ ਲੂਣ ਵਿੱਚ ਮਿਲੇ ਹਨ, ਭਾਵੇਂ ਕੁੱਝ ਕੁ ਕਿਸਮਾਂ ਨੂੰ ਛੱਡ ਕੇ ਜਿਆਦਾਤਰ ਨਮੂਨਿਆਂ ਵਿੱਚ ਇਹਨਾਂ ਦੀ ਮਾਤਰਾ ਸਿਹਤ ਨੂੰ ਨੁਕਸਾਨ ਪੁਚਾਉਣ ਦੇ ਪੱਧਰ ਤੋਂ ਘੱਟ ਸੀ, ਪਰ ਇਹਨਾਂ ਤੱਤਾਂ ਦੀ ਮਾਤਰਾ ਸੇਂਧਾ ਲੂਣ ਵਿੱਚ ਚਿੱਟੇ ਲੂਣ ਤੋਂ ਕਈ ਗੁਣਾ ਵੱਧ ਹੀ ਪਾਈ ਗਈ। ਇਸ ਲਈ ਸੇਂਧਾ ਲੂਣ ਬਿਲਕੁਲ "ਸਰੀਫ਼" ਵੀ ਨਹੀਂ ਹੈ।

5. ਹੁਣ ਗੱਲ ਕੀਮਤ ਦੀ ਕਰਦੇ ਹਾਂ। ਸੇਂਧਾ ਲੂਣ ਆਮ ਸਧਾਰਨ ਆਇਓਡੀਨ-ਯੁਕਤ ਚਿੱਟੇ ਲੂਣ ਦੇ ਮੁਕਾਬਲੇ ਅਕਸਰ ਦੁੱਗਣੇ-ਤਿਗਣੇ ਜਾਂ ਇਸ ਤੋਂ ਵੀ ਜਿਆਦਾ ਰੇਟ 'ਤੇ ਵਿਕਦਾ ਹੈ, ਅਤੇ ਫ਼ਾਇਦਾ ਕੋਈ ਗਿਣਨਯਗ ਹੈ ਨਹੀਂ ਇਸ ਪੱਖੋਂ ਵੀ ਸੇਂਧਾ ਲੂਣ ਕੋਈ ਚੰਗੀ ਚੋਣ ਨਹੀਂ।

ਇਹ ਵੀ ਬੜੀ ਹੈਰਾਨੀ ਦੀ ਗੱਲ ਹੈ ਕਿ ਸੇਂਧਾ ਲੂਣ ਵਿੱਚ ਮੌਜੂਦ ਖਣਿਜ ਤੱਤਾਂ ਦੀ ਅਸਲ ਮਿਕਦਾਰ ਬਾਰੇ ਬਹੁਤ ਘੱਟ ਜਾਣਕਾਰੀ ਉਪਲਬਧ ਹੈ। ਆਸਟ੍ਰੇਲੀਆ ਵਿੱਚ 2020 ਵਿੱਚ ਹੋਇਆ ਉਪਰੋਕਤ ਅਧਿਐਨ ਸ਼ਾਇਦ ਪਹਿਲਾ ਵਿਸਤ੍ਰਿਤ ਅਧਿਐਨ ਹੈ ਬਜ਼ਾਰ ਵਿੱਚ ਮੌਜੂਦ ਸੇਂਧਾ ਲੂਣ ਦੀਆਂ ਪੈਕਿੰਗਾਂ ਉੱਤੇ ਵੀ ਖਣਿਜ ਪਦਾਰਥਾਂ ਦੀ ਮਿਕਦਾਰ ਬਾਰੇ ਬਹੁਤ ਥੋੜ੍ਹੀ ਜਾਣਕਾਰੀ ਮਿਲਦੀ ਹੈ।

ਅੰਤ ਵਿੱਚ, ਸੁਆਦ ਲਈ ਵੱਖ-ਵੱਖ ਕਿਸਮ ਦੇ ਲੂਣ ਲੋੜ ਅਨੁਸਾਰ ਵਰਤੇ ਜਾ ਸਕਦੇ ਹਨ, ਪਰ ਚਿੱਟੇ ਲੂਣ ਨੂੰ ਪੂਰੀ ਤਰ੍ਹਾਂ "ਬੇਦਖਲ" ਕਰਨ ਜਾਂ ਇਸ ਦੀ ਵਰਤੋਂ ਬਹੁਤ ਘੱਟ ਕਰ ਦੇਣ ਦੇ ਦਾਅਵਿਆਂ ਦਾ ਕੋਈ ਵਿਗਿਆਨਕ ਆਧਾਰ ਨਹੀਂ ਹੈ, ਅਤੇ ਨਾ ਹੀ ਫ਼ਾਇਦਾ

ਉੱਪਰਲੇ ਲੇਖ ਵਿੱਚ ਜ਼ਿਕਰ ਅਧੀਨ ਆਏ ਅਧਿਐਨ ਪੱਤਰਾਂ ਦੇ ਵਿਸਥਾਰ ਪੂਰਵਕ ਅਧਿਐਨ, ਅਤੇ ਅਜਿਹੀ ਹੀ ਹੋਰ ਵਿਗਿਆਨਕ ਜਾਣਕਾਰੀ ਦੀ ਰੁਚੀ ਰੱਖਣ ਵਾਲੇ ਸੱਜਣ ਆਪਣੇ ਸੁਝਾਵਾਂ ਸਵਾਲਾਂ ਅਤੇ ਸਿੱਖਣ ਸਮਝਣ ਦੇ ਸਿਲਸਿਲੇ ਨੂੰ ਬਰਕਰਾਰ ਰੱਖਣ ਦੇ ਲਈ ਫੇਸਬੁਕ ਉੱਪਰ ਇਸ ਪੇਜ ਨੂੰ ਜਰੂਰ ਆਪਣੇ ਪੜ੍ਹਨ ਦੇ ਦਾਇਰੇ ਵਿਚ ਸ਼ਾਮਿਲ ਕਰਨ।

**ਵੱਲੋਂ :"ਸਾਡਾ ਡਾਕਟਰ"**

## ਪ੍ਰਾਪਤ ਆਰਥਿਕ ਸਹਾਇਤਾ

**ਸੁਸਾਇਟੀ ਸਹਾਇਤਾ**

ਡਾ. ਆਰ.ਸੀ. ਬਾਸਲ, ਧਨੌਲਾ 1500

**ਮੈਗਜ਼ੀਨ ਸਹਾਇਤਾ**

ਮੂਲ ਰਾਜ (ਸੀਨੀਅਰ ਮੈਂਬਰ) ਇਕਾਈ ਬਠਿੰਡਾ 500

**ਇਕਾਈ ਮੋਹਾਲੀ:**

ਮਨੋਜ ਮਲਿਕ (ਚੰਡੀਗੜ੍ਹ) ਵੱਲੋਂ 2000
(ਮਾਤਾ ਸਵਿੱਤਰੀ ਦੇਵੀ ਦੀ ਯਾਦ ਵਿੱਚ)

**ਇਕਾਈ ਬਠਿੰਡਾ :**

ਕੇਵਲ ਆਰਟਸ ਵੱਲੋਂ 1000
(ਮਾਤਾ ਕਾਕੀ ਦੇਵੀ ਜੀ ਦੀ ਬਰਸੀ 'ਤੇ)

**ਇਕਾਈ ਮਾਨਸਾ :**

ਅਮਨਜੋਤ ਮਾਨਸਾ: 1100
(ਪਿਤਾ ਭਗਵੰਤ ਸਿੰਘ ਜੀ ਐਡਵੋਕੇਟ ਦੀ ਯਾਦ ਵਿੱਚ)

**ਇਕਾਈ ਬੰਗਾ :**

ਸੁਖਦੇਵ ਲੰਗੇਰੀ (ਆਪਣੇ ਵਿਆਹ ਦੀ ਵਰ੍ਹੇ ਗੰਢ ਮੌਕੇ) 500

**ਇਕਾਈ ਲੁਧਿਆਣਾ :**

ਪ੍ਰਿੰ. ਗੁਰਚਰਨ ਸਿੰਘ, ਰਾਜਗੁਰੂ ਨਗਰ (ਲੁਧਿਆਣਾ) 1000

# ਹਰਿਆਣਾ ਚੋਣਾਂ ਦੇ ਸਬਕ

ਹੇਮ ਰਾਜ ਸਟੈਨੋ



ਹਰਿਆਣਾ ਸੂਬੇ ਅੰਦਰ ਹੁਣੇ ਹੁਣੇ ਸੂਬਾਈ ਚੋਣਾਂ ਹੋਈਆਂ ਹਨ। ਇਨ੍ਹਾਂ ਚੋਣਾਂ ਸਬੰਧੀ ਤਰ੍ਹਾਂ ਤਰ੍ਹਾਂ ਦੀਆਂ ਗੜਬੜੀਆਂ ਦੇ ਦੋਸ਼ ਚੋਣ ਕਮਿਸ਼ਨ 'ਤੇ ਲੱਗ ਰਹੇ ਹਨ। ਇਸ ਬਾਰੇ ਤਾਂ ਚੋਣ ਕਮਿਸ਼ਨ ਅਤੇ ਸੁਪਰੀਮ ਕੋਰਟ ਦੀ ਕਾਰਵਾਈ ਤੋਂ ਬਾਅਦ ਹੀ ਕੁੱਝ ਕਿਹਾ ਜਾ ਸਕਦਾ ਹੈ। ਅਸੀਂ ਤਾਂ ਇਨ੍ਹਾਂ ਚੋਣਾਂ 'ਤੇ ਮੋਟੀ ਝਾਤ ਹੀ ਮਾਰਾਂਗੇ ਅਤੇ ਸਬਕ ਕੱਢਾਂਗੇ। ਸਾਡੇ ਦੇਸ਼ ਅੰਦਰ ਸੰਵਿਧਾਨ ਅਨੁਸਾਰ ਚੋਣਾਂ 'ਚ ਕਿਸੇ ਵੀ ਧਰਮ ਦੇ ਨਾਮ ਨੂੰ ਵਰਤਣ ਦੀ ਆਗਿਆ ਨਹੀਂ ਹੈ। ਚੋਣਾਂ ਅੰਦਰ ਧਰਮ ਦੀ ਵਰਤੋਂ ਕਰਨਾ ਧਰਮ-ਨਿਰਪੱਖਤਾ ਦੀ ਉਲੰਘਣਾ ਬਣਦਾ ਹੈ

ਪਰ ਹਰਿਆਣਾ ਚੋਣਾਂ 'ਚ ਕੀ ਹੋਇਆ ? ਇਨ੍ਹਾਂ ਚੋਣਾਂ ਦੇ ਆਉਂਦਿਆਂ ਹੀ ਸਜ਼ਾ ਭੁਗਤ ਰਹੇ ਸੱਚਾ ਸੌਦਾ ਡੇਰੇ ਦੇ 'ਰੂਹਾਨੀ' ਸੰਚਾਲਕ ਬਾਬਾ ਗੁਰਮੀਤ ਰਾਮ ਰਹੀਮ ਨੂੰ ਪੈਰੋਲ 'ਤੇ ਰਿਹਾਅ ਕਰ ਦਿੱਤਾ ਗਿਆ। ਇਹ ਕੋਈ ਪਹਿਲੀ ਵਾਰ ਨਹੀਂ ਕਿ ਬਾਬਾ ਗੁਰਮੀਤ ਰਾਮ ਰਹੀਮ ਨੂੰ ਰਿਹਾਅ ਕੀਤਾ ਗਿਆ ਹੋਵੇ। ਅਸੀਂ ਹੇਠਾਂ ਇੱਕ ਚਾਰਟ ਦੇ ਰਹੇ ਹਾਂ ਤਾਂ ਕਿ ਪਤਾ ਲੱਗ ਸਕੇ ਕਿ ਜਦੋਂ ਵੀ ਹਰਿਆਣਾ ਅੰਦਰ ਜਾਂ ਨਾਲ ਲੱਗਦੇ ਸੂਬਿਆਂ, ਜਿੱਥੇ ਜਿੱਥੇ ਇਸ ਡੇਰੇ ਦੇ ਪੈਰੋਕਾਰਾਂ ਦਾ ਫੈਲਾਅ ਹੈ, ਵਿਧਾਨ ਸਭਾ ਜਾਂ ਲੋਕ ਸਭਾ ਜਾਂ ਹੋਰ ਖੇਤਰ ਦੀਆਂ ਚੋਣਾਂ ਆਉਂਦੀਆਂ ਹਨ ਤਾਂ ਇਸ ਡੇਰਾ ਮੁਖੀ ਨੂੰ ਪੈਰੋਲ ਜਾਂ ਫਰਲੋ 'ਤੇ ਰਿਹਾਅ ਕਰ ਦਿੱਤਾ ਜਾਂਦਾ ਹੈ ਹੇਠਾਂ ਡੇਰਾ ਮੁਖੀ ਦੇ ਬਾਹਰ ਆਉਣ ਦੇਣ ਦੀਆਂ ਦਿੱਤੀਆਂ ਇਜ਼ਾਜ਼ਤਾਂ ਦਾ ਇੱਕ ਚਾਰਟ ਦੇ ਰਹੇ ਹਾਂ:-

| ਰਿਹਾਈ ਮਹੀਨਾ, ਸਾਲ | ਦਿਨ | ਚੋਣਾਂ |
|---|---|---|
| ਸਤੰਬਰ 2024 | 20 | ਹਰਿਆਣਾ ਚੋਣਾਂ |
| ਅਗਸਤ 13,2024 | 21 | -ਉਪਰੋਕਤ- |
| ਜਨਵਰੀ 20,2024 | 50 | ਲੋਕ ਸਭਾ ਚੋਣਾਂ |
| ਨਵੰਬਰ 21,2023 | 21 | ਰਾਜਸਥਾਨ ਚੋਣਾਂ |
| ਜੁਲਾਈ 20,2023 | 30 | ਹਰਿਆਣਾ |
| ਪੰਚਾਇਤੀ ਚੋਣਾਂ | | |
| ਜਨਵਰੀ 21, 2023 | 40 | -ਉਪਰੋਕਤ- |
| ਅਕਤੂਬਰ15,2022 | 40 | ਆਦਮਪੁਰ ਉਪ-ਚੋਣ |
| ਜੂਨ 17, 2022 | 30 | ਨਗਰਪਾਲਿਕਾ ਚੋਣਾਂ |
| ਫਰਵਰੀ 7, 2022 | 21 | ਪੰਜਾਬ ਚੋਣਾਂ |
| ਮਈ 21, 2021 | 1 | ਐਮਰਜੈਂਸੀ ਪੈਰੋਲ |
| ਅਕਤੂਬਰ 24, 2020 | 1 | ਉਪਰੋਕਤ- |

ਹਰਿਆਣਾ ਦੀਆਂ ਇਨ੍ਹਾਂ ਅਸੈਂਬਲੀ ਚੋਣਾਂ 'ਚ ਡੇਰਾ ਮੁਖੀ ਦੀ ਰਿਹਾਈ ਲਈ ਚੋਣ ਕਮਿਸ਼ਨ ਨੇ ਵੀ ਮਨਜ਼ੂਰੀ ਦਿੱਤੀ ਸੀ, ਸੋ ਇਹ ਵੋਟ ਪਾਰਟੀਆਂ ਧਰਮ ਦੇ ਨਾਮ 'ਤੇ ਧਰੁਵੀਕਰਨ ਕਰਕੇ ਵੋਟਾਂ ਹਾਸਲ ਕਰਦੀਆਂ ਹਨ। ਇਸ ਨਾਲ ਲੋਕਾਂ 'ਚ ਧਰਮ ਦੇ ਨਾਮ 'ਤੇ ਪਾਟਕ ਪੈਂਦਾ ਹੈ ਸਾਡਾ ਮੱਤ ਇਹ ਹੈ ਕਿ ਧਰਮ ਨੂੰ ਮੰਨਣਾ ਜਾਂ ਨਾ-ਮੰਨਣਾ ਦੇਸ਼ ਦੇ ਹਰ ਨਾਗਰਿਕ ਦਾ ਵਿਅਕਤੀਗਤ ਮਸਲਾ ਹੈ, ਇਹ ਵਿਅਕਤੀ ਦੀ ਧਾਰਮਿਕ ਆਜ਼ਾਦੀ ਦਾ ਮਸਲਾ ਹੈ, ਪਰ ਧਰਮ ਦੇ ਨਾਮ 'ਤੇ ਜਨਤਾ 'ਚ ਪਾਟਕ ਪਾਉਣਾ ਸਮਾਜਕ ਤਾਣੇ-ਬਾਣੇ ਨੂੰ ਬਿਖੇਰਨ ਕਰਕੇ ਸਮਾਜ ਦੇ ਪੱਖ ਤੋਂ ਦੇਖਿਆਂ ਇੱਕ ਮਾਰੂ ਕਦਮ ਬਣਦਾ ਹੈ, ਜੋ ਨਹੀਂ ਹੋਣਾ ਚਾਹੀਦਾ। ਦੂਸਰਾ, ਇਹ ਹਰ ਵਿਅਕਤੀ ਦਾ ਧਿਆਨ ਉਸ ਨਾਲ ਸਬੰਧਤ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਸਹੀ ਰਾਹ ਤੁਰਨ ਤੋ ਭਟਕਾਉਂਦਾ ਹੈ, ਜਿਸ ਕਰਕੇ ਇਸ ਪੱਖੋਂ ਦੇਖਿਆਂ ਵੀ ਇਹ ਵਰਤਾਰਾ ਆਮ ਲੋਕਾਈ ਪ੍ਰਤੀ ਘਾਤਕ ਬਣ ਜਾਂਦਾ ਹੈ।

ਇੱਥੇ ਇੱਕ ਹੋਰ ਮਹੱਤਵਪੂਰਨ ਤੇ ਬੁਨਿਆਦੀ ਨੁਕਤੇ ਨੂੰ ਵੀ ਗਹੁ ਨਾਲ ਵਿਚਾਰਨਾ ਚਾਹੀਦਾ ਹੈ। ਉਹ ਇਹ ਹੈ ਕਿ ਸਭ ਨੂੰ ਪਤਾ ਹੈ ਕਿ ਹਰਿਆਣੇ 'ਚ ਜਵਾਨ, ਪਹਿਲਵਾਨ ਤੇ ਕਿਸਾਨ ਭਾਜਪਾ ਦੇ ਸਪੱਸ਼ਟ ਤੌਰ 'ਤੇ ਵਿਰੋਧ 'ਚ ਖੜ੍ਹੇ ਸਨ। ਇਸਦਾ ਵਿਰੋਧ ਮੱਠਾ ਪਾਉਣ ਲਈ ਭਾਜਪਾ ਕੋਲ ਕੋਈ ਫੌਰੀ ਹੱਲ ਵੀ ਨਹੀਂ ਸੀ। ਇਸ ਲਈ ਭਾਜਪਾ ਵੱਲੋਂ ਇਸਨੂੰ ਖੋਰਾ ਲਾਉਣ ਲਈ ਦੂਸਰੀਆਂ ਪਛੜੀਆਂ ਜਮਾਤਾਂ (OBC) ਦਾ ਨਾਹਰਾ ਉਭਾਰਿਆ ਗਿਆ। ਭਾਜਪਾ ਵੱਲੋਂ ਇਹ ਜ਼ੋਰਦਾਰ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ ਕਿ "ਦੇਖੋ, ਅਸੀਂ ਤਾਂ ਮੁੱਖ ਮੰਤਰੀ ਵੀ ਓ.ਬੀ.ਸੀ. ਬਣਾਇਆ ਹੋਇਆ ਹੈ।" ਇਸਦਾ ਅਸਰ ਭਾਵੇਂ ਫੈਸਲਾਕੁਨ ਨਾ ਵੀ ਰਿਹਾ ਹੋਵੇ ਪਰ ਫਿਰ ਵੀ ਜਾਟ, ਪਹਿਲਵਾਨ, ਨੌਜਵਾਨ ਦੇ ਪੱਖ ਵਾਲੇ ਨਾਂਹ-ਪੱਖੀ ਪੱਖ (ਭਾਜਪਾ ਦੇ ਪੱਖ ਤੋਂ ਦੇਖਿਆਂ) ਦੇ ਪ੍ਰਭਾਵ ਨੂੰ ਘਟਾਉਣ 'ਚ ਇਨ੍ਹਾਂ ਪਛੜੀਆਂ ਜਾਤੀਆਂ ਵਾਲੇ ਕਾਰਡ ਦਾ ਕਾਫੀ ਪ੍ਰਭਾਵ ਪਿਆ। ਇਸ ਦੇ ਨਾਲ ਹੀ ਕਿਸਾਨਾਂ ਨੂੰ ਪਤਿਆਉਣ ਲਈ 24 ਫਸਲਾਂ ਘੱਟੋ-ਘੱਟ ਕੀਮਤ 'ਤੇ ਖਰੀਦਣ ਦਾ ਐਲਾਨ ਵੀ ਕੀਤਾ ਗਿਆ। ਕੁੱਲ ਮਿਲਾਕੇ ਇਹ ਕਹੀਏ ਕਿ ਭਾਜਪਾ ਨੇ ਜਵਾਨ, ਪਹਿਲਵਾਨ ਤੇ ਕਿਸਾਨ ਵਾਲੇ ਵਿਰੋਧ ਦੇ ਵਿਰੋਧ ਵਾਲਾ ਸ਼ੋਸ਼ਾ ਉਭਾਰਕੇ ਇਸਨੂੰ ਕਾਫੀ ਹੱਦ ਤੱਕ ਖਾਰਜ ਕੀਤਾ।

ਅੱਗੇ ਹੋਰ। "ਹਿੰਦੁਸਤਾਨ ਟਾਈਮਜ਼" ਅਖ਼ਬਾਰ ਦੀ ਰਿਪੋਰਟ ਅਨੁਸਾਰ: ਆਰ.ਐਸ.ਐਸ. ਨੇ ਅੱਠ ਅੱਠ-ਦਸ ਦਸ ਲੋਕਾਂ ਦੀਆਂ 20000 "ਡਰਾਇੰਗ ਰੂਮ"[1] ਮੀਟਿੰਗਾਂ ਕਰਕੇ ਵੀ ਲੋਕਾਂ ਤੱਕ ਪਹੁੰਚ ਬਣਾਈ। ਭਾਵੇਂ ਅੱਜ ਕੱਲ੍ਹ ਆਰ.ਐਸ.ਐਸ. ਤੇ ਭਾਜਪਾ ਦਰਮਿਆਨ ਆਪਸੀ ਖਿੱਚੋ-ਤਾਣ ਵੀ ਚੱਲ ਰਹੀ ਹੈ ਪਰ ਫਿਰ ਵੀ ਆਰ.ਐਸ.ਐਸ. ਇਹ ਸਮਝਦੀ ਹੈ ਕਿ ਜੇਕਰ ਕਾਂਗਰਸ ਜਿੱਤਦੀ ਹੈ ਤਾਂ ਉਨ੍ਹਾਂ ਨਾਲ ਚੰਗੀ ਨਹੀਂ ਕਰਨੀ, ਇਸ ਲਈ ਇਹ ਸਾਰਾ ਕੁੱਝ ਭਾਜਪਾ ਨੂੰ ਜਿਤਾਉਣ ਲਈ ਕੀਤਾ ਗਿਆ। ਇਨ੍ਹਾਂ ਡਰਾਇੰਗ ਰੂਮ ਮੀਟਿੰਗਾਂ ਨੇ ਵੀ ਭਾਜਪਾ ਨੂੰ ਜਿਤਾਉਣ 'ਚ ਕਾਫੀ ਹਿੱਸਾ ਪਾਇਆ।

ਇਸ ਤੋਂ ਇਲਾਵਾ ਹਰਿਆਣਾ ਅੰਦਰ ਇੱਕ ਹੋਰ ਨਵਾਂ ਗੱਠਜੋੜ ਚੰਦਰ ਸ਼ੇਖਰ ਆਜ਼ਾਦ ਰਾਵਣ ਦੀ ਆਜ਼ਾਦ ਸਮਾਜ ਪਾਰਟੀ ਤੇ ਜਨ ਨਾਇਕ ਜਨਤਾ ਪਾਰਟੀ ਦਾ ਗੱਠਜੋੜ ਵੀ ਸਾਹਮਣੇ ਆਇਆ ਇਸ ਗੱਠਜੋੜ ਦੀ ਮੁੱਖ ਟੇਕ ਦਲਿਤ ਵੋਟਰਾਂ 'ਤੇ ਸੀ ਜਿਨ੍ਹਾਂ ਦੀ ਗਿਣਤੀ 20 ਪ੍ਰਤੀਸ਼ਤ ਹੈ। ਸੋ ਇਹ 20 ਪ੍ਰਤੀਸ਼ਤ 'ਚੋਂ ਵੀ ਆਬਾਦੀ ਦਾ ਕਾਫੀ ਵੱਡਾ ਹਿੱਸਾ ਕਾਂਗਰਸ ਵਾਲੇ ਗੱਠਜੋੜ ਤੋਂ ਪਾਸੇ ਰਹਿੰਦਿਆਂ ਇੱਕ ਤਰ੍ਹਾਂ ਨਾਲ ਨਾਂਹ ਪੱਖੀ ਤੌਰ 'ਤੇ ਭਾਜਪਾ ਦੇ ਪੱਖ 'ਚ ਹੀ ਭੁਗਤ ਗਿਆ। ਨਾਂਹ ਪੱਖੀ ਤੌਰ 'ਤੇ ਇਸ ਲਈ ਕਿ ਇਸ ਹਿੱਸੇ ਨੇ ਭਾਜਪਾ ਦੀ ਵਿਚਾਰਧਾਰਾ ਜਾਂ ਸਿਆਸਤ ਨਾਲ ਸਹਿਮਤ ਹੁੰਦਿਆਂ ਉਨ੍ਹਾਂ ਦੀ ਸਹਾਇਤਾ ਨਹੀਂ ਕੀਤੀ ਬਲਕਿ ਹੋਰ ਜਾਤਾਂ ਦਾ ਵਿਰੋਧ ਕਰਨ ਲਈ ਭਾਜਪਾ ਦੇ ਹੱਕ 'ਚ ਭੁਗਤ ਗਈਆਂ

ਇਹ ਚੋਣਾਂ ਭਾਜਪਾ ਨੇ ਬਹੁਮਤ ਨਾਲ ਜਿੱਤ ਲਈਆਂ ਹਨ। ਇਸ ਵਿੱਚ ਹਰਿਆਣਾ ਅੰਦਰ ਆਮ ਲੋਕਾਂ ਵੱਲੋਂ ਅਤੇ ਚੋਣ ਲੜਕੇ ਹਾਰ ਗਈ ਕਾਂਗਰਸ ਪਾਰਟੀ ਵੱਲੋਂ ਵੀ ਈ.ਵੀ.ਐਮ. (Electronic Voting Machine) ਦੀ ਦੁਰਵਰਤੋਂ ਕਰਕੇ ਚੋਣ ਕਮਿਸ਼ਨ ਵੱਲੋਂ ਭਾਜਪਾ ਦੇ ਚੋਣ ਜਿਤਾਉਣ 'ਤੇ ਵੀ ਵਿਵਾਦ ਚੱਲਿਆ ਹੋਇਆ ਹੈ। ਇਸ ਵਿੱਚ ਕਿੰਨੀ ਕੁ ਸਚਾਈ ਹੈ, ਇਸ ਬਾਰੇ ਤਾਂ ਹਾਲ ਦੀ ਘੜੀ ਨਾ ਪਰਖੀ ਹੋਈ ਗੱਲ ਹੋਣ ਕਰਕੇ ਕੁੱਝ ਕਹਿਣਾ ਠੀਕ ਨਹੀਂ ਹੋਵੇਗਾ ਪਰ ਵੋਟਿੰਗ ਮਸ਼ੀਨਾਂ ਦੇ ਸਬੰਧ 'ਚ ਚੋਣ ਕਮਿਸ਼ਨ ਵੱਲੋਂ ਜੋ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ 'ਚ ਕੋਈ ਹੇਰ-ਫੇਰ (ਹੈਕ) ਨਹੀਂ ਹੋ ਸਕਦੀ ਉਹ ਜਚਣ-ਯੋਗ ਨਹੀਂ ਹੈ। ਇੱਥੋਂ ਤੱਕ ਕਿ ਸੁਪਰੀਮ ਕੋਰਟ ਦੇ ਵਕੀਲਾਂ ਨੇ ਵੀ ਇਨ੍ਹਾਂ ਈ.ਵੀ.ਐਮ. ਮਸ਼ੀਨਾਂ ਨੂੰ ਹਟਾਉਣ ਤੱਕ ਦਾ ਮੋਰਚਾ ਖੋਲ੍ਹਿਆ ਹੋਇਆ ਹੈ ਉਨ੍ਹਾਂ ਵੱਲੋਂ ਮੁਜ਼ਾਹਰੇ ਵੀ ਕੀਤੇ ਗਏ ਉਨ੍ਹਾਂ ਦੇ ਮੁਜ਼ਾਹਰਿਆਂ ਨਾਲ ਵੀ ਪੁਲਿਸ ਵੱਲੋਂ ਉਹੀ ਸਲੂਕ ਕੀਤਾ ਗਿਆ ਜੋ ਹੋਰ ਮੁਜ਼ਾਹਰਿਆਂ ਨਾਲ ਕੀਤਾ ਜਾਂਦਾ ਹੈ। ਖੈਰ.. ਇਹ ਗੱਲ ਅਸੀਂ ਇੱਥੇ ਹੀ ਛੱਡਦੇ ਹਾਂ ਇੱਥੇ ਸਿਰਫ ਇਹੀ ਕਿਹਾ ਜਾ ਸਕਦਾ ਹੈ ਕਿ ਭਾਜਪਾ ਵਾਲੇ ਚੋਣਾਂ ਜਿੱਤਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ।

**ਸਾਨੂੰ ਇਹ ਚੋਣਾਂ ਕੀ ਕੀ ਸਬਕ ਦਿੰਦੀਆਂ ਹਨ:-**

ਪਹਿਲਾ, ਇਹੀ ਕਿ ਜਿਸ ਵੀ ਜਮਾਤ ਜਾਂ ਵਰਗ ਨੂੰ ਉਨ੍ਹਾਂ ਦੇ ਮੁੱਦਿਆਂ/ਮਸਲਿਆਂ ਦੁਆਲੇ ਲਾਮਬੰਦ ਕਰਕੇ ਸੰਘਰਸ਼ ਵਿੱਚ ਪਾਉਂਦਿਆਂ ਉਨ੍ਹਾਂ ਨੂੰ ਜਮਾਤੀ ਤੌਰ 'ਤੇ ਚੇਤੰਨ ਕੀਤਾ ਜਾਂਦਾ ਹੈ, ਆਮ ਤੌਰ 'ਤੇ ਉਹੀ ਜਮਾਤ ਤੇ ਵਰਗ ਹੀ ਇਨ੍ਹਾਂ ਲੁਟੇਰੀਆਂ ਜਮਾਤਾਂ ਅਤੇ ਉਨ੍ਹਾਂ ਦੀ ਨੁਮਾਇੰਦਗੀ ਕਰਦੀਆਂ ਹਾਕਮ ਜਮਾਤਾਂ ਦੇ ਵਿਰੁੱਧ ਭੁਗਤਦਿਆਂ ਜੱਦੋਜਹਿਦ ਕਰਨ ਲਈ ਤਿਆਰ ਹੁੰਦੇ ਹਨ। ਇਸਦੀ ਮਿਸਾਲ ਦਿੱਲੀ 'ਚ ਚੱਲਿਆ ਕਿਸਾਨੀ ਘੋਲ ਹੈ ਜਿਸ ਕਰਕੇ ਹਰਿਆਣਾ ਦਾ ਜਾਟ ਵਰਗ ਭਾਜਪਾ ਦੇ ਆਗੂਆਂ ਤੱਕ ਨੂੰ ਪਿੰਡਾ 'ਚੋਂ ਵੜ੍ਹਨ ਤੋਂ ਰੋਕਦਾ ਰਿਹਾ ਅਤੇ ਉਨ੍ਹਾਂ ਦੇ ਖਿਲਾਫ਼ ਵੀ ਭੁਗਤਿਆ। ਇਸਦਾ ਸਿਧਾਂਤਕ ਕਾਰਨ ਵੀ ਹੈ। ਉਹ ਇਹ ਹੈ ਕਿ ਲੁਟੇਰੀਆਂ ਜਮਾਤਾਂ ਅਤੇ ਉਨ੍ਹਾਂ ਦੀਆਂ ਨੁਮਾਇੰਦਾ ਸਰਕਾਰਾਂ ਦੀ ਲੁੱਟ ਅਤੇ ਜ਼ਬਰ ਦਾ ਸੇਕ ਉਨ੍ਹਾਂ ਨੇ ਆਪਣੇ ਪਿੰਡਿਆਂ 'ਤੇ ਹੰਢਾਇਆ ਹੁੰਦਾ ਹੈ। ਆਪਣੇ ਪਿੰਡੇ 'ਤੇ ਹੰਢਾਈ ਹਰ ਪੀੜ ਹਰ ਮਨੁੱਖ ਦੇ ਦਿਮਾਗ 'ਤੇ ਉਕਰੀ ਜਾਂਦੀ ਹੈ। ਇਸੇ ਕਰਕੇ ਹੀ ਪੰਜਾਬ ਦੀ ਇੱਕ ਕਹਾਵਤ ਹੈ ਕਿ 'ਜਿਸ ਤਨ ਲੱਗੇ ਸੋਈ ਜਾਣੇ ਔਰ ਕਿਆ ਜਾਣੇ ਪੀੜ ਪਰਾਈ।'

ਦੂਸਰਾ ਇਹ ਕਿ ਵੱਖੋ-ਵੱਖਰੀਆਂ ਜਮਾਤਾਂ ਦੇ ਮੁੱਦਿਆਂ 'ਤੇ ਘੋਲ ਲੜਦਿਆਂ ਉਨ੍ਹਾਂ ਜਮਾਤਾਂ ਦੇ ਦਿਮਾਗਾਂ ਅੰਦਰ ਇਹ ਪੱਖ ਪੂਰੀ ਤਰ੍ਹਾਂ ਬਿਠਾਉਣਾ ਚਾਹੀਦਾ ਹੈ ਕਿ ਜਿੰਨਾ ਚਿਰ ਤੱਕ ਇਸ ਮੌਜੂਦਾ ਲੁਟੇਰੇ ਸਮਾਜਿਕ ਪ੍ਰਬੰਧ ਨੂੰ ਬਦਲਕੇ ਲੋਕ-ਪੱਖੀ ਸਮਾਜਿਕ-ਆਰਥਿਕ ਪ੍ਰਬੰਧ ਨਹੀਂ ਸਿਰਜ ਲਿਆ ਜਾਂਦਾ ਉਨੀਂ ਦੇਰ ਤੱਕ ਇਹੀ ਦੁਰਦਸ਼ਾ ਬਣੀ ਹੀ ਬਣੀ ਰਹਿਣੀ ਹੈ। ਇਸ ਲਈ ਕੋਈ ਵੀ ਘੋਲ ਸਿਰਫ ਕੁੱਝ ਆਰਥਿਕ ਮੰਗਾਂ ਤੱਕ ਸੀਮਤ ਕਰਦਿਆਂ ਸਮੁੱਚੇ ਸਮਾਜਿਕ-ਪ੍ਰਬੰਧ ਬਾਰੇ ਚੇਤਨ ਨਾ ਕਰਨ ਦੀ ਹੱਦ ਤੱਕ ਸੀਮਤ ਰੱਖਣ ਨਾਲ ਲੁੱਟੀਦੀਆਂ ਜਮਾਤਾਂ ਦੇ ਮਨਾਂ ਅੰਦਰ ਸਹੀ ਤਬਦੀਲੀ ਵਾਲੀ ਸੋਚ ਭਰਨ ਦੀ ਚੇਤੰਨਤਾ ਵਾਲਾ ਕੰਮ ਅਧੂਰਾ ਹੀ ਰਹਿੰਦਾ ਹੈ ਜੋ ਹਰ ਲੁੱਟੀਂਦੀ ਜਮਾਤ ਨੂੰ ਇਸੇ ਕੋਹਲੂ ਗੇੜ 'ਚ ਫਸਾਈ ਰੱਖਦਾ ਹੈ। ਸਾਰੀਆਂ ਲੋਕ ਪੱਖੀ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਇਹ ਪੱਖ ਪੂਰੀ ਤਰ੍ਹਾਂ ਧਿਆਨ 'ਚ ਰੱਖਣਾ ਚਾਹੀਦਾ ਹੈ।

ਭਾਜਪਾ ਦੇ ਨਾਂਹ ਪੱਖੀ ਪਰਚਾਰ ਤੋਂ ਵੀ ਸਾਨੂੰ ਸਬਕ ਮਿਲਦਾ ਹੈ, ਉਹ ਇਹ ਹੈ ਕਿ ਸਟੇਜਾਂ ਜਾਂ ਵੱਡੇ ਇਕੱਠਾਂ 'ਚ

ਆਮ ਲੋਕਾਂ 'ਚ ਚੇਤਨਾ ਭਰਨ ਦਾ ਕੰਮ ਭਾਵੇਂ ਆਪਣੇ ਤੌਰ 'ਤੇ ਠੀਕ ਹੈ ਪਰ ਇਸ ਸਮਾਜਕ-ਪ੍ਰਬੰਧ ਦੇ ਗੈਰ-ਮਨੁੱਖੀ ਹੋਣ ਅਤੇ ਇਸਨੂੰ ਬਦਲਕੇ ਇਸ ਦੀ ਜਗ੍ਹਾ ਸਹੀ ਲੋਕ ਪੱਖੀ ਸਮਾਜਿਕ-ਆਰਥਿਕ ਪ੍ਰਬੰਧ ਸਿਰਜਣ ਬਾਰੇ ਵਿਅਕਤੀਆਂ ਨੂੰ ਛੋਟੇ-ਛੋਟੇ ਸਮੂਹਾਂ ਨੂੰ ਇਕੱਠੇ ਕਰਕੇ ਉਨ੍ਹਾਂ ਨੂੰ ਚੇਤੰਨ ਕਰਨ ਦਾ ਕੰਮ ਵੱਧ ਕਾਰਗਰ ਸਾਬਤ ਹੁੰਦਾ ਹੈ ਜਿਵੇਂ ਭਾਜਪਾ ਦੀ ਵਿਚਾਰਧਾਰਕ ਪੈਤਰੀ (Parental) ਜਥੇਬੰਦੀ ਆਰ.ਐਸ.ਐਸ. ਨੇ ਇਨ੍ਹਾਂ ਚੋਣਾਂ 'ਚ ਡਰਾਇੰਗ ਰੂਮ ਮੀਟਿੰਗਾਂ ਰਾਹੀਂ ਕੀਤਾ ਹੈ।

ਤੀਸਰਾ ਸਬਕ ਸਾਨੂੰ ਇਹ ਮਿਲਦਾ ਹੈ ਕਿ ਭਾਵੇਂ ਇਸ ਪ੍ਰਬੰਧ ਨੂੰ ਚੱਲਦਾ ਰੱਖਣ ਦੇ ਚਰਿੱਤਰ ਵਾਲੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਰੋਲ ਕਦੇ ਵੀ ਅਗਾਂਹਵਧੂ ਨਹੀਂ ਹੋ ਸਕਦਾ ਪਰ ਫਿਰ ਵੀ ਇਨ੍ਹਾਂ 'ਚ ਦੁਫੇੜ ਨੂੰ ਵਧਾਉਂਦਿਆਂ ਇਨ੍ਹਾਂ ਦੀ ਆਪਸੀ ਖਿੱਚੋਤਾਣ ਨੂੰ ਤੇਜ਼ ਕਰਨ ਲਈ ਸਾਨੂੰ ਹਰ ਸੰਭਵ ਯਤਨ ਕਰਦੇ ਰਹਿਣਾ ਚਾਹੀਦਾ ਹੈ ਤਾਂ ਕਿ ਇਹ ਆਪੋ ਵਿੱਚ ਹੀ ਝੀਟਮ-ਝੀਟੀ ਹੁੰਦਿਆਂ ਇੱਕ-ਦੂਸਰੇ ਦੇ ਪੋਤੜੇ ਫਰੋਲਦੇ ਰਹਿਣ ਅਤੇ ਲੋਕਾਂ ਸਾਹਮਣੇ ਇਨ੍ਹਾਂ ਦਾ ਅਸਲੀ ਕਿਰਦਾਰ ਹੋਰ ਵੱਧ ਸਪੱਸ਼ਟ ਹੁੰਦਾ ਰਹੇ ਚੌਥਾ ਇਹ ਕਿ ਮੌਜੂਦਾ ਕੇਂਦਰੀ ਜਾਂ ਇਨ੍ਹਾਂ ਦੀਆਂ ਹੀ ਸ਼ਾਖਾਵਾਂ ਦੀ ਵੱਖੋ-ਵੱਖਰੇ ਸੂਬਿਆਂ ਦੀਆਂ ਸਰਕਾਰਾਂ ਵੱਲੋਂ ਸਮੇਂ ਸਮੇਂ 'ਤੇ ਭੜਕਾਏ ਜਾਂਦੇ ਫਿਰਕੂ ਮਾਹੌਲ (ਜਿਵੇਂ ਹੁਣ ਯੂ.ਪੀ. ਅੰਦਰ ਭਾਜਪਾ ਦੀ ਯੋਗੀ ਅਦਿੱਤਿਆਨਾਥ ਸਰਕਾਰ ਵੱਲੋਂ ਬਹਿਰਾਈਚ 'ਚ ਫਿਰਕੂ ਫਸਾਦ ਭੜਕਾਇਆ ਗਿਆ ਹੈ) ਨੂੰ ਸਿਰਫ਼ ਇਹ ਕਹਿਕੇ ਨਹੀਂ ਖਤਮ ਕੀਤਾ ਜਾ ਸਕਦਾ ਕਿ ਅਸੀਂ ਲੋਕਾਂ ਨੂੰ ਫਿਰਕੂ ਸਦਭਾਵਨਾ ਬਣਾਈ ਰੱਖਣ ਦੀਆਂ ਅਪੀਲਾਂ ਕਰਦੇ ਜਾਈਏ ਕਿਉਂਕਿ ਫਿਰ ਤਾਂ ਅਸੀਂ ਵੀ ਇਹ ਮੰਨਦੇ ਦਿਖਾਈ ਦੇਵਾਂਗੇ ਕਿ ਇਹ ਲੜਾਈ ਸੱਚੀਓਂ ਹੀ ਕਿਸੇ ਧਰਮ ਦੀ ਸਥਾਪਤੀ ਲਈ ਕੀਤੀ ਜਾ ਰਹੀ ਹੈ। ਯੂ.ਪੀ. 'ਚ ਯੋਗੀ ਸਰਕਾਰ ਵੱਲੋਂ ਭੜਕਾਏ ਦੰਗੇ ਜਿੱਥੇ ਉੱਥੇ ਹੋ ਰਹੀਆਂ ਉਪ-ਚੋਣਾਂ 'ਚ ਵਰਤਣ ਲਈ ਭੜਕਾਏ ਗਏ ਹਨ ਉੱਥੇ ਸਾਨੂੰ ਨਾਲ ਦੀ ਨਾਲ ਇਹ ਵੀ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਆਰ.ਐਸ.ਐਸ. ਮੁਖੀ ਮੋਹਨ ਭਾਗਵਤ ਨੇ ਪਿੱਛੇ ਜਿਹੇ ਹੀ ਕਿਹਾ ਹੈ ਕਿ ਸਾਡਾ ਦੇਸ਼ ਹਿੰਦੂ ਹੈ। ਅਸਲ ਵਿੱਚ ਇਨ੍ਹਾਂ ਫਿਰਕੂ ਦੰਗਿਆਂ ਪਿੱਛੇ ਸ਼ਹੀਦ ਭਗਤ ਸਿੰਘ ਦੇ ਕਥਨ ਅਨੁਸਾਰ "ਆਰਥਿਕ ਕਾਰਨ" ਹੁੰਦਾ ਹੈ। ਇਸ ਲਈ ਇੱਥੇ ਵੀ ਫਿਰਕੂ ਸਦਭਾਵਨਾ 'ਤੇ ਹੀ ਜ਼ੋਰ ਦੇਣ ਵਾਲੇ ਪੱਖ 'ਤੇ ਜ਼ੋਰ ਦੇਣ ਦੇ ਨਾਲ ਨਾਲ ਸਾਨੂੰ ਲੋਕਾਂ ਨੂੰ ਇਹ ਸੁਚੇਤ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਇਹ ਸਾਰੇ ਫਿਰਕੂ ਫਸਾਦ ਕਿਵੇਂ ਲੁਟੇਰੀਆਂ ਜਮਾਤਾਂ ਵੱਲੋਂ ਆਪਣੇ ਹਿਤਾਂ ਲਈ ਭੜਕਾਏ ਜਾਂਦੇ ਹਨ ਭਾਵੇਂ ਕਿ ਇਸ ਵਿੱਚ 'ਬਲੀ' ਆਮ ਲੋਕਾਂ ਦੀ ਹੀ ਲਈ ਜਾਂਦੀ ਹੈ। ਇਹ ਸਭ ਨੂੰ ਪਤਾ ਹੀ ਹੈ ਕਿ ਫਿਰਕੂ ਦੰਗਿਆਂ 'ਚ ਮਨੁੱਖੀ ਜਾਨਾਂ ਅਤੇ ਇੱਜ਼ਤਾਂ ਦਾ ਘਾਣ ਹੁੰਦਾ ਹੈ ਇਹ ਸਾਰਾ ਕੁੱਝ ਉਦੋਂ ਤੱਕ ਹੁੰਦਾ ਰਹੇਗਾ ਜਦੋਂ ਤੱਕ ਇਹ ਲੁਟੇਰਾ ਸਮਾਜਿਕ-ਆਰਥਿਕ ਪ੍ਰਬੰਧ ਮੌਜੂਦ ਹੈ। ਇਸ ਲਈ ਸਾਰੇ ਅਗਾਂਹਵਧੂ ਵਿਅਕਤੀਆਂ ਅਤੇ ਜਥੇਬੰਦੀਆਂ ਦ ' ਇਹ ਫਰਜ਼ ਬਣਦਾ ਹੈ ਕਿ ਕਿਤੇ ਵੀ ਕੋਈ ਫਿਰਕੂ ਘਟਨਾ ਜਾਂ ਦੰਗਾ ਹੁੰਦਾ ਹੈ ਤਾਂ ਉਸ ਵਿਰੁੱਧ ਆਪਣੀ ਆਵਾਜ਼ ਬੁਲੰਦ ਕਰੇ। ਜੇ ਅੱਜ ਇਹ ਆਵਾਜ਼ ਬੁਲੰਦ ਨਹੀਂ ਕੀਤੀ ਜਾਂਦੀ ਤਾਂ ਸਾਨੂੰ ਇਹ ਕਥਨ ਯਾਦ ਰੱਖਣਾ ਚਾਹੀਦਾ ਹੈ:

"ਆਜ ਅਗਰ ਆਵਾਜ਼ ਨਾ ਉਠਾਈ ਤੋ ਕੱਲ ਕੋ ਮਨੁੱਖੀ ਲਾਸ਼ੋਂ ਕੋ ਉਠਾਨੇ ਲਈ ਤਿਆਰ ਰਹਿਣਾ!"

ਪੰਜਵਾਂ ਤੇ ਆਖਰੀ, ਜਿਵੇਂ ਅੱਜ ਕੱਲ੍ਹ ਆਰ.ਐਸ ਐਸ. ਅਤੇ ਭਾਜਪਾ ਦਰਮਿਆਨ ਆਪਸੀ ਪਾਟਕ ਚੱਲ ਰਿਹਾ ਹੈ, ਫਿਰ ਵੀ ਆਰ.ਐਸ.ਐਸ. ਨੇ ਭਾਜਪਾ ਨੂੰ ਜਿਤਾਉਣ 'ਚ ਆਪਣੀ ਭੂਮਿਕਾ ਨਿਭਾਈ । ਇਸ ਲਈ ਸਾਰੇ ਅਗਾਂਹਵਧੂ ਅਤੇ ਇਨਕਲਾਬੀ ਕਹਿਲਾਉਣ ਵਾਲੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਲਈ ਇਹ ਸਬਕ ਹੈ ਕਿ ਉਹ ਵੀ ਆਪਸੀ ਵਖਰੇਵਿਆਂ ਨੂੰ ਭੁਲਾਉਂਦਿਆਂ ਸਾਰੀ ਲੋਕਾਈ ਲਈ ਘਾਤਕ ਸਮਾਜਿਕ-ਆਰਥਿਕ ਪ੍ਰਬੰਧ ਨੂੰ ਬਦਲਣ ਲਈ ਮਿਲਕੇ ਕਦਮ ਉਠਾਉਣ। **98769-53561**

**ਹਵਾਲੇ: 1. ਹਿੰਦੁਸਤਾਨ ਟਾਈਮਜ਼ (ਅੰਗਰੇਜ਼ੀ) 16.10.2024**

**ਵਿਦਿਆਰਥੀ ਆਗੂ ਤੋਂ ਖੱਬੇਪੱਖੀ ਸਿਆਸਤਦਾਨ ਦਾ ਸਫ਼ਰ ਤਹਿ ਕਰਨ ਵਾਲੇ ਸੀਤਾ ਰਾਮ ਯੇਚੁਰੀ ਦਾ ਮ੍ਰਿਤਕ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ** : 12 ਸਤੰਬਰ 2024 ਨੂੰ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ ਵਿੱਚ ਆਪਣਾ ਆਖਰੀ ਸਾਹ ਲੈਣ ਵਾਲੇ ਸੀ.ਪੀ.ਆਈ (ਐਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਦਾ ਮ੍ਰਿਤਕ ਸਰੀਰ ਉਹਨਾ ਦੇ ਪਰਿਵਾਰ ਵੱਲੋਂ ਟੀਚਿੰਗ ਅਤੇ ਮੈਡੀਕਲ ਖੋਜ ਕਾਰਜਾਂ ਲਈ ਏਮਸ ਨੂੰ ਪ੍ਰਦਾਨ ਕੀਤਾ ਗਿਆ। ਉਹ 72 ਸਾਲਾਂ ਦੇ ਸਨ। ਉਹ 1992 ਤੋਂ CPIM ਦੇ ਪੋਲਿਟ ਬਿਊਰੋ ਮੈਂਬਰ ਰਹੇ ਉਹ ਮਦਰਾਸ ਦੇ ਜੰਮਪਲ ਸਨ। ਐਮਰਜੈਂਸੀ ਦੌਰਾਨ ਉਹ ਲੰਬਾ ਸਮਾਂ ਗ੍ਰਿਫਤਾਰ ਰਹੇ। ਉਹ ਆਪਣੇ ਪਿੱਛੇ ਆਪਣੀ ਪਤਨੀ ਸੀਮਾ ਚਿਸ਼ਤੀ (ਐਡੀਟਰ 'ਦੀ ਵਾਇਰ') ਅਤੇ ਧੀ ਅਖਿਲਾ ਯੇਚੁਰੀ ਛੱਡ ਗਏ। ਉਹਨਾਂ ਦੇ ਪੁੱਤਰ ਆਸ਼ੀਸ਼ ਯੇਚੁਰੀ (34) ਦੀ 2021 ਵਿੱਚ ਕੋਵਿਡ ਦੌਰਾਨ ਮੌਤ ਹੋ ਗਈ ਸੀ।



# ਬੋਲ ਸਦੀਵੀਂ



## ਉਜਾੜਾ



ਪ੍ਰੋ. ਲਖਵੀਰ ਸਿੰਘ

ਇੰਟਰਨੈੱਟ 'ਤੇ
ਗੂਗਲ ਮੈਪ ਤੋਂ
ਹਸਰਤ ਭਰੀਆਂ ਨਜ਼ਰਾਂ ਨਾਲ
ਮਿਣ ਰਿਹਾ ਸੀ
ਉਹ
ਆਪਣੇ ਪੁਰਖਿਆਂ ਦੇ ਪਿੰਡ ਦੀਆਂ
ਸਰਹੱਦ ਨੇੜਲੀਆਂ
ਦੂਰੀਆਂ
ਯਾਦ ਕਰ ਰਿਹਾ ਸੀ
ਆਪਣੇ ਬਾਪ ਦੀਆਂ
ਆਪਣੀ ਮਿੱਟੀ ਨਾਲ ਮੋਹ ਦੀਆਂ ਤੰਦਾਂ
ਆਪਣੇ ਬਾਪ ਦੀ
ਆਪਣੇ ਪਿੰਡ ਵਿੱਚ ਸਸਕਾਰ ਕਰਨ ਦੀ
ਬੱਚੇ ਵਰਗੀ ਜ਼ਿੱਦ
ਗੱਲਾਂ ਹੀ ਗੱਲਾਂ ਵਿਚ
ਸੁਣਾ ਗਿਆ ਉਹ
ਆਪਣੇ ਪਰਿਵਾਰ ਦੇ
ਪੀੜ੍ਹੀ ਦਰ ਪੀੜ੍ਹੀ
ਉਜਾੜੇ ਦੀਆਂ ਗੱਲਾਂ
ਉਜਾੜਾ ਜੋ
ਅਫ਼ਗਾਨਿਸਤਾਨ ਤੋਂ ਚੰਦੋਵਾਲ
ਚੰਦੋਵਾਲ ਤੋਂ ਚੰਦੇਰ
ਚੰਦੇਰ ਤੋਂ ਅਟਾਰੀ
ਅਟਾਰੀ ਤੋਂ ਜਲੰਧਰ
ਜਲੰਧਰ ਤੋਂ ਫਿਰੋਜਪੁਰ
ਫਿਰੋਜ਼ਪੁਰ ਤੋਂ ਮਲੋਟ
ਮਲੋਟ ਤੋਂ ਵੈਨਕੂਵਰ
ਕਿੰਨਾ ਹੀ ਹੋਰ
ਆਪ ਮੁਹਾਰੇ
ਉਹ ਦੇ ਸਰੀਰ ਦੇ
ਰੋਮ ਰੋਮ 'ਚੋਂ
ਬਿਆਨ ਹੁੰਦਾ ਰਿਹਾ
ਉਜਾੜਾ ਜੋ
ਪੰਜਾਬ ਚੋਂ
ਖ਼ਤਮ ਹੋਣ ਦਾ ਨਾਮ ਨਹੀਂ ਲੈਂਦਾ......

ਸੰਪਰਕ: 95011 20526

---

## ਨੀ ਚਿੜੀਏ !

ਤੇਰੇ ਖੰਭਾਂ ਦੀ 'ਫਰ ਫਰ' ਵਿੱਚ,
ਪਈ 'ਅਜ਼ਾਦੀ' ਵਸਦੀ ।
ਤੇਰੀ 'ਚੀਂ ਚੀਂ' ਅੰਦਰ ਜਾਪੇ,
'ਕੁਦਰਤ ਸੋਹਣੀ' ਹੱਸਦੀ ।

ਤੇਰੀ ਚੁੰਝ ਦੇ 'ਚੋਗੇ' ਅੰਦਰ,
'ਹਿੰਮਤ' ਲਹਿਰਾਂ ਮਾਰੇ,
ਤੇਰੀ ਇੱਕ 'ਉਡਾਰੀ' ਅੰਦਰ,
ਕਈ ਕਈ ਹੈਨ ਇਸ਼ਾਰੇ ।

ਜੀਉਣਾ 'ਮੌਤ' ਗੁਲਾਮੀ ਅੰਦਰ,
ਮੌਤ 'ਖੁੱਲ੍ਹ' ਵਿੱਚ ਚੰਗੀ ।
ਮਰਨਾ ਖਾ ਗੁਲੇਲਾ ਮੰਗਿਆ,
'ਨਹੀਂ ਗੁਲਾਮੀ ਮੰਗੀ' ।

**ਵਿਧਾਤਾ ਸਿੰਘ ਤੀਰ**

---

## ਬੰਦੇ ਦਾ ਭਗਵਾਨ

ਬੁੱਤਾਂ ਅੱਗੇ ਨੱਕ ਰਗੜਦਾ,
ਫਿਰਦਾ ਬੰਦਾ ਕਿਹੜੇ ਨਾਤੇ ।

ਤੀਰਥ ਤੀਰਥ ਫਿਰੇ ਯਭਕਦਾ,
ਕਰਦਾ ਪਾਠ ਜਾਪ ਜਗਰਾਤੇ ।

ਕਹਿੰਦੇ ਰੱਬ ਨੂੰ ਇੱਕ ਬਰਾਬਰ,
ਹੁੰਦੀ ਉਸ ਦੀ ਉਸਤਤ ਨਿੰਦਾ ।

ਉਸਤਤੀਏ ਨੂੰ ਨਹੀਂ ਸਿਰੋਪਾ,
ਨਿੰਦਕ ਨੂੰ ਕੋਈ ਦੰਡ ਨਹੀਂ ਦਿੰਦਾ ।

ਫਸਿਆ ਵਹਿਮਾਂ ਵਿੱਚ ਇਨਸਾਨ.. ..
ਸਿਰਜਿਆ ਬੰਦੇ ਦਾ ਭਗਵਾਨ ।

**ਕਰਨੈਲ ਸਿੰਘ ਪਾਰਸ ਰਾਮੂਵਾਲੀਆ**

**ਕੈਨੇਡਾ ਵਿਖੇ ਸੈਮੀਨਾਰ:** ਤਰਕਸ਼ੀਲ (ਰੈਸ਼ਨਾਲਿਸਟ) ਸੁਸਾਇਟੀ ਕੈਨੇਡਾ ਇਕਾਈ ਓਨਟਾਰੀਓ ਵੱਲੋਂ ਗਰੀਨਰੀਅਰ ਸੈਂਟਰਲ ਪਾਰਕ ਬਰਾਮਪਟਨ ਵਿਖੇ 14 ਜੁਲਾਈ ਨੂੰ ਇੱਕ ਸੈਮੀਨਾਰ ਕਰਵਾਇਆ ਗਿਆ। ਡਾ. ਬਰਜਿੰਦਰ ਸਿੰਘ ਸੇਖੋਂ ਅਤੇ ਬਲਵਿੰਦਰ ਬਰਨਾਲਾ ਇਸਦੇ ਮੁੱਖ ਬੁਲਾਰੇ ਸਨ। ਡਾ. ਸੇਖੋਂ ਵੱਲੋਂ 'ਰਾਜਨੀਤੀ ਅਤੇ ਧਰਮ' ਅਤੇ ਬਲਵਿੰਦਰ ਬਰਨਾਲਾ ਵੱਲੋਂ 'ਤਰਕਸ਼ੀਲਤਾ ਦੀ ਲੋੜ ਤੇ ਮਹੱਤਵ' ਵਿਸ਼ਿਆਂ 'ਤੇ ਆਪਣੇ ਵਿਚਾਰ ਰੱਖੇ ਗਏ। ਡਾ. ਸੇਖੋਂ ਨੇ ਰਾਜਨੀਤੀ ਤੇ ਧਰਮ ਨੂੰ ਵੱਖ ਕਰਨ 'ਤੇ ਜ਼ੋਰ ਦਿੱਤਾ। ਉਹਨਾਂ ਕਿਹਾ ਕਿ ਰਾਜਨੀਤਕ ਲੋਕ ਧਰਮ ਦੀ ਵਰਤੋਂ ਆਪਣੇ ਮੁਫਾਦਾਂ ਲਈ ਕਰਦੇ ਹਨ। ਧਰਮ ਦੇ ਨਾਮ 'ਤੇ ਲੋਕਾਂ ਨੂੰ ਸੌਖਿਆਂ ਗੁੰਮਰਾਹ ਕੀਤਾ ਜਾ ਸਕਦਾ ਹੈ ਬਲਵਿੰਦਰ ਬਰਨਾਲਾ ਵੱਲੋਂ ਤਰਕਸ਼ੀਲਤਾ ਨੂੰ ਸੰਬੋਧਤ ਹੁੰਦਿਆਂ ਕਿਹਾ ਗਿਆ ਕਿ ਇਹ ਇੱਕ ਸਮਝ ਹੈ ਜਿਸਦਾ ਅਧਾਰ ਬੁੱਧੀ ਅਤੇ ਦਲੀਲ ਹੈ। ਬੁੱਧੀ ਅਤੇ ਦਲੀਲ ਹੀ ਅਸਲੀਅਤ ਜਾਨਣ ਲਈ ਸਾਡੇ ਸਹਾਇਕ ਹੁੰਦੇ ਹਨ ਅਨੁਭਵ ਅਧਾਰਤ ਸਮਝ ਨਾਲ ਅਸੀਂ ਭਟਕ ਸਕਦੇ ਹਾਂ। ਅਨੁਭਵ ਨੂੰ ਤੱਥਾਂ 'ਤੇ ਅਧਾਰਤ ਪਰਖਣ ਦੀ ਜਰੂਰਤ ਹੁੰਦੀ ਹੈ। ਧਰਮ ਦਾ ਅਧਾਰ ਕੇਵਲ ਅਨੁਭਵ ਹੀ ਹੈ। ਬਲਦੇਵ ਰਹਿਪਾ ਵੱਲੋਂ ਬਜੁਰਗਾਂ ਲਈ ਆ ਰਹੀਆਂ ਸਮੱਸਿਆਵਾਂ 'ਤੇ ਆਪਣੇ ਵਿਚਾਰ ਰੱਖੇ ਗਏ। ਸਟੇਜ ਦੀ ਭੂਮਿਕਾ ਸਕੱਤਰ ਅਮਰਦੀਪ ਮੰਡੇਰ ਵੱਲੋਂ ਨਿਭਾਈ ਗਈ। ਅਖੀਰ 'ਤੇ ਪ੍ਰਧਾਨ ਜਸਬੀਰ ਚਾਹਲ ਨੇ ਸਭ ਦਾ ਧੰਨਵਾਦ ਕੀਤਾ ਗਿਆ

**ਇਕਾਈ ਬਠਿੰਡਾ:** ਤਰਕਸ਼ੀਲ ਸੁਸਾਇਟੀ ਪੰਜਾਬ ਦੀ ਬਠਿੰਡਾ ਇਕਾਈ ਵੱਲੋਂ ਇਸ ਦੇ ਵਿਤ ਮੁਖੀ ਗਿਆਨ ਸਿੰਘ ਦੀ ਅਗਵਾਈ ਵਿੱਚ ਤਰਕਸ਼ੀਲ ਕਿਤਾਬ ਘਰ ਚਲਾਇਆ ਜਾ ਰਿਹਾ ਹੈ। ਗਿਆਨ ਸਿੰਘ ਵੱਲੋਂ ਤਰਕਸ਼ੀਲ ਮੈਂਬਰਾਂ ਦੇ ਸਹਿਯੋਗ ਨਾਲ ਇਸ ਇਲਾਕੇ ਦੇ ਲਗਭਗ ਸਾਰੇ ਮਹੱਤਵਪੂਰਨ ਜਨਤਕ ਇਕੱਠਾਂ, ਮੇਲਿਆਂ ਅਤੇ ਹੋਰ ਪ੍ਰੋਗਰਾਮਾਂ ਮੌਕੇ ਤਰਕਸ਼ੀਲ ਅਤੇ ਅਗਾਂਹਵਧੂ ਸਾਹਿਤ ਦਾ ਸਟਾਲ ਲਗਾ ਕੇ ਚੰਗਾ ਸਾਹਿਤ ਲੋਕਾਂ ਤੱਕ ਪਹੁੰਚਾਇਆ ਜਾਂਦਾ ਹੈ। ਇਸ ਨਾਲ ਜਿੱਥੇ ਲੋਕਾਂ ਨੂੰ ਪੁਸਤਕਾਂ ਨਾਲ ਜੁੜਨ ਦੀ ਪ੍ਰੇਰਣਾ ਮਿਲਦੀ ਹੈ, ਉੱਥੇ ਤਰਕਸ਼ੀਲ ਸੁਸਾਇਟੀ ਦੇ ਉਦੇਸ਼ਾਂ ਤੋਂ ਵੀ ਆਮ ਲੋਕ ਜਾਣੂ ਹੁੰਦੇ ਹਨ ਬਠਿੰਡਾ ਇਕਾਈ ਦਾ ਇਹ ਉੱਦਮ ਪਹਿਲਾਂ ਵੀ ਸਫਲਤਾ ਨਾਲ ਚਲਦਾ ਆ ਰਿਹਾ ਹੈ ਪਰ ਇਸ ਸਾਲ ਦੇ ਸਤੰਬਰ ਮਹੀਨੇ ਵਿੱਚ ਇਸ ਨੇ ਨਵਾ ਰਿਕਾਰਡ ਬਣਾਇਆ ਜਦ ਇੱਕੋ ਮਹੀਨੇ ਵਿੱਚ 57 ਹਜਾਰ ਤੋਂ ਉੱਪਰ ਦੇ ਸਾਹਿਤ ਦੀ ਵਿਕਰੀ ਹੋਈ। ਇਸਦੀ ਰਿਪੋਰਟ ਇਸ ਤਰ੍ਹਾਂ ਹੈ

1. 4 ਸਤੰਬਰ ਨੂੰ ਮਾਡਲ ਟਾਊਨ ਫੇਜ਼ 1 ਵਿੱਚ ਨਰ ਕੇਵਲ ਸਿੰਘ ਜੀ ਦੇ ਭੋਗ ਸਮਾਗਮ ਸਮੇਂ 10565 ਰੁਪਏ
2. 14 ਸਤੰਬਰ ਨੂੰ ਜਨਤਕ ਜਮਹੂਰੀ ਜਥੇਬੰਦੀਆਂ ਦੀ ਟੀਚਰਜ਼ ਹੋਮ ਵਿਖੇ ਹੋਈ ਕਨਵੈਨਸ਼ਨ ਮੌਕੇ 2650 ਰੁਪਏ
3. 19 ਤੋਂ 23 ਸਤੰਬਰ (5 ਦਿਨ) ਫ਼ਰੀਦਕੋਟ ਵਿਖੇ ਬਾਬਾ ਫ਼ਰੀਦ ਪੁਸਤਕ ਮੇਲੇ ਵਿੱਚ ਲਗਾਏ ਸਟਾਲ ਤੋਂ 29500 ਰੁ
4. 27 ਸਤੰਬਰ ਨੂੰ ਕਿਸਾਨ ਮੇਲਾ ਬਠਿੰਡਾ ਵਿਖੇ 13430 ਰੁ.
5. 28 ਸਤੰਬਰ ਨੂੰ ਕਮਲਾ ਨਹਿਰੂ ਕਾਲੋਨੀ ਵਿਖੇ ਸ਼ਹੀਦ ਭਗਤ ਸਿੰਘ ਦੇ ਜਨਮ ਦਿਨ ਸਬੰਧੀ ਪ੍ਰੋਗਰਾਮ ਵਿੱਚ 530 ਰੁ.

ਵੱਖ ਵੱਖ ਥਾਵਾਂ ਉੱਤੇ ਸਟਾਲ ਲਗਾਉਣ ਦੌਰਾਨ ਬਠਿੰਡਾ ਇਕਾਈ ਦੇ ਮੈਂਬਰਾਂ ਕੁਲਵੰਤ ਸਿੰਘ, ਹਾਕਮ ਸਿੰਘ, ਰਾਮ ਨਿਰਮਾਣ, ਜੋਗਿੰਦਰ ਸਿੰਘ ਕਾਨੂੰਨਗੋ, ਬਿਕਰਮਜੀਤ, ਰਣਧੀਰ ਗਿੱਲਪੱਤੀ ਅਤੇ ਰਾਜਪਾਲ ਸਿੰਘ ਨੇ ਗਿਆਨ ਸਿੰਘ ਹੋਰਾਂ ਨੂੰ ਸਹਿਯੋਗ ਦਿੱਤਾ ਫਰੀਦਕੋਟ ਮੇਲੇ ਵਿੱਚ ਰਣਜੀਤ ਸਿਵੀਆ ਅਤੇ ਨਿਰਮਲ ਪਟਵਾਰੀ ਨੇ ਵੀ ਸਹਿਯੋਗ ਦਿੱਤਾ।

**ਤਰਕਸ਼ੀਲ ਸੁਸਾਇਟੀ ਪੰਜਾਬ ਨੇ ਕੀਤੀ ਸਰਗਰਮ ਸ਼ਮੂਲੀਅਤ: ਇਨਕਲਾਬੀ ਰੰਗਮੰਚ ਲਹਿਰ ਦੇ ਸਿਰਜਕ ਨਾਟਕਕਾਰ ਭਾ ਜੀ ਗੁਰਸ਼ਰਨ ਸਿੰਘ ਦੇ 95ਵੇਂ ਜਨਮ ਦਿਵਸ ਮੌਕੇ ਹੋਇਆ ਸੈਮੀਨਾਰ ਅਤੇ ਨਾਟਕ ਸਮਾਗਮ**

ਭਾ ਜੀ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਅਤੇ ਮੰਚ ਰੰਗਮੰਚ ਅੰਮ੍ਰਿਤਸਰ ਵੱਲੋਂ ਪ੍ਰਸਿੱਧ ਲੋਕ ਪੱਖੀ ਇਨਕਲਾਬੀ ਨਾਟਕਕਾਰ ਅਤੇ ਸਮਾਜਿਕ ਚਿੰਤਕ ਭਾ ਜੀ ਗੁਰਸ਼ਰਨ ਸਿੰਘ ਦੇ 95ਵੇਂ ਜਨਮ ਦਿਨ ਦੇ ਮੌਕੇ 16 ਸਤੰਬਰ ਨੂੰ ਵਿਰਸਾ ਵਿਹਾਰ ਅੰਮ੍ਰਿਤਸਰ ਵਿਖੇ 'ਲੋਕ ਪੱਖੀ ਰੰਗਮੰਚ ਦੀ ਵਿਰਾਸਤ' ਵਿਸ਼ੇ 'ਤੇ ਇਕ ਸੈਮੀਨਾਰ ਕਰਵਾਇਆ ਗਿਆ ਜਿਸ ਵਿੱਚ ਲੋਕ ਪੱਖੀ ਨਾਟਕਕਾਰ ਅਤੇ ਬੁੱਧੀਜੀਵੀ ਡਾ. ਸਵਰਾਜਬੀਰ ਨੇ ਗੁਰਸ਼ਰਨ ਭਾਅ ਜੀ ਵੱਲੋਂ ਇਨਕਲਾਬੀ ਰੰਗਮੰਚ ਦੇ ਖੇਤਰ ਵਿੱਚ ਪਾਏ ਵਡਮੁੱਲੇ ਯੋਗਦਾਨ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ ਸਭ ਤੋਂ ਪਹਿਲਾਂ ਸ਼੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਨੇ ਬੜੇ ਹੀ ਭਾਵੁਕ ਅੰਦਾਜ ਵਿੱਚ ਭਾ ਜੀ ਗੁਰਸ਼ਰਨ ਸਿੰਘ ਨਾਲ ਬਿਤਾਏ ਦਿਨਾਂ ਦੀਆਂ

ਯਾਦਾਂ ਬਾਰੇ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਸਭ ਨੂੰ ਜੀ ਆਇਆਂ ਆਖਦਿਆਂ ਉੱਘੇ ਚਿੰਤਕ ਡਾ. ਪਰਮਿੰਦਰ ਸਿੰਘ ਤੇ ਅਮੋਲਕ ਸਿੰਘ ਨੇ ਕਿਹਾ ਕਿ ਭਾ ਜੀ ਨੇ ਪੂਰੇ ਪੰਜ ਦਹਾਕੇ ਲੋਕ ਪੱਖੀ ਸਮਾਜਿਕ ਤੇ ਸੱਭਿਆਚਾਰਕ ਤਬਦੀਲੀ ਦੇ ਬਿਖੜੇ ਤੇ ਔਖੇ ਰਾਹਾਂ ਉਤੇ ਚਲਦਿਆਂ ਫ਼ਿਰਕੂ ਦਹਿਸ਼ਤਗਰਦੀ ਅਤੇ ਹਕੂਮਤੀ ਜਬਰ ਦਾ ਪੂਰੀ ਨਿਡਰਤਾ ਨਾਲ ਟਾਕਰਾ ਕੀਤਾ ਪਰ ਆਪਣੀ ਖੱਬੇ ਪੱਖੀ ਵਿਚਾਰਧਾਰਕ ਪ੍ਰਤੀਬੱਧਤਾ ਦੇ ਵਿਰੁੱਧ ਕਦੇ ਕੋਈ ਸਮਝੌਤਾ ਨਹੀਂ ਕੀਤਾ। ਸੈਮੀਨਾਰ ਦੇ ਮੁੱਖ ਵਕਤਾ ਡਾ. ਸਵਰਾਜਬੀਰ ਨੇ ਕਿਹਾ ਕਿ ਸਾਡੇ ਕੋਲ ਭਾਅ ਜੀ ਗੁਰਸ਼ਰਨ ਸਿੰਘ ਦੇ ਰੂਪ ਵਿੱਚ ਸਾਹਿਤ ਤੇ ਲੋਕ ਪੱਖੀ ਰੰਗਮੰਚ ਦੀ ਬਹੁਤ ਵੱਡੀ ਵਿਰਾਸਤ ਹੈ। ਉਨ੍ਹਾਂ ਨੇ ਪੰਜਾਬੀ ਰੰਗਮੰਚ ਨੂੰ ਇਪਟਾ ਦੀ ਵਿਰਾਸਤ ਨੂੰ ਹੋਰ ਅੱਗੇ ਲਿਜਾਂਦੇ ਹੋਏ ਸ਼ਹਿਰਾਂ ਦੀਆਂ ਤੰਗ ਵਲਗਣਾਂ ਵਿਚੋਂ ਕੱਢ ਕੇ ਪਿੰਡਾਂ, ਕਸਬਿਆਂ ਦੀਆਂ ਸੱਥਾਂ ਤੱਕ ਪੰਹੁਚਾਇਆ ਭਾਅ ਜੀ ਨੇ ਆਪਣੇ ਰੰਗਮੰਚ ਨੂੰ ਆਮ ਲੋਕਾਂ ਵਿੱਚ ਸਮਾਜਿਕ ਤੇ ਰਾਜਸੀ ਚੇਤਨਾ ਵਿਕਸਿਤ ਕਰਨ ਲਈ ਇਕ ਸਮਾਜਕ ਜਿੰਮੇਵਾਰੀ ਦੇ ਤੌਰ 'ਤੇ ਵਰਤਣ ਦੀ ਸਫਲ ਪਹਿਲ ਕਦਮੀ ਕੀਤੀ। ਗੁਰਸ਼ਰਨ ਭਾ ਜੀ ਦੀ ਬੇਟੀ ਡਾ.ਅਰੀਤ ਨੇ ਆਪਣੇ ਜਜਬਾਤੀ ਸ਼ਬਦਾਂ ਵਿੱਚ ਅਜਿਹਾ ਸਾਰਥਿਕ ਸਮਾਗਮ ਆਯੋਜਿਤ ਕੀਤੇ ਜਾਣ ਲਈ ਗੁਰਸ਼ਰਨ ਸਿੰਘ ਵਿਰਾਸਤ ਸੰਭਾਲ ਕਮੇਟੀ ਅਤੇ ਹਾਜਰੀਨ ਦਾ ਧੰਨਵਾਦ ਕੀਤਾ। ਸਮਾਗਮ ਦੇ ਦੂਜੇ ਪੜਾਅ ਤੇ ਸ੍ਰੋਮਣੀ ਨਾਟਕਕਾਰ ਕੇਵਲ ਧਾਲੀਵਾਲ ਦੀ ਨਿਰਦੇਸ਼ਨਾਂ ਵਿੱਚ ਮੰਚ ਰੰਗਮੰਚ ਅੰਮ੍ਰਿਤਸਰ ਦੇ ਕਲਾਕਾਰਾਂ ਵਲੋਂ 'ਜਿਸ ਲਾਹੌਰ ਨਹੀਂ ਵੇਖਿਆ, ਉਹ ਜੰਮਿਆ ਨਹੀਂ' ਨਾਟਕ ਦਾ ਸ਼ਾਨਦਾਰ ਮੰਚਨ ਕੀਤਾ ਗਿਆ। ਇਸ ਉਪਰੰਤ ਗੁਰਸ਼ਰਨ ਭਾ ਜੀ ਦੇ ਰਣਜੀਤਪੁਰਾ ਵਿਖੇ ਸਥਿਤ ਜੱਦੀ ਘਰ ਗੁਰੂ ਖਾਲਸਾ ਨਿਵਾਸ ਵਿਖੇ ਮੋਮਬੱਤੀਆਂ ਜਗਾ ਕੇ ਉਨ੍ਹਾਂ ਨੂੰ ਸਿਜਦਾ ਕੀਤਾ ਗਿਆ ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਸ਼ਰਨ ਭਾ ਜੀ ਦੀ ਬੇਟੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਨੂੰ ਸਮਰਪਿਤ ਡਾ: ਨਵਸਰਨ, ਡਾ: ਹਿਰਦੇਪਾਲ ਸਿੰਘ ਪ੍ਰੀਤ ਲੜੀ, ਫਿਲਮ ਅਦਾਕਾਰ ਅਤੇ ਪੱਤਰਕਾਰ ਜਸਵੰਤ ਜੱਸ, ਅਦਾਕਾਰ ਇਕੱਤਰ, ਸੂਬਾਈ ਤਰਕਸਸ਼ੀਲ ਆਗੂ ਰਾਮ ਸਵਰਨ ਲੱਖੇਵਾਲੀ ਤੇ ਸੁਮੀਤ ਸਿੰਘ, ਮਜਦੂਰ ਆਗੂ ਹਰਮੇਸ਼ ਮਾਲੜੀ, ਸ਼ਬਦੀਸ, ਅਨੀਤਾ ਸ਼ਬਦੀਸ਼, ਜਗਸੀਰ ਜੀਂਦਾ, ਮਾਸਟਰ ਕੁਲਜੀਤ ਵੇਰਕਾ, ਹਰਿੰਦਰ ਸੋਹਲ, ਗੁਰਤੇਜ ਮਾਨ, ਕਿਸਾਨ ਆਗੂ ਗੁਰਬਚਨ ਸਿੰਘ ਕਿਸਾਨ ਆਗੂ ਡਾ. ਪਰਮਿੰਦਰ ਪੰਡੋਰੀ, ਕਿਸਾਨ ਆਗੂ ਲਖਵਿੰਦਰ ਮੰਜਿਆਵਾਲੀ, ਡਾ. ਤੇਜਬੀਰ ਸਿੰਘ, ਡਾ. ਜਸਮੀਤ, ਧੰਨਵਤ ਸਿੰਘ ਖਤਰਾਏ ਕੱਲਾ, ਡਾ. ਸਤਿੰਦਰ ਢਿਲੋਂ, ਪ੍ਰੋ. ਅਮਰਜੀਤ ਸਿੱਧੂ, ਯਸਪਾਲ ਝਬਾਲ, ਮੁਲਾਜਮ ਆਗੂ ਕਿਸ਼ਨ ਸਿੰਘ, ਮਲਕੀਤ ਸਿੰਘ ਸੈਂਸਰਾ, ਕਿਸਾਨ ਆਗੂ ਮੋਹਨ ਸਿੰਘ ਬੱਲ, ਬਲਦੇਵ ਰਾਜ ਵੇਰਕਾ, ਜਸਪਾਲ ਬਾਸਰਕੇ, ਡਾ. ਕਸਮੀਰ ਸਿੰਘ, ਅਮਰਜੀਤ ਵੇਰਕਾ, ਤਰਕਸੀਲ ਆਗੂ ਮੇਲਾ ਰਾਮ, ਡਾ.ਕੁਲਦੀਪ ਸਿੰਘ, ਅਮਰਜੀਤ ਭੱਲਾ, ਅਰਤਿੰਦਰ ਸੰਧੂ, ਸਰਦਾਰਾ ਸਿੰਘ ਚੀਮਾ,ਪ੍ਰੇਮ ਚੰਦ, ਮੈਡਮ ਜਸਪਾਲ ਭਾਟੀਆ, ਡਾ. ਇਕਬਾਲ ਕੌਰ ਸੌਂਦ, ਡਾ. ਪੁਰਸੋਤਮ ਲਾਲ, ਗੁਰਦੀਪ ਸਿੰਘ, ਸੁਖਮੀਤ ਸਿੰਘ, ਰਾਜ ਕੁਮਾਰ ਵੇਰਕਾ, ਰਾਜਿੰਦਰ ਪਾਲ ਕੌਰ, ਦਮਨਜੀਤ ਕੌਰ, ਐਡਵੋਕੇਟ ਪੁਰਸ਼ੋਤਮ ਸਿੰਘ, ਗੁਰਪ੍ਰੀਤ ਲਲਕਾਰ, ਰਵਿੰਦਰ ਲਲਕਾਰ, ਕਰਤਾਰ ਸਿੰਘ ਐਮ ਏ, ਸੁਖਦੇਵ ਰਾਜ ਕਾਲੀਆ, ਪਰਮੀਤ ਕੌਰ, ਐਮ ਪੀ ਸਿੰਘ ਸਮੇਤ ਹੋਰ ਕਲਾਕਾਰ, ਸਾਹਿਤਕਾਰ, ਸਾਹਿਤ ਤੇ ਨਾਟ ਪ੍ਰੇਮੀ ਅਤੇ ਕਿਸਾਨ, ਮਜਦੂਰ, ਮੁਲਾਜਮ, ਤਰਕਸ਼ੀਲ ਜੱਥੇਬੰਦੀਆਂ ਦੇ ਆਗੂ ਹਾਜਰ ਸਨ। **– ਸੁਮੀਤ ਅੰਮ੍ਰਿਤਸਰ।**

**ਸਾਇੰਸ ਫਾਰ ਸੁਸਾਇਟੀ ਝਾਰਖੰਡ ਵੱਲੋਂ ਆਨਲਾਈਨ ਵਿਚਾਰ ਚਰਚਾ ਦੀ ਰਿਪੋਰਟ:**

ਆਮ ਜਨਤਾ ਵਿੱਚ ਵਿਗਿਆਨਕ ਦ੍ਰਿਸ਼ਟੀਕੋਣ ਅਤੇ ਲੋਕਤੰਤਰਿਕ ਚੇਤਨਾ ਦੇ ਵਿਕਾਸ ਲਈ ਪ੍ਰਤੀਬੱਧ ਸਾਇੰਸ ਫਾਰ ਸੁਸਾਇਟੀ ਝਾਰਖੰਡ ਵੱਲੋਂ ਆਨਲਾਈਨ ਚਰਚਾ 13 ਅਕਤੂਬਰ ਨੂੰ ਕੀਤੀ ਗਈ। ਵਿਗਿਆਨਕ ਚੇਤਨਾ ਵਿਚਾਰ ਚਰਚਾ ਦੀ ਨੌਵੀਂ ਕੜੀ ਵਿੱਚ ਸ਼ਾਮਿਲ ਬੁਲਾਰਿਆਂ ਨੇ 'ਹਿੰਦੀ ਰਾਜਾਂ ਵਿੱਚ ਤਰਕਸ਼ੀਲ ਅੰਦੋਲਨ ਦੀ "ਦਸ਼ਾ ਅਤੇ ਦਿਸ਼ਾ" ਵਿਸ਼ੇ 'ਤੇ ਵਿਆਪਕ ਚਰਚਾ ਕੀਤੀ। ਮੌਜੂਦਾ ਦੌਰ ਵਿੱਚ ਜਦੋਂ ਅਵਿਗਿਆਨਕ ਸੋਚ ਸੰਕੀਰਨਤਾ ਨਫ਼ਰਤ ਅਤੇ ਹਿੰਸਾ ਨੂੰ ਪ੍ਰਸ਼ਾਸਕੀ ਪੱਧਰ 'ਤੇ ਵਧਾਇਆ ਜਾ ਰਿਹਾ ਹੈ ਤਾਂ ਸਥਿਤੀ ਦੀ ਭਿਆਨਕਤਾ ਨੂੰ ਆਸਾਨੀ ਨਾਲ ਸਮਝਿਆ ਜਾ ਸਕਦਾ ਹੈ। ਇਹਨਾਂ ਹਾਲਤਾਂ ਵਿੱਚ ਆਲ ਇੰਡੀਆ ਪੀਪਲਸ ਸਾਇੰਸ ਨੈਟਵਰਕ ਦੇ ਸੱਦੇ 'ਤੇ ਸਾਇੰਸ ਫਾਰ ਸੁਸਾਇਟੀ ਝਾਰਖੰਡ ਜਨਵਾਦੀ ਲੇਖਕ ਸੰਘ ਝਾਰਖੰਡ ਨੇ ਇਹ ਵਿਚਾਰ ਚਰਚਾ ਸ਼ੁਰੂ ਕੀਤੀ। ਚਰਚਾ ਦੀ ਪ੍ਰਧਾਨਗੀ ਅਲੀ ਇਮਾਮ ਖਾਨ ਪ੍ਰਧਾਨ ਸਾਇੰਸ ਫਾਰ ਸੁਸਾਇਟੀ, ਝਾਰਖੰਡ ਸੰਚਾਲਨ ਮੁੱਖ ਸਕੱਤਰ ਡੀਐਨਐਸ ਆਨੰਦ ਨੇ ਕੀਤਾ। ਉਹਨਾਂ ਨੇ ਪੈਨਲ ਵਿੱਚ ਭਾਗ ਲੈਣ ਵਾਲੇ ਸਾਥੀਆਂ ਨਾਲ ਜਾਣ ਪਛਾਣ ਕਰਾਉਂਦਿਆਂ ਕਿਹਾ ਕਿ ਸਮਾਜ ਵਿੱਚ ਅੰਧ ਵਿਸ਼ਵਾਸ, ਅੰਧ ਸ਼ਰਧਾ ਅਤੇ ਕੁਰੀਤੀਆਂ ਦਾ ਬੋਲ ਬਾਲਾ ਹੈ ਅਤੇ ਹਿੰਦੀ ਭਾਸ਼ੀ ਰਾਜਾਂ ਵਿੱਚ ਹਾਲਤ ਹੋਰ ਵੀ ਬਦਤਰ ਹੈ। ਸਮਾਜ ਨੂੰ ਅੰਧ ਵਿਸ਼ਵਾਸਾਂ ਦੇ

ਨਾਲ ਨਾਲ ਸ਼ੋਸ਼ਣ, ਉਤਪੀੜਨ ਵਿੱਚੋਂ ਕੱਢਣ ਲਈ ਸਾਂਝੇ ਵਿਚਾਰਧਾਰਕ ਯਤਨਾਂ ਦੀ ਜਰੂਰਤ ਹੈ।

ਪੈਨਲ ਦੇ ਪਹਿਲੇ ਬੁਲਾਰੇ ਹਿੰਦੀ ਮੈਗਜੀਨ "ਤਰਕਸ਼ੀਲ" ਪਥ ਦੀ ਸੰਪਾਦਨਾ ਨਾਲ ਜੁੜੇ ਗੁਰਮੀਤ ਅੰਬਾਲਾ ਨੇ ਕਿਹਾ ਕਿ ਉਹ 1986 ਤੋਂ ਹੀ ਤਰਕਸ਼ੀਲ ਸੁਸਾਇਟੀ ਹਰਿਆਣਾ ਨਾਲ ਜੁੜੇ ਹਨ। ਤਰਕਸ਼ੀਲ ਸਾਹਿਤ ਨਾਲ ਸਬੰਧਿਤ ਪ੍ਰਕਾਸ਼ਨਾਂ ਤੋਂ ਇਲਾਵਾ ਤਰਕਸ਼ੀਲ ਮੇਲਿਆਂ, ਸਕੂਲ ਪ੍ਰੋਗਰਾਮਾਂ ਰਾਹੀ ਲੋਕਾਂ ਤੱਕ ਪਹੁੰਚ ਕੀਤੀ ਹੈ। ਵਿਚਾਰ ਚਰਚਾ ਦੇ ਦੂਜੇ ਬੁਲਾਰੇ ਜਸਵੰਤ ਮੋਹਾਲੀ, ਜੋ ਤਰਕਸ਼ੀਲ ਅੰਦੋਲਨ ਨਾਲ ਲੰਬੇ ਅਰਸੇ ਤੋਂ ਜੁੜੇ ਹੋਏ ਹਨ, ਨੇ ਕਿਹਾ ਕਿ ਤਰਕ ਮਨੁੱਖ ਦੀ ਸਹਿਜ ਪ੍ਰਵਿਰਤੀ ਹੈ। ਤਰਕ ਬਚਪਨ ਤੋਂ ਹੀ ਬੱਚੇ ਦੇ ਮਨ ਮਸਤਕ ਵਿੱਚ ਪੁੰਗਰਨਾ ਸ਼ੁਰੂ ਹੋ ਜਾਂਦਾ ਹੈ। ਸਮਾਜ ਵਿੱਚ ਅੰਧ ਵਿਸ਼ਵਾਸ ਘਾਹ ਫੂਸ ਅਤੇ ਨਦੀਨ ਦੀ ਤਰ੍ਹਾਂ ਉੱਗ ਆਉਂਦੇ ਹਨ ਜੋ ਤਰਕ ਨੂੰ ਫੈਲਣ ਦਾ ਮੌਕਾ ਹੀ ਨਹੀਂ ਦਿੰਦੇ। 1984 ਵਿਚ ਕਿਤਾਬ "..'ਤੇ ਦੇਵ ਪੁਰਸ਼ ਹਾਰ ਗਏ" ਦੇ ਪ੍ਰਕਾਸ਼ਨ ਤੋਂ ਤਰਕਸ਼ੀਲ ਸੁਸਾਇਟੀ ਪੰਜਾਬ ਸ਼ੁਰੂ ਹੋਈ। ਹੁਣ ਤੱਕ 60 ਦੇ ਕਰੀਬ ਕਿਤਾਬਾਂ ਤੇ ਹਿੰਦੀ ਅਤੇ ਪੰਜਾਬੀ ਦੇ ਮੈਗਜੀਨ ਦੇ ਪ੍ਰਕਾਸ਼ਨ ਨਾਲ, ਸਰੀਰ ਪ੍ਰਦਾਨ ਦੀ ਲਹਿਰ ਖੜ੍ਹੀ ਕਰਕੇ ਅਤੇ ਹਜ਼ਾਰਾਂ ਵਿਦਿਆਰਥੀਆਂ ਨੂੰ ਵਿਗਿਆਨਕ ਸੋਚ ਨਾਲ ਜੋੜ ਕੇ ਵੱਡੇ ਮੀਲ ਪੱਥਰ ਗੱਡੇ ਹਨ। ਪਟਨਾ ਬਿਹਾਰ ਤੋਂ ਇੰਜੀਨੀਅਰ ਸੁਨੀਲ ਸਿੰਘ ਨੇ ਕਿਹਾ ਕਿ ਆਜ਼ਾਦੀ ਦੇ 76 ਸਾਲ ਬਾਅਦ ਵੀ ਭਾਰਤੀ ਸਮਾਜ ਦਾ ਅੰਧ ਵਿਸ਼ਵਾਸ ਤੇ ਜਾਤੀਵਾਦ ਵਿੱਚ ਫਸੇ ਹੋਣਾ ਚਿੰਤਾ ਦਾ ਵਿਸ਼ਾ ਹੈ। ਜਨਵਾਦੀ ਲੇਖਕ ਸੰਘ ਵਾਰਾਨਸੀ ਉੱਤਰ ਪ੍ਰਦੇਸ਼ ਤੋਂ ਡਾਕਟਰ ਮਹਿੰਦਰ ਪ੍ਰਤਾਪ ਨੇ ਕਿਹਾ ਕਿ ਵਿਗਿਆਨਕ ਉੱਨਤੀ ਦਾ ਅਰਥ ਵਿਗਿਆਨਕ ਵਿਚਾਰਧਾਰਾ ਦਾ ਵਿਕਾਸ ਨਹੀਂ ਹੁੰਦਾ ਨਾ-ਬਰਾਬਰੀ, ਸ਼ੋਸ਼ਣ, ਕੁਪੋਸ਼ਨ, ਪ੍ਰਦੂਸ਼ਣ ਆਦਿ ਲੌਕਿਕ ਸਮੱਸਿਆਵਾਂ ਦੇ ਕਾਰਨ ਵੀ ਲੌਕਿਕ ਹੁੰਦੇ ਹਨ, ਪਾਰਲੌਕਿਕ ਨਹੀਂ। ਹਰਿਆਣਾ ਦੀ ਅਧਿਆਪਕਾ ਅਨੁਪਮਾ ਸ਼ਰਮਾ ਨੇ ਨਵੀਂ ਸਿੱਖਿਆ ਨੀਤੀ 'ਤੇ ਸੁਆਲ ਉਠਾਏ। ਉਹਨਾਂ ਨੇ ਕਿਹਾ ਕਿ ਸਾਨੂੰ ਵਿਚਾਰਧਾਰਕ ਸੰਘਰਸ਼ ਦੇ ਨਾਲ ਸੜਕਾਂ 'ਤੇ ਵੀ ਉਤਰਨਾ ਪੈਣਾ। ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਅਲੀ ਇਮਾਮ ਖਾਨ ਨੇ ਕਿਹਾ ਕਿ ਅੰਧ ਵਿਸ਼ਵਾਸ ਏਨਾ ਖ਼ਤਰਨਾਕ ਨਹੀਂ ਹੈ, ਜਿੰਨਾ ਅੰਧ ਵਿਸ਼ਵਾਸ ਨੂੰ ਸੱਤਾ ਦਾ ਖੁੱਲਾ ਸਮਰਥਨ ਚਿੰਤਾਜਨਕ ਹੈ। ਸੰਵਿਧਾਨ ਦੀ ਰੱਖਿਆ ਦੀ ਉਮੀਦ ਸਰਕਾਰ ਤੋਂ ਨਹੀਂ ਹੈ। ਇਹ ਜਨਤਾ ਨੂੰ ਹੀ ਕਰਨੀ ਪਵੇਗੀ। ਤਰਕਸ਼ੀਲ ਅੰਦੋਲਨ ਨੂੰ ਰੁਜਗਾਰ ਦੇ ਸਵਾਲ ਨਾਲ ਜੋੜਨਾ ਪਵੇਗਾ। **–ਜਸਵੰਤ ਮੋਹਾਲੀ**

## ਮੈਗਜ਼ੀਨ 'ਤਰਕਸ਼ੀਲ' – ਤੁਹਾਡੇ ਵਿਚਾਰ

ਸਤੰਬਰ-ਅਕਤੂਬਰ ਦੇ "ਤਰਕਸ਼ੀਲ" ਮੈਗਜੀਨ ਦੇ ਲੇਖ "ਵਿਗਿਆਨ ਦਾ ਸਫ਼ਰ-1", (ਮਨੁੱਖੀ ਸਰੀਰ ਦੀ ਅੰਦਰੂਨੀ ਬਣਤਰ ਦਾ ਗਿਆਨ ਕਿਵੇਂ ਹੋਇਆ) ਵਿੱਚ, ਜਿਸ ਦੇ ਲੇਖਕ ਰਾਜਪਾਲ ਸਿੰਘ ਨੇ, ਬਹੁਤ ਵਧੀਆ ਜਾਣਕਾਰੀ ਦਿੱਤੀ ਗਈ ਹੈ ਇਸ ਵਿੱਚ ਮਨੁੱਖੀ ਸਰੀਰ ਦੀ ਅੰਦਰੂਨੀ ਬਣਤਰ ਤੇ ਚੀਰ ਫਾੜ ਬਾਰੇ ਆਦਿਕਾਲ ਤੋਂ ਲੈ ਕੇ ਅੱਜ ਤੱਕ ਦੀ ਤਰਕ ਭਰਪੂਰ ਜਾਣਕਾਰੀ ਦਿੱਤੀ ਹੋਈ ਹੈ ਇਸ ਲੇਖ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਤਕਰੀਬਨ ਦੋ ਢਾਈ ਹਜ਼ਾਰ ਸਾਲ ਪਹਿਲਾਂ ਗੇਲੈਨ ਨਾਂ ਦੇ ਵਿਗਿਆਨੀ ਨੇ ਸੂਰ 'ਤੇ ਤਜਰਬਾ ਕਰਕੇ ਇਹ ਦੱਸਿਆ ਕਿ ਜੀਵਾਂ ਵਿੱਚ ਆਵਾਜ਼ ਨੂੰ ਕਿਹੜਾ ਅੰਗ ਪੈਦਾ ਕਰਦਾ ਹੈ ਅਤੇ ਦਿਮਾਗ ਇਸ ਨੂੰ ਕਿਵੇਂ ਕੰਟਰੋਲ ਕਰਦਾ ਹੈ। **- ਗੋਰਾ ਹੁਸ਼ਿਆਰਪੁਰੀ**

ਸਤੰਬਰ ਅਕਤੂਬਰ 2024 ਦਾ ਅੰਕ "ਤਰਕਸ਼ੀਲ", ਸਾਰਾ ਹੀ ਬਹੁਤ ਵਧੀਆ ਸੀ ਪਰ ਇੱਕ ਲੇਖ "ਹਿੰਦੂਤਵੀ ਭਵ ਸੰਸਾਰ ਅੰਦਰ ਡੁੱਬਕੀ" ਵਿੱਚ ਤਿੰਨ ਥਾਵਾਂ ਤੇ 2014 ਦੀ ਬਜਾਏ 1914 ਛਪਿਆ ਹੋਇਆ ਹੈ। ਬੇਨਤੀ ਹੈ ਕਿ ਪਰੂਫ ਰੀਡਿੰਗ ਵੇਲੇ ਅੰਕੜਿਆਂ ਦਾ ਖਾਸ ਖਿਆਲ ਰੱਖਿਆ ਜਾਵੇ। ਬਲਬੀਰ ਲੌਂਗੋਵਾਲ ਜੀ ਦਾ ਲੇਖ "ਉੱਘੇ ਸਮਾਜਿਕ, ਤਰਕਸ਼ੀਲ ਆਗੂ ਈ ਵੀ ਰਾਮਾਸਾਮੀ ਪੇਰੀਆਰ" ਪੜ੍ਹਿਆ ਜਿਸ ਵਿੱਚ ਬਹੁਤ ਵਿਸਥਾਰ ਨਾਲ ਪੇਰੀਆਰ ਜੀ ਦੇ ਜੀਵਨ ਅਤੇ ਸਮਾਜਿਕ ਬਰਾਬਰੀ ਲਈ ਕੀਤੇ ਸੰਘਰਸ਼ਾਂ 'ਤੇ ਚਾਨਣਾ ਪਾਇਆ ਗਿਆ। ਇੱਕ ਗੱਲ ਰੜਕਦੀ ਹੈ ਕਿ ਇਸ ਬਾਰੇ ਕੋਈ ਜ਼ਿਕਰ ਨਹੀਂ ਕੀਤਾ ਗਿਆ ਕਿ ਪੇਰੀਆਰ ਜੀ ਨੇ ਸ਼ਹੀਦ ਭਗਤ ਸਿੰਘ ਦਾ ਲੇਖ "ਮੈਂ ਨਾਸਤਿਕ ਕਿਉਂ ਹਾਂ" ਦਾ ਉਲਥਾ ਤਮਿਲ ਜ਼ੁਬਾਨ ਵਿਚ ਕੁਡੀ ਆਰਸੁ ਵਿਚ 1935 ਵਿਚ ਛਪਿਆ ਸੀ ਅਤੇ 1931 ਵਿਚ ਪੇਰੀਆਰ ਜੀ ਨੇ ਸ਼ਹੀਦ ਭਗਤ ਸਿੰਘ ਦੀ ਦਿੱਤੀ ਸ਼ਹਾਦਤ ਬਾਰੇ ਵੀ ਸੰਪਾਦਕੀ ਲਿਖੀ ਸੀ। **-ਵਿਸਵਾ ਮਿੱਤਰ ਜਲੰਧਰ**

ਨਵੀਂ ਤੋਂ ਨਵੀਂ ਜਾਣਕਾਰੀ ਭਰਪੂਰ, ਸਹੀ ਸੇਧ ਤੇ ਪ੍ਰੇਰਨਾ ਦੇਣ ਵਾਲਾ ਹੈ "ਤਰਕਸ਼ੀਲ" ਮੈਗਜ਼ੀਨ। ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਦਰਪੇਸ਼ ਸਮੱਸਿਆਵਾਂ ਬਾਰੇ ਵੀ ਮੈਗਜ਼ੀਨ ਵਿੱਚ ਕੁੱਝ ਨਾ ਕੁੱਝ ਦਿੱਤਾ ਜਾਣਾ ਚਾਹੀਦਾ ਹੈ ਜਿਵੇਂ ਜਾਦੂ ਦਾ ਕੋਈ ਟ੍ਰਿਕ, ਵਿਦਿਆਰਥੀਆਂ ਦੀ ਵਿਦੇਸ਼ਾਂ ਨੂੰ ਦੌੜ, ਪੜ੍ਹਾਈ ਵਿੱਚ ਦਿਲਚਸਪੀ ਕਿਵੇਂ ਬਣੇ, ਮੋਬਾਈਲ ਫੋਨਾਂ ਦੀ ਦੁਰਵਰਤੋਂ ਤੇ ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰੀ ਵਗੈਰਾ ਵਗੈਰਾ। ਆਮ ਸਰੀਰਕ ਤੇ ਮਾਨਸਿਕ ਤੰਦਰੁਸਤੀ ਕਿਵੇਂ (ਬਿਮਾਰੀਆਂ ਬਾਰੇ) ਵੀ ਕੋਈ ਨਾ ਕੋਈ ਲਿਖਤ ਦੇ ਦੇਣੀ ਚਾਹੀਦੀ ਹੈ ਸਮੁੱਚੇ ਰੂਪ ਵਿੱਚ "ਤਰਕਸ਼ੀਲ" ਮੈਗਜ਼ੀਨ ਵਧੀਆ ਲੱਗਿਆ। **- ਅਜੀਤ ਪ੍ਰਦੇਸੀ ਰੋਪੜ**

## ਨਿਊਜ਼ੀਲੈਂਡ ਦੀ ਅੱਧੀ ਤੋਂ ਵੱਧ ਆਬਾਦੀ ਹੋਈ 'ਨਾਸਤਿਕ'

ਔਕਲੈਂਡ, 4 ਅਕਤੂਬਰ (ਅਵਤਾਰ ਤਰਕਸ਼ੀਲ/ਹਰਜਿੰਦਰ ਸਿੰਘ ਬਸਿਆਲਾ): ਨਿਊਜ਼ੀਲੈਂਡ ਦੀ ਅੱਧੀ ਤੋਂ ਵੱਧ ਆਬਾਦੀ ਹੁਣ 'ਨਾਸਤਿਕ' ਹੋ ਗਈ ਹੈ। ਦੇਸ਼ ਦੇ ਮਰਦਮਸ਼ੁਮਾਰੀ ਵਿਭਾਗ ਅਨੁਸਾਰ ਇੱਥੇ ਵਸਦੇ ਅੱਧੇ ਤੋਂ ਵੱਧ (51.6%) ਲੋਕਾਂ ਦਾ ਕੋਈ ਧਰਮ ਨਹੀਂ ਹੈ। ਅੰਕੜੇ ਦੱਸਦੇ ਹਨ ਕਿ ਇਸਾਈ ਧਰਮੀਆਂ ਦੀ ਆਬਾਦੀ 36.5% (2018) ਤੋਂ ਘਟ ਕੇ 32.3% (2023) ਰਹਿ ਗਈ ਹੈ। ਅੱਧੇ ਤੋਂ ਵੱਧ ਲੋਕਾਂ ਨੇ ਕਿਹਾ ਕਿ ਉਨ੍ਹਾਂ ਦਾ ਕੋਈ ਧਰਮ ਨਹੀਂ ਹੈ। ਇਕ ਮਾਹਰ ਦੇ ਕਹਿਣ ਮੁਤਾਬਕ ਇਹ ਨਵੀਂ ਪੀੜ੍ਹੀ ਦੀ ਸੋਚਣੀ ਦੇ ਫ਼ਰਕ ਕਾਰਣ ਹੋਇਆ ਹੈ। ਹੁਣ ਨਿਊਜ਼ੀਲੈਂਡ ਵਿੱਚ ਧਾਰਮਕ ਨਾ ਅਖਵਾਉਣ ਵਾਲੇ ਲੋਕਾਂ ਦੀ ਗਿਣਤੀ 48.2% (2018) ਤੋਂ ਵਧ ਕੇ 51.6% (2023) ਹੋ ਗਈ ਹੈ ਭਾਵ ਸੰਨ 2023 ਵਿੱਚ ਧਾਰਮਕ ਨਾ ਅਖਵਾਉਣ ਵਾਲਿਆਂ ਦੀ ਗਿਣਤੀ 25,76,049 ਹੋ ਗਈ ਹੈ। ਧਾਰਮਿਕ ਲੋਕਾਂ ਵਿੱਚ ਅਜੇ ਵੀ ਇਸਾਈ ਲੋਕਾਂ ਦੀ ਬਹੁਤਾਤ ਹੈ ਜੋ ਕਿ ਘਟ ਕੇ 36.5% (2018) ਤੋਂ 32.3.% (2023) ਤੱਕ ਰਹਿ ਗਈ ਹੈ। ਮੈਸੀ ਯੂਨੀਵਰਸਿਟੀ ਦੇ ਪ੍ਰੋਫੈਸਰ ਐਮਰਿਟਸ ਆਫ ਹਿਸਟਰੀ ਪੀਟਰ ਲਿਨਹਿਮ ਨੇ ਕਿਹਾ ਕਿ ਬਾਕੀ ਧਰਮਾਂ ਦੇ ਮੁਕਾਬਲੇ ਈਸਾਈ ਧਰਮ ਦੀ ਪਕੜ੍ਹ ਲੰਬੇ ਸਮੇਂ ਤੋਂ ਖ਼ਾਸ ਤੌਰ 'ਤੇ ਘਟੀ ਹੈ। ਨੌਜਵਾਨ ਪੀੜ੍ਹੀ ਇਹ ਮਹਿਸੂਸ ਕਰਦੀ ਹੈ ਕਿ ਧਾਰਮਿਕ ਸੰਸਥਾਵਾਂ ਨਾਲ ਜੁੜਨ ਦਾ ਕੋਈ ਫ਼ਾਇਦਾ ਨਹੀਂ ਹੈ। ਇਹਨਾਂ ਦੀ ਕੋਈ ਮਜ਼ਬੂਤ ਪ੍ਰਤੀਬੱਧਤਾ ਨਹੀਂ ਹੈ। ਪ੍ਰੋ. ਲਿਨਹਿਮ ਨੇ ਕਿਹਾ ਕਿ "ਪਿਛਲੇ ਸਮੇਂ ਦੌਰਾਨ ਨੌਜਵਾਨ ਪੀੜ੍ਹੀ ਨੂੰ 'ਐਤਵਾਰ ਦਾ ਸਕੂਲ' ਕਹਿ ਕੇ ਧਰਮ ਨਾਲ ਜੋੜਿਆ ਗਿਆ ਸੀ। ਇਹ ਵਿਛਾਇਆ ਹੋਇਆ ਜਾਲ ਨਵੀਂ ਪੀੜ੍ਹੀ 'ਤੇ ਹੁਣ ਕੰਮ ਨਹੀਂ ਕਰਦਾ ਹੈ ਕਿਉਂਕਿ ਹੁਣ ਚਰਚ ਵਿਚ ਲਗਣ ਵਾਲੇ 'ਐਤਵਾਰ ਦੇ ਸਕੂਲ' ਨਹੀਂ ਹਨ। ਮਾਪੇ ਵੀ ਆਪਣੇ ਬੱਚਿਆਂ ਨੂੰ 'ਐਤਵਾਰ ਸਕੂਲ' ਵਿੱਚ ਨਹੀਂ ਭੇਜਣਾ ਚਾਹੁੰਦੇ, ਉੱਥੇ ਬੱਚਿਆਂ ਨੂੰ ਖਿੱਚਣ ਲਈ ਬਹੁਤ ਘੱਟ ਕੁਦਰਤੀ ਖਿੱਚ ਬਚੀ ਹੈ। ਬੀਤੇ ਸਮੇਂ ਦੌਰਾਨ 'ਐਤਵਾਰ ਸਕੂਲ' ਬੱਚਿਆਂ ਨੂੰ ਚੰਗੇ ਮਾੜੇ ਦਾ ਫ਼ਰਕ ਦੱਸਣ ਦੇ ਕੰਮ ਆਉਂਦੇ ਸਨ ਪਰੰਤੂ ਹੁਣ ਕਮਿਊਨਿਟੀ ਵਿੱਚ ਤਬਦੀਲੀ ਦੇਖਣ ਨੂੰ ਮਿਲੀ ਹੈ। ਐਤਵਾਰ ਦੀ ਪਵਿੱਤਰਤਾ ਜਾਂਦੀ ਲੱਗੀ ਹੈ ਅਤੇ ਧਰਮ ਆਪਣੇ-ਆਪ ਵਧੀਆ ਕਰਨ ਵਾਲਾ ਨਹੀਂ ਸਮਝਿਆ ਜਾਂਦਾ।

(ਅਜੀਤ) (05-10-2024)

...ਪੰਨਾ 45 ਦਾ ਬਾਕੀ ਕਹਿਣਾ ਕੋਈ ਅਤਿਕਥਨੀ ਨਹੀਂ ਹੈ। ਇਕ ਪਾਸੇ ਸਰਕਾਰੀ ਅਸਰ ਰਸੂਖ ਵਾਲਿਆਂ ਲਈ ਰਾਤ ਨੂੰ ਵੀ ਅਦਾਲਤ ਲਗਾ ਕੇ ਰਾਹਤ ਦਿੱਤੀ ਜਾ ਸਕਦੀ ਹੈ, ਪਰ ਦੂਜੇ ਪਾਸੇ ਸੱਚ ਦੀ ਆਵਾਜ ਉਠਾਉਣ ਵਾਲਿਆਂ ਲਈ ਦਿਨ ਵਿੱਚ ਵੀ ਅਦਾਲਤੀ ਪ੍ਰਕਿਰਿਆ ਬੰਦ ਹੈ, ਜੇ ਕਾਨੂੰਨ ਸਭ ਲਈ ਬਰਾਬਰ ਹੈ ਤਾਂ ਅਜਿਹਾ ਕਿਉਂ? ਇਸੇ ਤਰ੍ਹਾਂ ਬਲਾਤਕਾਰੀ ਬਾਬਾ ਰਾਮ ਰਹੀਮ ਜੋ ਉਮਰ ਕੈਦ ਭੁਗਤ ਰਿਹਾ ਹੈ, ਉਸ ਨੂੰ ਇੰਨ੍ਹਾਂ 4 ਸਾਲਾਂ ਵਿੱਚ ਅਨੇਕਾਂ ਬਾਰ ਪੈਰੋਲ ਦੇਣ ਦਾ ਕਿਹੜਾ ਕਾਨੂੰਨ ਹੈ? ਬਿਲਕਿਸ ਬਾਨੋ ਦੇ ਬਲਾਤਕਾਰੀ ਮੁਜਰਮਾਂ ਨੂੰ ਚੰਗੇ ਸੰਸਕਾਰੀ ਹੋਣ ਦਾ ਸਰਟੀਫਿਕੇਟ ਦੇ ਕੇ ਬਰੀ ਕਰਵਾਉਣ ਵਾਲਿਆਂ ਅਤੇ ਉਹਨਾਂ ਦੀ ਆਓ ਭਗਤ ਲਈ ਗਲਾਂ ਵਿੱਚ ਹਾਰ ਪਾ ਕੇ, ਮਠਿਆਈਆਂ ਵੰਡਣ ਵਾਲਿਆਂ ਖਿਲਾਫ਼ ਕੋਈ ਕਾਨੂੰਨ ਕਿਉਂ ਨਹੀਂ ਹੈ? ਕੁੱਝ ਦਿਨ ਪਹਿਲਾਂ ਹੀ ਪੰਜਾਬ, ਹਰਿਆਣਾ, ਚੰਡੀਗੜ੍ਹ, ਦਿੱਲੀ ਵਿੱਚ ਜਮਹੂਰੀ ਕਾਰਕੁਨਾਂ, ਕਿਸਾਨ ਆਗੂਆਂ ਦੇ ਘਰਾਂ ਵਿੱਚ ਆਈ ਐਨ ਏ ਦੀਆਂ ਟੀਮਾਂ ਵੱਲੋਂ ਛਾਪੇ ਮਾਰੀ ਕਰ ਕੇ ਦਹਿਸ਼ਤ ਫੈਲਾਉਣ ਦੇ ਯਤਨ ਕੀਤੇ ਗਏ। ਉੱਘੇ ਵਿਸ਼ਲੇਸਕ ਅਤੇ ਆਲੋਚਕ ਮਾਲਵਿੰਦਰ ਸਿੰਘ ਮਾਲੀ ਨੂੰ ਬਿਨ੍ਹਾਂ ਕਿਸੇ ਠੋਸ ਅਧਾਰ ਤੋਂ ਸਿਰਫ਼ ਸਰਕਾਰ ਦੀ ਅਲੋਚਨਾ ਕਰਨ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ।

ਦੇਸ਼ ਭਰ ਵਿੱਚ ਔਰਤਾਂ ਦੀ ਸੁਰੱਖਿਆ ਦਾ ਮੁੱਦਾ ਬੇਹੱਦ ਗੰਭੀਰ ਬਣਿਆ ਹੋਇਆ ਹੈ, ਸਰਕਾਰੀ ਸਰਪ੍ਰਸਤੀ ਹੇਠ ਥਾਣਿਆਂ, ਹਸਪਤਾਲਾਂ, ਧਾਰਮਿਕ ਥਾਵਾਂ ਸਮੇਤ ਸਕੂਲਾਂ ਕਾਲਜਾਂ ਵਿੱਚ ਵੀ ਉਹ ਸੁਰੱਖਿਅਤ ਨਹੀਂ ਹਨ। ਬਹੁਤੀ ਵਾਰ ਉਹਨਾਂ ਨਾਲ ਬਦਫੈਲੀਆਂ ਕਰਨ ਵਾਲਿਆਂ ਦਾ ਸਬੰਧ ਸਰਕਾਰੀ ਤੰਤਰ ਨਾਲ ਹੁੰਦਾ ਹੈ ਜੋ ਅਕਸਰ ਹੀ ਸਪਸ਼ਟ ਹੋ ਜਾਂਦਾ ਹੈ। ਅਨੇਕਾਂ ਸਵਾਲ ਅਜਿਹੇ ਸਿਆਸੀ ਤੇ ਕਾਨੂੰਨੀ ਵਿਵਸਥਾਵਾਂ ਬਾਰੇ ਸਾਹਮਣੇ ਖੜ੍ਹੇ ਹਨ ਜੋ ਹਰ ਦੇਸ਼ ਹਿਤੈਸ਼ੀ ਅਤੇ ਚਿੰਤਕ ਨਾਗਰਿਕ ਦੇ ਦਿਮਾਗ ਵਿੱਚ ਹਨ ।

ਦੇਸ਼ ਦੀ ਅਜਿਹੀ ਵਿਵਸਥਾ ਦਾ ਖਾਤਮਾ ਕਰਨ ਲਈ ਲੋਕਾਂ ਨੂੰ ਚੇਤਨ ਕਰਨਾ ਬੇਹੱਦ ਜਰੂਰੀ ਸਮਝਦੇ ਹੋਏ ਪੰਜਾਬ ਵਿੱਚ ਜਮਹੂਰੀ, ਤਰਕਸ਼ੀਲ ਅਤੇ ਜਨਤਕ ਜਥੇਬੰਦੀਆਂ ਵੱਲੋਂ ਸਾਂਝੀ ਮੁਹਿੰਮ ਚਲਾਈ ਜਾ ਰਹੀ ਹੈ। ਕਿਉਂਕਿ ਲੋਕ ਤਾਕਤ ਨਾਲ ਹੀ ਹਰ ਤਰ੍ਹਾਂ ਦੀ ਦਹਿਸ਼ਤ ਪਾਊ ਤਾਨਾਸ਼ਾਹ ਰਾਜਨੀਤੀ, ਲੋਕ ਵਿਰੋਧੀ ਕਾਨੂੰਨ ਵਿਵਸਥਾ ਅਤੇ ਧਰਮਾਂ, ਜਾਤਾਂ ਦੇ ਨਾਂ ਤੇ ਮਨੁੱਖਤਾ ਨੂੰ ਵੰਡਣ ਵਾਲੀਆਂ ਤਾਕਤਾਂ ਸਮੇਤ ਹਰ ਤਰ੍ਹਾਂ ਦੀਆਂ ਗੁੰਡਾ ਪ੍ਰਵਿਰਤੀ ਰੱਖਣ ਵਾਲਿਆਂ ਤਾਕਤਾਂ ਨੂੰ ਭਾਂਜ ਦਿੱਤੀ ਜਾ ਸਕਦੀ ਹੈ ।

98151-69825

# ਜੁਆਨੀ ਦਾ ਜੋਸ਼ ਕਿਧਰ ਨੂੰ ?



- ਜਸਵੰਤ ਮੋਹਾਲੀ

ਅੱਜ ਗੌਰੀ ਲੰਕੇਸ਼ ਦੇ ਕਤਲ ਦੇ ਦੋਸ਼ੀਆਂ ਨੂੰ ਜ਼ਮਾਨਤ 'ਤੇ ਛੱਡ ਦਿੱਤਾ ਗਿਆ। ਘਟਨਾ ਸਮੇਂ ਉਨ੍ਹਾਂ ਵਿੱਚੋਂ ਇੱਕ ਪਰਸ਼ੂਰਾਮ ਵਾਘਮੋਰੇ ਦੀ ਉਮਰ 25 ਸਾਲ ਸੀ। ਰਾਸ਼ਟਰਵਾਦੀ ਕਾਂਗਰਸ ਪਾਰਟੀ ਦੇ ਆਗੂ ਬਾਬਾ ਸਿੱਦੀਕੀ ਦੇ ਕੱਲ੍ਹ ਹੋਏ ਕਤਲ ਦਾ ਦੋਸ਼ੀ ਸ਼ੂਟਰ ਵੀ 17 ਸਾਲ ਦਾ ਦੱਸਿਆ ਜਾ ਰਿਹਾ ਹੈ। ਸਾਡੇ ਦੇਸ਼ ਦੇ ਤੇ ਪੰਜਾਬ ਦੇ ਨੌਜੁਆਨ ਕੀ ਕਰ ਰਹੇ ਹਨ? ਉਨ੍ਹਾਂ ਬਾਰੇ ਜੋ ਦੇਖਦੇ, ਪੜ੍ਹਦੇ, ਸੁਣਦੇ ਹਾਂ ਉਸ ਤੋਂ ਉਨ੍ਹਾਂ ਦੀ ਕੀ ਤਸਵੀਰ ਬਣਦੀ ਹੈ?- ਗੈਂਗਸਟਰ, ਨਸ਼ੇੜੀ, ਵਿਦੇਸ਼ ਜਾਣ ਲਈ ਉਤਾਵਲੇ, ਧਾਰਮਿਕ ਸ਼ਰਧਾਲੂ ਆਦਿ। ਹਾਂ, ਕੁੱਝ ਕੁ ਹਨ ਭਗਤ ਸਿੰਘ ਜਿਨ੍ਹਾਂ ਦਾ ਆਦਰਸ਼ ਹੈ- ਕਲਾਕਾਰ, ਖਿਡਾਰੀ, ਸਾਹਿਤਕਾਰ ਆਦਿ। ਕੁੱਝ ਰੁਜ਼ਗਾਰ ਲਈ ਸੰਘਰਸ਼ਸ਼ੀਲ ਪੁਲਿਸ ਦੀਆਂ ਡਾਂਗਾਂ ਪਿੰਡਿਆਂ 'ਤੇ ਜਰਦੇ ਹਨ ਪਰ ਸਮਾਜ ਵਿਚ ਕਿੰਨ੍ਹਾਂ ਦਾ ਪ੍ਰਭਾਵ ਵਧੇਰੇ ਹੈ?

ਪ੍ਰਧਾਨ ਮੰਤਰੀ ਦਾ ਇਹ ਬਿਆਨ ਅਕਸਰ ਪੜ੍ਹਦੇ ਸੁਣਦੇ ਹਾਂ ਕਿ ਸਾਡਾ ਦੇਸ਼ ਸਭ ਤੋਂ ਵਧੇਰੇ ਨੌਜੁਆਨਾਂ ਦਾ ਦੇਸ਼ ਹੈ। ਏਥੇ ਤਕਰੀਬਨ 60 ਕਰੋੜ ਨੌਜਵਾਨ ਹਨ। ਕੀ ਇਹ ਤੱਥ ਆਪਣੇ ਆਪ ਵਿੱਚ ਕੋਈ ਮਹੱਤਵ ਰੱਖਦਾ ਹੈ? ਮਹੱਤਵਪੂਰਣ ਗੱਲ ਇਹ ਨਹੀਂ ਕਿ ਤੁਹਾਡੇ ਦੇਸ਼ ਵਿਚ ਸਭ ਤੋਂ ਵੱਧ ਨੌਜੁਆਨ ਹਨ, ਸਗੋਂ ਇਹ ਹੈ ਕਿ ਇਹ ਨੌਜੁਆਨ ਕਰਦੇ ਕੀ ਹਨ? ਇਸ ਤੋਂ ਪਤਾ ਲੱਗੇਗਾ ਕਿ ਸਾਡੇ ਆਗੂਆਂ ਨੇ ਉਨ੍ਹਾਂ ਵਿਚਲੇ ਗੁਣਾਂ ਨੂੰ ਵਿਗਸਣ ਦੇ ਕਿੰਨੇ ਮੌਕੇ ਪੈਦਾ ਕੀਤੇ ਹਨ। ਖੇਡਾਂ ਇੱਕ ਅਜਿਹਾ ਖੇਤਰ ਹੈ ਜਿੱਥੇ ਜੁਆਨੀ ਹੀ ਮੱਲਾਂ ਮਾਰਦੀ ਹੈ ਤੇ 40-50 ਸਾਲ ਤੱਕ ਪਹੁੰਚਦਿਆਂ ਉਹ ਖੇਡਾਂ ਤੋਂ ਸੰਨਿਆਸ ਲੈ ਲੈਂਦੇ ਹਨ। ਸਭ ਤੋਂ ਵੱਧ ਨੌਜੁਆਨਾਂ ਵਾਲੇ ਮੁਲਕ ਦੀ ਖੇਡਾਂ ਵਿੱਚ ਕੀ ਕਾਰਗੁਜ਼ਾਰੀ ਹੈ ਇਸਤੋਂ ਸਾਡੇ ਪ੍ਰਬੰਧ ਦਾ ਸਾਫ ਪਤਾ ਲੱਗਦਾ ਹੈ। ਏਸੇ ਸਾਲ ਹੋਈਆਂ ਪੈਰਿਸ ਓਲੰਪਿਕ ਗੇਮਾਂ ਵਿੱਚ ਸਾਡੀ 140 ਕ੍ਰੋੜ ਤੋਂ ਉੱਪਰ ਦੀ ਅਬਾਦੀ ਵਾਲੇ ਤੇ ਜਿਸ ਦੇਸ਼ ਦੇ ਤਕਰੀਬਨ 5 ਜਣਿਆਂ ਵਿੱਚੋਂ 2 ਨੌਜੁਆਨ ਹਨ, ਉਸ ਦੇਸ਼ ਨੇ ਕਿੰਨੇ ਮੈਡਲ ਜਿੱਤੇ? ਕੁੱਲ ਛੇ-ਇੱਕ ਚਾਂਦੀ ਤੇ 5 ਕਾਂਸੀ ਦੇ। ਸਾਡੇ ਨਾਲ ਹੀ ਅਜ਼ਾਦ ਹੋਏ ਮੁਲਕ ਚੀਨ ਦੀ ਅਬਾਦੀ ਲਗਭਗ ਸਾਡੇ ਬਰਾਬਰ ਹੀ ਹੈ। ਉਸ ਮੁਲਕ ਨੇ ਕਿੰਨੇ ਮੈਡਲ ਜਿੱਤੇ? ਸੋਨੇ ਦੇ 40 ਤੇ ਕੁੱਲ 91, ਉਨ੍ਹਾਂ ਦੀ ਜੁਆਨ ਆਬਾਦੀ 40 ਕ੍ਰੋੜ ਹੈ। ਜੇਤੂਆਂ ਨੂੰ ਕ੍ਰੋੜਾਂ ਰੁਪਇਆਂ ਦੇ ਇਨਾਮ ਦੇਣਾ ਸਿਰਫ ਨਿੱਜੀ ਪ੍ਰਾਪਤੀ ਨੂੰ ਸਨਮਾਨ ਦੇਣਾ ਹੈ, ਇਸ ਨਾਲ ਮੈਡਲ ਨਹੀਂ ਜਿੱਤੇ ਜਾਂਦੇ। ਸਗੋਂ ਮੈਡਲ ਜਿੱਤਣ ਲਈ ਖੇਡਾਂ ਵਾਸਤੇ ਸਟੇਡੀਅਮ, ਸਿਖਲਾਈ, ਖ਼ੁਰਾਕ ਆਦਿ ਦਾ ਪ੍ਰਬੰਧ ਕਰਨ ਹਿਤ ਬਜਟ ਰੱਖਣਾ ਜਰੂਰੀ ਹੈ। ਭ੍ਰਿਸ਼ਟਤੰਤਰ ਤੇ ਸਿਫਾਰਸ਼ਾਂ ਨੂੰ ਖਤਮ ਕਰਨਾ ਵੀ।

ਜਿਸ ਦੇਸ਼ ਦੀ ਅਬਾਦੀ ਦੁਨੀਆਂ ਵਿੱਚ ਸਭ ਤੋਂ ਵੱਧ ਹੈ, ਉਥੇ ਨੌਜੁਆਨਾਂ ਦੀ ਗਿਣਤੀ ਵੱਧ ਹੋ ਹੀ ਸਕਦੀ ਹੈ। ਜੇਕਰ ਦੂਜੇ ਦੇਸ਼ਾਂ ਦੇ ਮੁਕਾਬਲੇ ਕਿਸੇ ਦੇਸ਼ ਵਿੱਚ ਔਸਤ ਉਮਰ ਘੱਟ ਹੋਵੇ ਤਾਂ ਉਥੇ ਅਧੇੜ ਤੇ ਬਜ਼ੁਰਗਾਂ ਦੀ ਗਿਣਤੀ ਘੱਟ ਹੋਵੇਗੀ। ਵਧੇਰੇ ਨੌਜੁਆਨਾਂ ਦਾ ਅੰਕੜਾ ਚੰਗੇ ਪ੍ਰਬੰਧ ਦਾ ਪ੍ਰਤੀਕ ਤਾਂ ਉੱਕਾ ਹੀ ਨਹੀਂ।

ਜੁਆਨੀ ਸੁਪਨੇ ਲੈਣ ਦੀ ਉਮਰ ਹੁੰਦੀ ਹੈ, ਭਵਿੱਖਮੁਖੀ ਹੁੰਦੀ ਹੈ, ਘਰ ਤੋਂ ਬਾਹਰ ਜਾਣ ਦੀ, ਸਮਾਜ ਵਿੱਚ ਵਿਚਰਣ ਲਈ ਪੁਲਾਂਘ ਪੁੱਟਣ ਦੀ ਹੁੰਦੀ ਹੈ। ਵੋਟ ਪਾਉਣ ਦੀ, ਬੈਂਕ ਖਾਤਾ ਖੁਲ੍ਹਾਉਣ ਦੀ, ਗੱਡੀ ਸਿਖਣ ਤੇ ਲਾਈਸੈਂਸ ਬਣਾਉਣ ਦੀ ਉਮਰ ਇਹ ਦੱਸਦੀ ਹੈ ਕਿ ਹੁਣ ਉਹ ਵੱਡੀਆਂ ਜ਼ਿੰਮੇਵਾਰੀਆਂ ਲਈ ਤਿਆਰ ਹੋ ਰਿਹਾ ਹੈ। ਪਰ ਵੱਡੀਆਂ ਜ਼ਿੰਮੇਵਾਰੀਆਂ ਲੈਣ ਦੀ ਯੋਗਤਾ ਉਮਰ ਨਾਲ ਆਪਣੇ ਆਪ ਪੈਦਾ ਨਹੀਂ ਹੁੰਦੀ। ਇਸ ਲਈ ਮੌਕੇ ਦੇਣੇ ਪੈਂਦੇ ਹਨ ਤੇ ਜੁਆਨਾਂ ਨੇ ਮੌਕੇ ਸਾਂਭਣੇ ਹੁੰਦੇ ਹਨ।

ਪਿਛਲੇ ਕੁੱਝ ਸਾਲਾਂ ਤੋਂ ਕਾਂਵੜ-ਯਾਤਰਾ ਚਰਚਾ ਵਿੱਚ ਰਹਿੰਦੀ ਹੈ। ਕੀ ਕਾਂਵੜੀ ਮੁੰਡੇ ਸਾਡੇ ਦੇਸ਼ ਦੇ ਉਹ ਬੇਰੁਜ਼ਗਾਰ ਨਹੀਂ ਜਿਨ੍ਹਾਂ ਨੂੰ ਰੁਜ਼ਗਾਰ ਦੇਣ ਦੀ ਥਾਂ ਸਾਡੇ ਲੀਡਰ ਫੁੱਲਾਂ ਦੀ ਵਰਖਾ ਕਰਕੇ ਵਡਿਆਈ ਰੱਖਣਾ ਚਾਹੁੰਦੇ ਹਨ। ਜੇ ਇਹ ਧਰਮ-ਕਰਮ ਦਾ ਵੱਡਾ ਕਾਰਜ ਹੈ ਤਾਂ ਇਹ ਕੰਮ ਸਾਡੇ ਲੀਡਰਾਂ ਦੇ ਜੁਆਕ ਕਿਉਂ ਨਹੀਂ ਕਰਦੇ?

ਇੱਕ ਸਕੂਲ ਮੁਖੀ ਆਪਣੇ ਅਧਿਆਪਕਾਂ ਨੂੰ ਵਿਦਿਆਰਥੀਆਂ ਵਿੱਚ ਅਨੁਸ਼ਾਸਨ ਬਾਰੇ ਅਕਸਰ ਕਹਿੰਦੀ ਹੈ ਕਿ ਸਕੂਲ ਵਿਦਿਆਰਥੀ ਊਰਜਾ ਨਾਲ ਭਰੇ ਹੋਏ ਤੇ ਭਲੇ ਬੁਰੇ ਤੋਂ ਅਣਭਿੱਜ ਹੁੰਦੇ ਹਨ। ਜਿਵੇਂ ਪ੍ਰਮਾਣੂ ਊਰਜਾ ਤੋਂ ਬਿਜਲੀ ਵੀ ਬਣ ਸਕਦੀ ਹੈ ਤੇ ਬੰਬ ਵੀ। ਇਸੇ ਤਰ੍ਹਾਂ ਇਨ੍ਹਾਂ ਨੂੰ ਚੌਕਸ ਹੋ ਕੇ ਤਰਾਸ਼ਣਾ ਢਾਲਣਾ ਪੈਂਦਾ ਹੈ।

ਜੁਆਨੀ ਦੀ ਪਹਿਲੀ ਲੋੜ ਸਿੱਖਿਆ ਤੇ ਰੁਜ਼ਗਾਰ ਹੈ, ਨਹੀਂ ਤਾਂ ਅੰਧ-ਸ਼ਰਧਾ ਤੇ ਅੰਧ-ਰਾਸ਼ਟਰਵਾਦ ਦੀ ਘੁੱਟੀ ਪੀਕੇ ਇਹ ਸਭ ਤੋਂ ਵਧੇਰੇ ਖਰੂਦੀ ਤੇ ਬਰੂਦੀ ਨੌਜੁਆਨਾਂ ਦਾ ਦੇਸ਼ ਬਣ ਜਾਵੇਗਾ ਤੇ ਬਣ ਰਿਹਾ ਹੈ।

## ਪ੍ਰੋ. ਡਾ.ਜੀ.ਐੱਨ. ਸਾਈਬਾਬਾ : ਜੀਵਨ ਘਾਲਣਾ ਨੂੰ ਸਲਾਮ




ਲੋਕ ਹੱਕਾਂ ਦੀ ਮੁਕਤੀ ਦੇ ਰਾਹ ਦਰਸਾਵੇ ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਪ੍ਰੋ. ਸਾਈਬਾਬਾ ਸਾਥੋਂ ਖੋਹ ਲਏ ਗਏ। ਕਥਿਤ ਮਾਓਵਾਦੀ ਸਬੰਧਾਂ ਲਈ ਯੂ.ਏ.ਪੀ.ਏ. ਦੇ ਝੂਠੇ ਕੇਸ ਵਿੱਚ ਇੱਕ ਦਹਾਕਾ ਜੇਲ੍ਹ ਵਿੱਚ ਬਿਤਾਉਣ ਬਾਅਦ ਮਾਰਚ 2024 ਵਿੱਚ ਜੇਲ੍ਹ ਤੋਂ ਰਿਹਾਅ ਹੋਏ। ਪ੍ਰੋ. ਸਾਈਬਾਬਾ ਦੇ ਪਰਿਵਾਰ ਦੇ ਅਨੁਸਾਰ, ਉਨ੍ਹਾਂ ਦੇ ਨਾਲ ਬਿਤਾਏ ਸੱਤ ਮਹੀਨਿਆਂ ਤੋਂ ਇਹ ਸਪੱਸ਼ਟ ਸੀ ਕਿ ਜੇਲ੍ਹ ਵਿੱਚ ਬਿਤਾਏ ਇੱਕ ਦਹਾਕੇ ਦੌਰਾਨ ਉਨ੍ਹਾਂ ਦੇ ਅੰਗ ਕੰਮ ਕਰਨੋਂ ਅਸਮਰਥ ਹੋ ਗਏ ਸਨ।

ਨਾਗਪੁਰ ਜੇਲ੍ਹ ਵਿੱਚੋਂ ਰਿਹਾਅ ਹੋਣ ਸਮੇਂ ਹੀ ਉਹ ਗੰਭੀਰ ਬੀਮਾਰੀਆਂ ਤੋਂ ਪੀੜਤ ਸਨ। ਉਹ ਨਿਜ਼ਾਮ ਮੈਡੀਕਲ ਇੰਸਟੀਚਿਊਟ ਹੈਦਰਾਬਾਦ ਵਿਖੇ ਜ਼ੇਰੇ-ਇਲਾਜ ਸਨ। 12 ਅਕਤੂਬਰ ਨੂੰ ਉਹ ਸਾਥੋਂ ਸਦਾ ਲਈ ਵਿਛੜ ਗਏ।

ਸਾਈਬਾਬਾ ਨੇ ਹੈਦਰਾਬਾਦ ਯੂਨੀਵਰਸਿਟੀ ਤੋਂ ਅੰਗਰੇਜ਼ੀ ਵਿੱਚ ਐਮ.ਏ ਕੀਤੀ। ਅੰਗਰੇਜ਼ੀ ਅਤੇ ਵਿਦੇਸ਼ੀ ਭਾਸ਼ਾਵਾਂ ਯੂਨੀਵਰਸਿਟੀ ਤੋਂ ਐਮ ਫਿਲ ਪ੍ਰਾਪਤ ਕੀਤੀ। ਫਿਰ ਦਿੱਲੀ ਯੂਨੀਵਰਸਿਟੀ ਤੋਂ ਆਪਣੀ ਪੀ.ਐਚ.ਡੀ. ਪੂਰੀ ਕੀਤੀ, ਜਿੱਥੇ ਉਹ ਬਾਅਦ ਵਿੱਚ ਇੱਕ ਫੈਕਲਟੀ ਮੈਂਬਰ ਵਜੋਂ ਸ਼ਾਮਲ ਹੋਏ।

ਉਹ ਇੱਕ ਲੇਖਕ ਹੁੰਦਿਆਂ ਇੱਕ ਹੁਸ਼ਿਆਰ ਪਾਠਕ ਵੀ ਸਨ ਅਤੇ ਸਾਹਿਤ ਦੁਆਰਾ ਆਪਣੇ ਚਰਿੱਤਰ ਅਤੇ ਸ਼ਖਸੀਅਤ ਨੂੰ ਆਕਾਰ ਦਿੰਦੇ ਸਨ। ਉਹ ਵੱਖ-ਵੱਖ ਸਮਾਜਿਕ ਅੰਦੋਲਨਾਂ ਦੇ ਦੋਸਤਾਂ ਦੇ ਵਿਸ਼ਾਲ ਘੇਰੇ ਦੀ ਸਿਦਕਵਾਨ, ਸਿਰੜੀ ਸਖਸ਼ੀਅਤ ਦੇ ਮਾਲਕ ਸਨ। ਸਾਈਬਾਬਾ ਦੀ ਧੀ ਆਪਣੇ ਪਿਤਾ ਬਾਰੇ ਦੱਸਦੀ ਹੈ, ਉਹ ਇਹੋ ਚਾਹੁੰਦੇ ਸਨ ਕਿ ਸਮਾਜ ਬਰਾਬਰ ਅਤੇ ਆਜ਼ਾਦ ਹੋਵੇ।

ਹੱਕ ਸੱਚ ਦੀਆਂ ਆਵਾਜ਼ਾਂ ਨੂੰ ਕੁਚਲਣ ਤੁਰੀ ਫਿਰਕੂ ਫਾਸ਼ੀ ਹਕੂਮਤ ਨੇ ਉਨ੍ਹਾਂ ਨੂੰ ਜੇਲ੍ਹ ਅੰਦਰ ਬਿਨਾਂ ਇਲਾਜ ਤਿਲ-ਤਿਲ ਮਰਨ ਲਈ ਮਜ਼ਬੂਰ ਕੀਤਾ। ਬੇਸ਼ੱਕ ਉਹ ਸਾਥੀਆਂ ਸਮੇਤ ਝੂਠੇ ਕੇਸ ਵਿੱਚੋਂ ਬਾਇੱਜ਼ਤ ਰਿਹਾਅ ਹੋ ਕੇ ਜੇਲ੍ਹ ਤੋਂ ਬਾਹਰ ਆ ਗਏ ਪਰ ਉਨ੍ਹਾਂ ਨੂੰ ਜੇਲ੍ਹ ਦੇ ਜ਼ੁਲਮਾਂ ਨੇ ਲਗਭਗ ਮਰਨ ਕਿਨਾਰੇ ਪਹੁੰਚ ਦਿੱਤਾ ਸੀ। ਪ੍ਰੋ. ਸਾਈ ਬਾਬਾ ਦੇ ਪਰਿਵਾਰ ਤੇ ਸੰਗੀ ਸਨੇਹੀਆਂ ਅਨੁਸਾਰ ਜੇਲ੍ਹ ਉਸ ਨੂੰ ਤੋੜ ਨਹੀਂ ਸਕੀ। ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦਾ ਮ੍ਰਿਤਕ ਸਰੀਰ ਹੈਦਰਾਬਾਦ ਮੈਡੀਕਲ ਕਾਲਜ ਨੂੰ ਮੈਡੀਕਲ ਖੋਜ ਕਾਰਜਾਂ ਲਈ ਭੇਟ ਕੀਤਾ ਗਿਆ।

ਜਿਸਮਾਨੀ ਤੌਰ 'ਤੇ ਵਿਛੜੇ ਪ੍ਰੋ. ਸਾਈਬਾਬਾ ਸਦਾ ਇਨਕਲਾਬੀ ਲਹਿਰਾਂ ਦੀ ਧੜਕਣ ਬਣੇ ਰਹਿਣਗੇ। ਲੋਕਾਂ ਦੇ ਲੇਖਕ, ਬੁੱਧੀਜੀਵੀ ਪ੍ਰੋ. ਸਾਈਂ ਬਾਬਾ ਨੂੰ ਸੂਹੀ ਸਲਾਮ। ਅਲਵਿਦਾ ਪ੍ਰੋਫੈਸਰ ਸਾਈਬਾਬਾ! ਤੁਹਾਡੀ ਘਾਲਣਾ ਹੱਕਾਂ, ਹਿਤਾਂ ਲਈ ਜੂਝਦੇ ਲੋਕਾਂ ਦਾ ਰਾਹ ਰੁਸ਼ਨਾਉਂਦੀ ਰਹੇਗੀ।



## ਚਾਨਣ ਦੀ ਨਾਇਕਾ ਬੀਬੀ ਕੈਲਾਸ਼ ਕੌਰ:

ਪੰਜਾਬੀ ਰੰਗ ਮੰਚ ਦੇ ਨਵੇਂ ਰਾਹਾਂ ਦੀ ਸਿਰਜਕ ਕੈਲਾਸ਼ ਕੌਰ ਜੀ 4 ਅਕਤੂਬਰ 2024 ਨੂੰ ਰੰਗ ਮੰਚ ਦੇ ਕਾਫਲੇ ਵਿੱਚੋਂ ਸਦਾ ਲਈ ਵਿਛੜ ਗਏ। ਗੁਰਸ਼ਰਨ ਭਾਅ ਜੀ ਨਾਲ ਲੰਬਾ ਸਮਾਂ ਨਾਟਕਾਂ ਵਿੱਚ ਕੰਮ ਕਰਦਿਆਂ ਉਨ੍ਹਾਂ ਨੇ ਨਾਟਕ ਕਲਾ ਦੀਆਂ ਬਾਰੀਕੀਆਂ ਨੂੰ ਸਮਝਣ ਦੇ ਨਾਲ ਨਾਲ ਰੰਗ ਮੰਚ ਦੇ ਵਿਗਿਆਨਕ ਚੇਤਨਾ ਅਤੇ ਲੋਕ ਪੱਖੀ ਸਮਾਜਿਕ ਤਬਦੀਲੀ ਦੇ ਅਹਿਮ ਮਕਸਦ ਨੂੰ ਆਮ ਲੋਕਾਂ ਵਿੱਚ ਹੋਰ ਅੱਗੇ ਲਿਜਾਣ ਲਈ ਲਗਾਤਾਰ ਆਪਣੀ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਆਪਣੇ ਜੀਵਨ ਸਾਥੀ ਤੇ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਸਿੰਘ ਦੀ ਬਹੁ-ਪੱਖੀ ਸ਼ਖ਼ਸੀਅਤ ਦੀ ਸਿਰਜਣਾ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ।



ਹੁਸੈਨੀਵਾਲਾ ਵਿਖੇ ਅਸਥੀਆਂ ਜਲ ਪ੍ਰਵਾਹ ਕਰਨ ਦਾ ਦ੍ਰਿਸ਼

1932 ਵਿੱਚ ਪਾਕਿਸਤਾਨ ਦੇ ਗੁਜਰਾਂਵਾਲਾ ਸ਼ਹਿਰ ਵਿੱਚ ਜਨਮੇ ਕੈਲਾਸ਼ ਕੌਰ ਜੀ ਨੇ ਸੰਨ 1955 ਵਿੱਚ ਬੀ.ਏ. ਐਲ.ਐਲ.ਬੀ. ਦੀ ਸਿੱਖਿਆ ਹਾਸਿਲ ਕੀਤੀ। ਫਿਰ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਐੱਮ. ਏ. ਪੰਜਾਬੀ ਕਰਨ ਦੇ ਇਲਾਵਾ ਕਲਾਸੀਕਲ ਸੰਗੀਤ ਦੀ ਸਿਖਲਾਈ ਵੀ ਪ੍ਰਾਪਤ ਕੀਤੀ। ਪੜ੍ਹਾਈ ਦੌਰਾਨ ਨਾਟਕਾਂ ਵਿੱਚ ਅਦਾਕਾਰੀ ਦੇ ਇਲਾਵਾ ਕਲਾਸੀਕਲ ਸੰਗੀਤ ਅਤੇ ਲੋਕ ਗੀਤ ਗਾਉਣ ਦਾ ਸ਼ੌਕ ਹੋਣ ਕਾਰਨ ਉਨ੍ਹਾਂ ਨੇ ਕਈ ਸੰਗੀਤ ਸਮਾਗਮਾਂ 'ਚ ਹਿੱਸਾ ਲਿਆ ਅਤੇ ਆਪਣੀ ਬਿਹਤਰ ਪੇਸ਼ਕਾਰੀ ਦੀ ਕਾਬਲੀਅਤ ਸਦਕਾ ਕਈ ਐਵਾਰਡ ਹਾਸਿਲ ਕੀਤੇ।

ਔਰਤਾਂ ਨੂੰ ਹਰ ਖੇਤਰ ਵਿਚ ਪਹਿਲ ਕਦਮੀ ਕਰਕੇ ਪ੍ਰਮੁੱਖ ਸਥਾਨ ਮੱਲਣ ਲਈ ਉਨ੍ਹਾਂ ਦੀ ਅਮਿੱਟ ਦੇਣ ਨੂੰ ਆਉਣ ਵਾਲੀਆਂ ਪੀੜ੍ਹੀਆਂ ਸਿਜਦਾ ਕਰਨਗੀਆਂ।

## ਤਰਕਸ਼ੀਲਾਂ ਜਗਾਏ ਵਿਗਿਆਨਕ ਚੇਤਨਾ ਦੇ ਦੀਵੇ

ਤਰਕਸ਼ੀਲਾਂ ਨੇ ਆਪਣੇ ਨਿਵੇਕਲੇ ਅੰਦਾਜ਼ ਵਿਚ ਚੇਤਨਾ ਦੇ ਚਿਰਾਗ ਜਗਾਉਣ ਦੀ ਉਤਸ਼ਾਹਜਨਕ ਅਤੇ ਪ੍ਰੇਰਨਾਦਾਇਕ ਰੌਸ਼ਨ ਮਿਸਾਲ ਕਾਇਮ ਕੀਤੀ ਹੈ।

ਤਰਕਸ਼ੀਲਾਂ ਨੇ ਪੰਜਾਬ ਭਰ 'ਚ ਹੋਣ ਵਾਲੀ ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਤਿਆਰੀ ਲਈ ਸਕੂਲਾਂ ਵਿਚ ਜਾ ਕੇ ਸਕੂਲ ਮੁਖੀਆਂ, ਅਧਿਆਪਕਾਂ ਦੇ ਸਹਿਯੋਗ ਨਾਲ ਵਿਗਿਆਨਕ, ਇਤਿਹਾਸਕ, ਸਾਹਿਤਕ, ਰੰਗ ਮੰਚ ਅਤੇ ਆਪਣੇ ਹਕੀਕੀ ਲੋਕ ਨਾਇਕਾਂ ਬਾਰੇ ਵਿਚਾਰ ਸਾਂਝੇ ਕੀਤੇ।

ਵਿਦਿਆਰਥੀਆਂ ਦੇ ਮਿਡਲ ਅਤੇ ਸੈਕੰਡਰੀ ਦੋ ਗਰੁੱਪਾਂ ਤੱਕ ਪਹੁੰਚ ਕਰਕੇ 32,000 ਕਿਤਾਬਾਂ ਪੁੱਜਦੀਆਂ ਕੀਤੀਆਂ। ਸਮੂਹ ਵਿਦਿਆਰਥੀਆਂ ਨੇ ਪੰਜਾਬ ਦੇ ਵੱਖ ਵੱਖ ਕੇਂਦਰਾਂ ਵਿੱਚ 20 ਤੇ 21 ਅਕਤੂਬਰ ਨੂੰ ਇੱਕੋ ਵੇਲੇ ਪ੍ਰੀਖਿਆ ਪੇਪਰ ਹਾਸਲ ਕਰਕੇ ਚੇਤਨਾ ਪ੍ਰੀਖਿਆ ਵਿੱਚ ਭਾਗ ਲਿਆ।

ਅਗਲੇ ਦਿਨਾਂ ਵਿੱਚ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਮੁੱਖ ਦਫ਼ਤਰ ਤਰਕਸ਼ੀਲ ਭਵਨ ਬਰਨਾਲਾ ਵਿਖੇ ਮੋਹਰੀ ਰਹੇ ਪ੍ਰਤੀਯੋਗੀਆਂ ਅਤੇ ਉਹਨਾਂ ਦੇ ਮਾਪਿਆਂ ਨੂੰ ਸਨਮਾਨਿਤ ਕੀਤਾ ਜਾਏਗਾ।

ਅੱਜ ਜਦੋਂ ਪੁਸਤਕਾਂ, ਅਖ਼ਬਾਰਾਂ ਪੜ੍ਹਨ ਦੇ ਸੁੰਗੜਦੇ ਰੁਝਾਨ ਦੇ ਕਾਰਨਾਂ ਨੂੰ ਸਮਝਣ, ਵਿਚਾਰਨ ਅਤੇ ਨਵੇਂ ਉੱਦਮ ਜੁਟਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ ਤਾਂ ਉਸ ਵੇਲੇ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਨਵੀਂ ਚੇਤਨਾ ਦੇ ਚਿਰਾਗ ਬਾਲਣ ਦਾ ਬੇਨਜ਼ੀਰ ਕੰਮ ਕੀਤਾ ਹੈ।

ਉਮੀਦ ਕੀਤੀ ਜਾਂਦੀ ਹੈ ਕਿ ਹੋਰ ਸੰਸਥਾਵਾਂ ਵੀ ਇਸ ਤੋਂ ਪ੍ਰੇਰਨਾ ਲੈ ਕੇ ਸੁਸਾਇਟੀ ਦੇ ਅਜਿਹੇ ਉਪਰਾਲੇ ਨੂੰ ਉਤਸ਼ਾਹਿਤ ਕਰਨ ਅਤੇ ਆਪਣੀਆਂ ਸੰਸਥਾਵਾਂ, ਕੰਮ ਖੇਤਰਾਂ ਵਿੱਚ ਲਾਇਬ੍ਰੇਰੀ ਅਤੇ ਰੰਗਮੰਚ ਦਾ ਉਤਸ਼ਾਹ ਜਗਾਉਣ, ਮਘਾਉਣ ਦੇ ਆਪਣੇ ਵਿਤ ਅਤੇ ਹਾਲਾਤ ਮੁਤਾਬਕ ਸਾਰਥਿਕ ਯਤਨ ਜੁਟਾਉਣ ਲਈ ਵਿਚਾਰਾਂ ਕਰਨਗੀਆਂ।

**(ਫੇਸ ਬੁੱਕ ਕਾਪੀ : ਅਮੋਲਕ ਸਿੰਘ)**





ਛੇਵੀਂ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਦੀ ਝਲਕ

If undelivered please return to :
Tarksheel
Tarksheel Bhawan, Tarksheel Chowk,
Sanghera ByPass, BARNALA-148101
Post Box No. 55
Cell. 98769 53561, 98728 74620
Web : www.tarksheel.org
e-mail : tarkshiloffice@gmail.com

BOOK POST
(Printed Matter)

To ....................................................

....................................................

....................................................